BUYING/SELLING In Michigan
Homes, Gas Stations, Liquor Stores, Plazas, Hotels
All Types of Loans
Residential & Commercial
RAJ S. SHERGILL Associate Broker
Land Mark Realty
41637 Ford Road, Suite A, Canton, MI 48187
Cell 734-751-4455, rajsshergill@yahoo.com



Truck Insurance Specialist
• Preferred Carriers (A++)
• Bobtail Insurance
• Cargo and Primary Liability
TRI COUNTY INSURANCE
734 655 9090

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268, 732-983-4332/4333



USPS - PP 1
Sixteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 44, October 31, 2015
20451 N Plum Grove Rd., Palatine, IL 60074
Ph:847-359-0746, Fax:847-705-9388

## ਬਾਦਲਾਂ ਦਾ ਬਦਲ ਉਸਾਰਨ ਲਈ ਚਾਰਾਜੋਈ

### ਪੰਥਕ ਏਕੇ ਲਈ ਸਿਰ ਜੋੜਨ ਦੇ ਯਤਨ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸਮੁੱਚੇ ਘਟਨਾਕ੍ਰਮ ਉਤੇ ਪੰਥਕ ਧਿਰਾਂ ਦੇ ਏਕੇ ਨੇ ਪੰਜਾਬ ਵਿਚ ਵੱਡੇ ਸਿਆਸੀ ਫੇਰਬਦਲ ਦੇ ਸੰਕੇਤ ਦਿੱਤੇ ਹਨ। ਸੰਘਰਸ਼ ਦੌਰਾਨ ਪੁਲਿਸ ਫਾਇਰਿੰਗ ਵਿਚ ਮਾਰੇ ਗਏ ਦੋ ਸਿੱਖ ਨੌਜਵਾਨਾਂ ਨੂੰ ਸ਼ਰਧਾਂਜਲੀ ਲਈ ਬਰਗਾੜੀ ਵਿਖੇ ਹੋਏ ਪੰਥਕ ਇਕੱਠ ਵਿਚ ਸਿੱਖ ਜਥੇਬੰਦੀਆਂ ਵੱਲੋਂ ਐਲਾਨਿਆ ਪ੍ਰੋਗਰਾਮ ਸਿਰਫ ਧਾਰਮਿਕ ਪੱਧਰ ਉਤੇ ਨਹੀਂ, ਬਲਕਿ ਬਦਲਵੀਂ ਸਿਆਸੀ ਪਹੁੰਚ ਅਪਨਾਉਣ ਵੱਲ ਵੀ ਇਸ਼ਾਰਾ ਕਰਦਾ ਹੈ। ਪੰਥਕ ਧਿਰਾਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ, ਸ਼੍ਰੋਮਣੀ ਕਮੇਟੀ ਚੋਣਾਂ ਮੁੜ ਕਰਵਾਉਣ ਤੇ ਕਿਸਾਨ ਸੰਘਰਸ਼ ਦੀ ਹਮਾਇਤ ਬਾਰੇ ਪਾਸ ਕੀਤੇ ਮਤੇ ਇਸ ਦਿਸ਼ਾ ਵੱਲ ਹੀ ਸੇਧਿਤ ਹਨ।

ਦਰਅਸਲ, ਪੰਥਕ ਜਥੇਬੰਦੀਆਂ ਦੇ ਇਹ ਮਤੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਤੇ ਸੰਘਰਸ਼ ਨੂੰ ਮਿਲੀ ਸਫਲਤਾ ਦਾ ਸਿੱਟਾ ਹਨ। ਇਹ ਪਹਿਲੀ ਵਾਰ ਹੈ ਕਿ ਸੰਗਤ ਦੇ ਏਕੇ ਤੇ ਰੋਹ ਕਾਰਨ ਹਾਕਮ ਧਿਰ ਨੂੰ ਵਾਰ ਵਾਰ ਆਪਣਿਆਂ ਫੈਸਲਿਆਂ ਤੋਂ ਪਿੱਛੇ ਹਟਣਾ ਪੈ ਰਿਹਾ ਹੈ। ਡੇਰਾ ਸਿਰਸਾ ਮੁਖੀ ਨੂੰ ਮੁਆਫੀ ਬਾਰੇ ਫੈਸਲਾ ਬਦਲਣਾ, ਪੰਜ ਪਿਆਰਿਆਂ ਦੀ ਮੁਅੱਤਲੀ ਤੇ ਫਿਰ ਬਹਾਲੀ,

(ਬਾਕੀ ਸਫਾ 6 'ਤੇ)



ਬਾਦਲਾਂ ਖਿਲਾਫ ਵਿਖਾਵਿਆਂ ਦੀ ਇਕ ਝਲਕ।

### ਸੱਤਾਧਾਰੀ ਅਕਾਲੀ ਦਲ ਵੱਲੋਂ ਵੀ ਅਕਸ ਸੁਧਾਰ ਮੁਹਿੰਮ

**ਚੰਡੀਗੜ੍ਹ:** ਸਰਕਾਰ ਖਿਲਾਫ ਲੋਕ ਰੋਹ ਨੂੰ ਸ਼ਾਂਤ ਕਰਨ ਲਈ ਅਕਾਲੀ ਦਲ ਬਾਦਲ ਨੇ ਵੀ ਰਣਨੀਤੀ ਘੜ ਲਈ ਹੈ। ਲੋਕਾਂ ਵਿਚ ਮੁੜ ਭੱਲ ਬਣਾਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜ਼ਿਲ੍ਹਾਵਾਰ ਵਿਧਾਇਕਾਂ ਤੇ ਹਲਕਾ ਇੰਚਾਰਜਾਂ ਦੀਆਂ ਮੀਟਿੰਗਾਂ ਬੁਲਾਉਣ ਦਾ ਫੈਸਲਾ ਕੀਤਾ ਹੈ। ਸੂਬੇ ਦੇ ਸੌ ਵਿਧਾਨ ਸਭਾ ਹਲਕਿਆਂ ਵਿਚ ਦਿਹਾਤੀ ਬੁਨਿਆਦੀ ਢਾਂਚੇ ਉੱਤੇ 25-25 ਕਰੋੜ ਰੁਪਏ ਖਰਚਣ ਦੀ ਯੋਜਨਾ ਹੈ। ਅਕਾਲੀ ਆਗੂ ਮਹਿਸੂਸ ਕਰ ਰਹੇ ਹਨ ਕਿ ਪਾਰਟੀ ਦੇ ਅਹੁਦੇਦਾਰਾਂ ਤੇ ਹੋਰ ਆਗੂਆਂ ਦਾ ਮਨੋਬਲ ਟੁੱਟ ਚੁੱਕਾ ਹੈ ਤੇ ਉਹ ਆਪਣੇ ਹਲਕਿਆਂ ਵਿਚ ਜਾਣੋਂ ਵੀ ਘਬਰਾ ਰਹੇ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਆਗੂਆਂ ਨੂੰ ਪਿੰਡ ਪਿੰਡ ਅਖੰਡ ਪਾਠ ਕਰਵਾਉਣ ਦਾ ਹੁਕਮ ਦਿੱਤਾ ਸੀ, ਪਰ ਇਸ ਨੂੰ ਬਹੁਤ ਘੱਟ ਥਾਵਾਂ ਉੱਤੇ ਹੁੰਗਾਰਾ ਮਿਲਿਆ ਹੈ। ਸੁਖਬੀਰ ਬਾਦਲ ਨੂੰ ਵੀ ਮਾਨਸਾ ਨੇੜੇ ਇਕ ਗੁਰਦੁਆਰੇ ਵਿਚ ਜਾਣ ਸਮੇਂ ਵਿਰੋਧ ਝੱਲਣਾ ਪਿਆ ਸੀ। ਯਾਦ ਰਹੇ ਕਿ ਸੰਗਤ ਦੇ ਰੋਸ ਕਾਰਨ ਬਾਦਲ ਪਰਿਵਾਰ ਤਕਰੀਬਨ ਪੌਣੇ ਮਹੀਨੇ ਤੋਂ ਆਪਣੇ ਹਲਕੇ ਤੋਂ ਵੀ ਗਾਇਬ ਹੈ।

## ਭਗਵੰਤ ਮਾਨ ਦੀ 'ਗੁਸਤਾਖੀ' ਤੋਂ 'ਆਪ' ਨੂੰ ਪਿਆ ਘੇਰਾ




**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਮਾਨ ਵੱਲੋਂ ਬਰਗਾੜੀ ਸਮਾਗਮ ਵਿਚ ਸ਼ਰਾਬ ਪੀ ਕੇ ਆਉਣ ਦੇ ਦੋਸ਼ਾਂ ਤੋਂ ਵਿਵਾਦ ਖੜ੍ਹਾ ਹੋ ਗਿਆ ਹੈ। ਸ. ਮਾਨ ਨੇ ਭਾਵੇਂ ਇਨ੍ਹਾਂ ਦੋਸ਼ਾਂ ਨੂੰ ਨਕਾਰ ਦਿੱਤਾ ਹੈ, ਪਰ ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਵੀਡੀਓ, ਉਨ੍ਹਾਂ ਦੇ ਇਸ ਦਾਅਵੇ ਨੂੰ ਝੁਠਲਾ ਰਹੀ ਹੈ। ਵੀਡੀਓ ਵਿਚ ਨਜ਼ਰ ਆ ਰਿਹਾ ਹੈ ਕਿ ਸ਼ਰਾਬ ਪੀਤੀ ਹੋਣ ਬਾਰੇ ਰੌਲਾ ਪੈਣ ਪਿੱਛੋਂ ਉਹ ਚੁੱਪ-ਚਾਪ ਸਮਾਗਮ ਵਿਚੋਂ ਖਿਸਕ ਰਹੇ ਹਨ। ਇਸ ਵੀਡੀਓ ਵਿਚ ਕੁਝ ਸਿੱਖ ਨੌਜਵਾਨ ਭਗਵੰਤ ਮਾਨ ਨੂੰ ਬੁਰਾ-ਭਲਾ ਕਹਿ ਕੇ ਪਿੱਛੋਂ ਆਵਾਜ਼ਾਂ ਮਾਰ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਨੇ ਇਸ ਮੁੱਦੇ ਉਤੇ 'ਆਪ' ਨੂੰ ਘੇਰ ਲਿਆ ਹੈ। ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਭਗਵੰਤ ਮਾਨ ਨੇ ਧਾਰਮਿਕ ਸਮਾਗਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਹ ਹਰਕਤ ਕਰ ਕੇ ਨਾ ਸਿਰਫ ਆਪਣੀ ਪਾਰਟੀ ਨੂੰ ਬਦਨਾਮ ਕੀਤਾ ਹੈ ਬਲਕਿ ਸਿੱਖਾਂ ਦੀ ਅਣਖ ਨੂੰ ਵੀ ਚੁਣੌਤੀ ਦਿੱਤੀ ਹੈ। ਪੰਜਾਬ ਬਾਰੇ 'ਆਪ' ਦੇ ਇੰਚਾਰਜ ਸੰਜੇ ਸਿੰਘ ਤੇ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਨੇ ਵੀ ਇਸ ਦਾ ਗੰਭੀਰ ਨੋਟਿਸ ਲਿਆ ਹੈ। ਦੱਸਣਯੋਗ ਹੈ ਕਿ ਭਗਵੰਤ ਮਾਨ ਅਕਸਰ ਸਟੇਜਾਂ 'ਤੇ ਨਸ਼ਿਆਂ ਖਿਲਾਫ ਬੋਲਦੇ ਹੋਏ ਹਾਕਮ ਧਿਰ ਅਕਾਲੀ ਦਲ ਨੂੰ ਰਗੜੇ ਲਾਉਂਦੇ ਹਨ।

ਸਵਰਾਜ ਮੁਹਿੰਮ ਦੇ ਆਗੂ ਪ੍ਰਸ਼ਾਂਤ ਭੂਸ਼ਨ ਤੇ ਜੋਗਿੰਦਰ ਯਾਦਵ ਨੇ ਵੀ ਭਗਵੰਤ ਮਾਨ ਖਿਲਾਫ ਮੋਰਚਾ ਖੋਲ੍ਹਦੇ ਹੋਏ ਕਿਹਾ ਹੈ ਕਿ ਇਕ ਪਾਸੇ 'ਆਪ' ਵਾਲੇ ਸਿਆਸੀ ਮੁਫਾਦ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਬਿਆਨ ਦੇ ਰਹੇ ਹਨ ਤੇ ਦੂਜੇ ਪਾਸੇ ਉਸ ਦਾ 'ਸ਼ਰਾਬੀ ਸਟਾਰ' ਪੰਥਕ ਭਾਵਨਾਵਾਂ ਦਾ ਨਿਰਾਦਰ ਕਰਦਾ ਮਿਲਿਆ ਹੈ। ਪ੍ਰਸ਼ਾਂਤ ਭੂਸ਼ਨ ਨੇ ਕਿਹਾ ਹੈ ਕਿ ਭਗਵੰਤ ਮਾਨ ਦੇ ਟੱਲੀ ਰਹਿਣ ਬਾਰੇ 'ਆਪ' ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਚੰਗੀ ਤਰ੍ਹਾਂ ਜਾਣੂ ਹੈ। ਉਹ 'ਪੈੱਗ' ਲਾ ਕੇ ਸੈਸ਼ਨ ਦੇ ਦਿਨਾਂ ਵਿਚ ਪਾਰਲੀਮੈਂਟ ਹਾਊਸ ਵਿਚ ਵੀ ਆ ਜਾਂਦੇ ਰਹੇ ਹਨ। ਦੱਸਣਯੋਗ ਹੈ ਕਿ ਭਗਵੰਤ ਮਾਨ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਖਾਸਮਖਾਸ ਹਨ। ਪਿਛਲੇ ਕਾਫੀ ਸਮੇਂ ਤੋਂ ਉਹ ਵਿਵਾਦਾਂ ਵਿਚ ਹਨ। ਡਾ. ਧਰਮਵੀਰ ਗਾਂਧੀ ਤੇ ਭਗਵੰਤ ਮਾਨ ਦਰਮਿਆਨ ਫੋਨ ਵਾਰਤਾ ਦੀ ਆਡੀਓ ਸੀ.ਡੀ. ਨਸ਼ਰ ਹੋਣ 'ਤੇ ਵੀ ਉਨ੍ਹਾਂ ਦੀ ਪਾਰਟੀ ਬਾਰੇ ਵਫਾਦਾਰੀ 'ਤੇ ਸਵਾਲ ਉੱਠੇ ਸਨ। ਸੀਨੀਅਰ ਆਗੂ ਐਚ.ਐਸ. ਫੂਲਕਾ ਵੱਲੋਂ

(ਬਾਕੀ ਸਫਾ 6 'ਤੇ)

Dhade & Associates, PC
Immigration Lawyers
WE FIGHT FOR YOUR RIGHTS!
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ
Ph:248-254-3441
Fax:(248) 254-3443 www.eagle.pro, Email: info@eagle.pro
Herman Singh Dhade
Immigration Lawyer
7071 Orchard Lake Rd, Suite 320, W. Bloomfield, MI 48322



Estb. 1975
World Wide Travel
www.fly2world.com
ਸਸਤੇ ਟਿਕਟ ਬਿਹਤਰ ਸੇਵਾ
DETROIT 734 838 9998
TOLL FREE 866 66 INDIA
CHICAGO 312 224 8800

**Personalized Service-Committed To Quality**

**Purchase and Refinance Your Home Loans.**



Pre approval in one day, no cost, no obligation.

Conventional, ARM, Jumbo, FHA, VA, USDA & HARP Loan Programs

ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ

AMRIK P. SINGH
Mortgage Loan Originator
NMLS # 232904

C&R MORTGAGE CORP.
NMLS # 227317

7788 N. Milwaukee Ave.
Niles, IL 60714
Ph: 847-966-6700
Fax: 847-966-6723

EQUAL HOUSING LENDER
Illinois Residential Mortgage Licensee.

**Cell 312-608-0006**

Email: asingh@candrmortgage.com
Website: www.candrmortgage.com



P.T. **ਪਲੈਜ਼ੈਂਟ ਟਰੈਵਲ ਐਂਡ ਟੂਰਜ਼**

*Serving Community For Over 25 Years*

**Fly to Any Destination with the Best Price**

ਘੱਟ ਤੋਂ ਘੱਟ ਰੇਟ 'ਤੇ ਹਵਾਈ ਟਿਕਟਾਂ

Contact Us: Pleasant Travel & Tours
6257 N. Clark Street, Chicago, IL 60660

**Shashi Paul, Ph: 773-508-1927**


Pleasanttravel@hotmail.com www.pleasanttravelchicago.com

AIR INDIA | TURKISH AIRLINES | ETIHAD AIRWAYS | QATAR AIRWAYS | Emirates



**Sistar Mortgage**

Minimizing Cost, Maximizing Investment
www.SistarMortgage.com




**Balbir (Bill) Grewal,** Loan Officer
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com
*Refinance up to 125% value of the house.*

*Loans Available In Most States!*

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only





*Madan Khatri*

BERKSHIRE HATHAWAY HOMESERVICES BH HS

**HAPPY DEEPAVALI !!!**

**Want to Buy/Sell Homes, THs, Condos!**

Call Madan Khatri

**847-530-1550**

www.PropertyZoo.com

Top Producer at the office in 2011-2013-2014
*****A Broker who can work with you from Beginning to End, Call Now!!!*****

**BHHS American Heritage**

1010 Rohwing Road, Elk Grove Village, IL



GILL EXPRESS



**229.99**
Out the Door
LP22.5 CASH ONLY

Mobil Delvac | ROTELLA T | Delo

**REPAIR TIRE & WASH**



INDIANA LOCATIONS


• HWY 70, EXIT 123 SPICELAND IN
OFFER GOOD AT THIS LOCATION ONLY

ਮਕੈਨਕ ਸ਼ਾਪ ਵਿੱਚ ਹਰ ਤਰਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Davinder **Call : 765-717-7750**

# ਸਿਰਫ ਸੁਰਖੀਆਂ ਬਟੋਰਨ 'ਚ ਮਸਰੂਫ਼ ਹੈ ਮੋਦੀ ਸਰਕਾਰ: ਅਰੁਣ ਸ਼ੋਰੀ

ਨਵੀਂ ਦਿੱਲੀ: ਭਾਜਪਾ ਨੇਤਾ ਅਰੁਣ ਸ਼ੋਰੀ ਨੇ ਮੋਦੀ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਕੇਂਦਰ ਸਿਰਫ ਅਰਥਚਾਰੇ ਨਾਲ



ਅਰੁਣ ਸ਼ੋਰੀ

ਸਬੰਧਿਤ ਸੁਰਖੀਆਂ ਸੰਭਾਲਣ 'ਚ ਹੀ ਮਸਰੂਫ ਹੈ। ਉਨ੍ਹਾਂ ਪ੍ਰਧਾਨ ਮੰਤਰੀ ਦਫਤਰ (ਪੀ.ਐਮ.ਓ.)ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਅਜਿਹਾ ਕਮਜ਼ੋਰ ਪੀ.ਐਮ.ਓ. ਉਨ੍ਹਾਂ ਅੱਜ ਤੱਕ ਨਹੀਂ ਵੇਖਿਆ।

ਸ੍ਰੀ ਸ਼ੋਰੀ ਨੇ ਇਹ ਟਿੱਪਣੀਆਂ ਦਿੱਲੀ 'ਚ ਇਕ ਕਿਤਾਬ ਰਿਲੀਜ਼ ਕਰਨ ਮੌਕੇ ਹੋਈ ਵਿਚਾਰ-ਚਰਚਾ ਦੌਰਾਨ ਕੀਤੀਆਂ। ਉਨ੍ਹਾਂ ਨਾ ਸਿਰਫ ਮੋਦੀ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕਰਦਿਆਂ ਉਸ 'ਤੇ ਇਲਜ਼ਾਮਾਂ ਦੀ ਝੜੀ ਲਾਈ, ਸਗੋਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਲੋਕ ਹੁਣ ਡਾ. ਮਨਮੋਹਨ ਸਿੰਘ ਨੂੰ ਯਾਦ ਕਰਨ ਲੱਗ ਪਏ ਹਨ ਅਤੇ ਉਹ ਇਹ ਵੀ ਕਹਿੰਦੇ ਹਨ ਕਿ ਡਾ. ਮਨਮੋਹਨ ਸਿੰਘ ਘੱਟੋ-ਘੱਟ ਸਿਆਣੇ ਤਾਂ ਸਨ। ਸ੍ਰੀ ਸ਼ੋਰੀ ਦੀ ਇਸ ਟਿੱਪਣੀ ਵੇਲੇ ਡਾ. ਮਨਮੋਹਨ ਸਿੰਘ ਵੀ ਸਮਾਗਮ ਵਿਚ ਮੌਜੂਦ ਸਨ। ਭਾਜਪਾ ਨੇਤਾ ਨੇ ਮੋਦੀ ਸਰਕਾਰ ਦੀਆਂ ਨੀਤੀਆਂ ਦੀ ਤੁਲਨਾਤਮਿਕ ਸਮੀਖਿਆ ਕਰਦਿਆਂ ਇਸ ਨੂੰ ਕਾਂਗਰਸ ਦੀਆਂ ਨੀਤੀਆਂ ਵਰਗੀਆਂ ਹੀ ਦੱਸਦਿਆਂ ਕਿਹਾ ਕਿ ਬਸ ਹੁਣ ਇਸ 'ਚ ਗਾਂ ਵੀ ਸ਼ਾਮਿਲ ਹੋ ਗਈ ਹੈ। ਉਨ੍ਹਾਂ ਇਸ ਟਿੱਪਣੀ ਨਾਲ ਦਾਦਰੀ 'ਚ ਗਾਂ ਮਾਸਣ ਦੀ ਅਫਵਾਹ ਕਾਰਨ ਮਾਰੇ ਗਏ ਮੁਹੰਮਦ ਅਖਲਾਕ ਦੀ ਮੌਤ ਦਾ ਅਸਿੱਧੇ ਤੌਰ 'ਤੇ ਜ਼ਿਕਰ ਕੀਤਾ।

ਸ੍ਰੀ ਅਰੁਣ ਸ਼ੋਰੀ ਦੀਆਂ ਬਗਾਵਤੀ ਸੁਰਾਂ ਤੋਂ ਬਾਅਦ ਸਿਆਸੀ ਹਲਕਿਆਂ 'ਚ ਪ੍ਰਤੀਕਰਮ ਤੇਜ਼ ਹੋ ਗਿਆ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਵੈਂਕਈਆ ਨਾਇਡੂ ਨੇ ਸੈ ਸ਼ੋਰੀ ਦੇ ਇਲਜ਼ਾਮਾਂ ਨੂੰ ਨਕਾਰਦਿਆਂ ਕਿਹਾ ਕਿ ਮੋਦੀ ਸਰਕਾਰ ਹੁਣ ਤੱਕ ਦੀ ਸਭ ਤੋਂ ਮਜ਼ਬੂਤ ਸਰਕਾਰ ਹੈ। ਦੂਜੇ ਪਾਸੇ ਕਾਂਗਰਸ ਨੇ ਸ਼ੋਰੀ ਦੇ ਬਿਆਨ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਕਿਹਾ ਕਿ ਅੱਜ ਲੋਕ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਯਾਦ ਕਰ ਰਹੇ ਹਨ।

# ਹਰਿਮੰਦਰ ਸਾਹਿਬ ਸਾਹਮਣੇ ਨ੍ਰਿਤ ਦ੍ਰਿਸ਼ ਫਿਲਮਾਉਣ ਦਾ ਨੋਟਿਸ ਲਿਆ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਦੇ ਬਾਹਰ ਬਣੇ ਪਲਾਜ਼ਾ ਵਿਚ ਫਿਲਮ ਦੀ ਸ਼ੂਟਿੰਗ ਦੌਰਾਨ ਨ੍ਰਿਤ ਦੇ ਦ੍ਰਿਸ਼ ਫਿਲਮਾਉਣ ਦਾ ਸ਼੍ਰੋਮਣੀ ਕਮੇਟੀ ਨੇ ਗੰਭੀਰ ਨੋਟਿਸ ਲਿਆ ਹੈ ਅਤੇ ਫਿਲਮ ਪ੍ਰਬੰਧਕਾਂ ਨੂੰ ਇਹ ਦ੍ਰਿਸ਼ ਹਟਾਉਣ ਦੀ ਹਦਾਇਤ ਕੀਤੀ ਹੈ।

ਫਿਲਮ 'ਅੰਬਰਸਰੀਆ' ਦੀ ਸ਼ੂਟਿੰਗ ਦੇ ਕੁਝ ਦ੍ਰਿਸ਼ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਬਣ ਰਹੇ ਜ਼ਮੀਨਦੋਜ਼ ਪਲਾਜ਼ਾ ਉਪਰ ਫਿਲਮਾਏ ਗਏ ਸਨ। ਇਸ ਫਿਲਮ ਵਿਚ ਦਲਜੀਤ ਦੁਸਾਂਝ, ਲਾਰੇਨ, ਮੋਨਿਕਾ ਬੇਦੀ, ਗੁਲ ਪਨਾਗ, ਗੁਰਪ੍ਰੀਤ ਘੁੱਗੀ ਤੇ ਹੋਰ ਅਦਾਕਾਰ ਕੰਮ ਕਰ ਰਹੇ ਹਨ। ਫਿਲਮ ਦੀ ਸ਼ੂਟਿੰਗ ਦੌਰਾਨ ਘੰਟਾ ਘਰ ਵਾਲੇ ਪਾਸੇ ਪਲਾਜ਼ਾ ਵਿਚ ਗੀਤ ਦਾ ਦ੍ਰਿਸ਼ ਫਿਲਮਾਇਆ ਗਿਆ ਜਿਸ ਵਿਚ ਅਦਾਕਾਰਾ ਲਾਰੇਨ ਨ੍ਰਿਤ ਕਰ ਰਹੀ ਹੈ ਅਤੇ ਇਸ ਦੇ ਪਿੱਛੇ ਸ੍ਰੀ ਹਰਿਮੰਦਰ ਸਾਹਿਬ ਦਿਖਾਈ ਦਿੰਦਾ ਹੈ। ਇਸ ਫਿਲਮ ਦੀ ਸ਼ੂਟਿੰਗ ਸਮੇਂ ਸ਼੍ਰੋਮਣੀ ਕਮੇਟੀ ਕੋਲੋਂ ਕੋਈ ਅਗਾਊਂ ਪ੍ਰਵਾਨਗੀ ਨਹੀਂ ਲਈ ਗਈ ਜਿਸ ਕਾਰਨ ਸ਼੍ਰੋਮਣੀ ਕਮੇਟੀ ਨੂੰ ਫਿਲਮ ਦੀ ਸ਼ੂਟਿੰਗ ਬਾਰੇ ਕੋਈ ਜਾਣਕਾਰੀ ਨਹੀਂ ਸੀ, ਪਰ ਇਸ ਦੌਰਾਨ ਸ਼ੂਟਿੰਗ ਸਮੇਂ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਜਾਂ ਪ੍ਰਬੰਧਕਾਂ ਵੱਲੋਂ ਇਸ ਨੂੰ ਰੋਕਣ ਦਾ ਯਤਨ ਵੀ ਨਹੀਂ ਕੀਤਾ ਗਿਆ। ਮਗਰੋਂ ਜਦੋਂ ਇਸ ਸਬੰਧੀ ਫੋਟੋਆਂ ਤੇ ਵੇਰਵੇ ਸੋਸ਼ਲ ਸਾਈਟਾਂ 'ਤੇ ਜਨਤਕ ਹੋਏ ਤਾਂ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਪਤਾ ਲੱਗਾ ਜਿਸ ਤੋਂ ਬਾਅਦ ਅਗਲੀ ਕਾਰਵਾਈ ਸ਼ੁਰੂ ਹੋਈ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਇਸ ਫਿਲਮ ਦੀ ਸ਼ੂਟਿੰਗ ਦੀ ਪ੍ਰਵਾਨਗੀ ਪੁਲਿਸ ਪ੍ਰਸ਼ਾਸਨ ਕੋਲੋਂ ਲਈ ਗਈ ਸੀ। ਇਸ ਸਬੰਧ ਵਿਚ ਅੱਜ ਸ਼੍ਰੋਮਣੀ ਕਮੇਟੀ ਵਲੋਂ ਡਿਪਟੀ ਕਮਿਸ਼ਨਰ ਕੋਲ ਸ਼ਿਕਾਇਤ ਕੀਤੀ ਗਈ ਸੀ ਜਿਨ੍ਹਾਂ ਨੇ ਮਗਰੋਂ ਜਾਣਕਾਰੀ ਦਿੱਤੀ ਕਿ ਫਿਲਮ ਦੀ ਸ਼ੂਟਿੰਗ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਹੀਂ, ਸਗੋਂ ਪੁਲਿਸ ਪ੍ਰਸ਼ਾਸਨ ਵਲੋਂ ਪ੍ਰਵਾਨਗੀ ਦਿੱਤੀ ਗਈ ਸੀ।

## ਸ਼ਰੀਫ਼ ਨੂੰ ਅੰਗਰੇਜ਼ੀ ਵਿਚ ਭਾਸ਼ਣ ਦੇਣਾ ਪਿਆ ਮਹਿੰਗਾ

**ਇਸਲਾਮਾਬਾਦ:** ਸੰਯੁਕਤ ਰਾਸ਼ਟਰ ਜਨਰਲ ਅਸੰਬਲੀ ਦੇ 70ਵੇਂ ਇਜਲਾਸ ਨੂੰ ਅੰਗਰੇਜ਼ੀ ਵਿਚ ਸੰਬੋਧਨ ਕਰਨ ਦੇ ਮਾਮਲੇ ਵਿਚ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਵਿਰੁੱਧ ਸੁਪਰੀਮ ਕੋਰਟ ਵਿਚ ਹੱਤਕ ਪਟੀਸ਼ਨ ਦਾਇਰ ਕੀਤੀ ਹੈ।

ਮੀਆਂ ਜ਼ਾਹੀਦ ਘਨੀ ਨੇ ਪਟੀਸ਼ਨ ਵਿਚ ਦਲੀਲ ਦਿੱਤੀ ਹੈ ਕਿ ਪ੍ਰਧਾਨ ਮੰਤਰੀ ਨੇ ਸੁਪਰੀਮ ਕੋਰਟ ਦੇ ਅੱਠ ਸਤੰਬਰ ਦੇ ਉਸ ਫੈਸਲੇ ਦਾ ਨਿਰਾਦਰ ਕੀਤਾ ਹੈ ਜਿਸ ਵਿਚ ਸੰਘੀ ਤੇ ਰਾਜ ਸਰਕਾਰਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਬਿਨਾਂ ਦੇਰੀ ਸਰਕਾਰੀ ਤੇ ਹੋਰ ਮੰਤਵਾਂ ਲਈ ਉਰਦੂ ਦੀ ਵਰਤੋਂ ਕਰਨ।

# ਭੂਚਾਲ ਨਾਲ ਹਿੱਲੇ ਪਾਕਿਸਤਾਨ ਅਤੇ ਅਫਗਾਨਿਸਤਾਨ

ਇਸਲਾਮਾਬਾਦ/ਕਾਬੁਲ: ਪਾਕਿਸਤਾਨ ਤੇ ਅਫ਼ਗ਼ਾਨਿਸਤਾਨ ਵਿਚ ਭੂਚਾਲ ਕਾਰਨ 300 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ ਤੇ ਇਨ੍ਹਾਂ ਵਿਚੋਂ ਇਕੱਲੇ ਪਾਕਿਸਤਾਨ ਵਿਚ 250 ਵਿਅਕਤੀਆਂ ਦੀ ਮੌਤ ਹੋਈ ਹੈ ਜਦ ਕਿ 1600 ਤੋਂ ਵੱਧ ਫੱਟੜ ਹਨ।

ਅਫ਼ਗ਼ਾਨਿਸਤਾਨ ਵਿਚ ਮਰਨ ਵਾਲਿਆਂ ਦੀ ਗਿਣਤੀ 90 ਦੇ ਕਰੀਬ ਹੈ ਤੇ ਫੱਟੜ 300 ਹਨ। ਪਾਕਿਸਤਾਨ ਦੇ ਖ਼ੈਬਰ ਪਖਤੂਨਖਵਾ ਸੂਬੇ ਤੇ ਦੂਜੇ ਪ੍ਰਭਾਵਿਤ ਇਲਾਕਿਆਂ ਵਿਚ ਰਾਹਤ ਪਹੁੰਚਾਉਣ ਵਿਚ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ।

ਪਾਕਿਸਤਾਨ ਦੇ ਮੀਡੀਆ ਮੁਤਾਬਕ ਦਸ ਸਾਲਾਂ ਵਿਚ ਆਏ ਸਭ ਤੋਂ ਤਾਕਤਵਰ ਭੂਚਾਲ ਨਾਲ ਮਰਨ ਵਾਲੇ ਲੋਕਾਂ ਦੀ ਗਿਣਤੀ 250 ਹੋ ਗਈ ਹੈ। ਖ਼ੈਬਰ ਪਖਤੂਨਖਵਾ ਤੇ ਫਾਟਾ ਭੂਚਾਲ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਮਰਨ ਵਾਲਿਆਂ ਵਿਚ ਔਰਤਾਂ ਤੇ ਬੱਚੇ ਸ਼ਾਮਲ ਹਨ।

ਇਸ ਦੌਰਾਨ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਅਮਰੀਕਾ ਤੋਂ ਪਰਤ ਆਏ ਹਨ ਤੇ ਰਾਹਤ ਕਾਰਜਾਂ ਦਾ ਜਾਇਜ਼ਾ ਲੈ ਰਹੇ ਹਨ। ਦੇਸ਼ ਵਿਚ ਫੌਜ ਵੱਲੋਂ ਬਚਾਅ ਤੇ ਰਾਹਤ ਕਾਰਜਾਂ ਵਿਚ ਮਦਦ ਦਿੱਤੀ ਜਾ ਰਹੀ ਹੈ। ਇਸੇ ਦੌਰਾਨ ਸੰਯੁਕਤ ਰਾਸ਼ਟਰ ਅਤੇ ਅਮਰੀਕਾ ਨੇ ਦੋਹਾਂ ਮੁਲਕਾਂ ਨੂੰ ਮਦਦ ਦੀ ਪੇਸ਼ਕਸ਼ ਕੀਤੀ ਹੈ।


Prestige Insurance Agency
5820 N Canton Center Rd, Suite#115, Canton, MI 48187
We do Property and Casualty Insurance, Both Commercial and personal lines.
ਪ੍ਰਾਪਰਟੀ ਦੀ ਇੰਸ਼ੋਰੈਂਸ ਹੋਵੇ ਜਾਂ ਫਿਰ ਗੱਡੀਆਂ ਦੀ, ਕਮਰਸ਼ੀਅਲ ਅਤੇ ਪਰਸਨਲ

ਬਿਹਤਰੀਨ ਸੇਵਾ ਲਈ ਮੌਕਾ ਦਿਓ
ਸੰਪਰਕ ਕਰੋ: ਦਵਿੰਦਰ ਸਿੰਘ ਗਰੇਵਾਲ
ਫੋਨ: 734-560-2886

ਕੈਨੇਡਾ ਦੀਆਂ ਅਸਲੀ ਪੰਜਾਬੀ ਸਵਾਦ ਦੀਆਂ ਮਠਿਆਈਆਂ ਹੁਣ ਅਮਰੀਕਾ ਵਿਚ

- We Ship Canadian Sweets All Over USA From Detroit, MI.
- Our Sweets Are Original In Punjabi Taste.
- Over 35 Years In Whole Sale & Retail Business Of Sweets & Grocery.
- Door To Door Delivery By UPS All Over USA.
- Minimum Order $100 Including Delivery Charges.
- Gift Boxes For Wedding, Birthday, Gurdwara Programs And All Occasions.

ਵਧੀਆ ਮਠਿਆਈ ਵਾਜ਼ਬ ਭਾਅ
ਫੋਨ: 313-963-2650
E-mail: asianfoodimports@aol.com
Bhullar Imports Inc.
1927 Rosa Parks Blvd., Detroit, MI 48216
Fax: 313-887-8792 Website: Bhullarimports.com

# ਬੇਅਦਬੀ ਘਟਨਾ: ਆਪਣੇ ਹੀ ਜਾਲ ਵਿਚ ਫਸ ਰਹੀ ਹੈ ਪੁਲਿਸ

**ਫਰੀਦਕੋਟ:** ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡ ਸਬੰਧੀ ਗ੍ਰਿਫਤਾਰ ਕੀਤੇ ਨੌਜਵਾਨਾਂ ਦੇ ਮਾਮਲੇ ਵਿਚ ਪੰਜਾਬ ਪੁਲਿਸ ਆਪ ਹੀ ਘਿਰਦੀ ਜਾ ਰਹੀ ਹੈ। ਗ੍ਰਿਫਤਾਰ ਨੌਜਵਾਨਾਂ ਨੂੰ ਪਿੰਡ ਵਾਸੀਆਂ ਤੋਂ ਇਲਾਵਾ ਪੰਥਕ ਜਥੇਬੰਦੀਆਂ ਦੀ ਹਮਾਇਤ ਕਾਰਨ ਪੁਲਿਸ ਨੂੰ ਜਵਾਬ ਦੇਣਾ ਔਖਾ ਹੋ ਗਿਆ ਹੈ। ਫਰੀਦਕੋਟ ਪੁਲਿਸ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਚੋਰੀ, ਪਿੰਡ ਬਰਗਾੜੀ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਅੰਗ ਮਿਲਣ ਤੇ ਇਸ ਤੋਂ ਪਹਿਲਾਂ ਪਿੰਡ ਵਿਚ ਪੋਸਟਰ ਲੱਗਣ ਦੀ ਘਟਨਾ ਸਬੰਧੀ ਅਣਪਛਾਤੇ ਵਿਅਕਤੀਆਂ ਖਿਲਾਫ ਤਿੰਨ ਪਰਚੇ ਦਰਜ ਕੀਤੇ ਹਨ। ਤਿੰਨ ਆਈ.ਪੀ.ਐੱਸ. ਅਧਿਕਾਰੀਆਂ ਵੱਲੋਂ ਸਾਂਝੇ ਤੌਰ ਉਤੇ ਕੀਤੀ ਗਈ ਪੜਤਾਲ ਤੋਂ ਬਾਅਦ ਦੋ ਸ਼ੱਕੀ ਵਿਅਕਤੀਆਂ ਦੇ ਸਕੈੱਚ ਜਾਰੀ ਕੀਤੇ ਗਏ ਸਨ ਤੇ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਦੋ ਜੂਨ ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਪਾਵਨ ਸਰੂਪ ਚੋਰੀ ਕਰਨ ਵਾਲੇ ਵਿਅਕਤੀਆਂ ਦੇ ਸਕੈੱਚ ਪੂਰੀ ਪੜਤਾਲ ਤੋਂ ਬਾਅਦ ਤਿਆਰ ਕੀਤੇ ਗਏ ਹਨ। ਹੁਣ ਪੁਲਿਸ ਨੇ ਬਰਗਾੜੀ ਕਾਂਡ ਵਿਚ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਤੇ ਉਨ੍ਹਾਂ ਤੋਂ ਕੀਤੀ ਗਈ ਪੁੱਛ ਪੜਤਾਲ ਤੋਂ ਬਾਅਦ ਵੀ ਸਕੈੱਚ ਵਾਲੇ ਵਿਅਕਤੀਆਂ ਦੀ ਸ਼ਨਾਖਤ ਜਾਂ ਭੂਮਿਕਾ ਬਾਰੇ ਪੁਲਿਸ ਦੇ ਹੱਥ ਖਾਲੀ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਕਈ ਹੋਰ ਸੀਨੀਅਰ ਅਕਾਲੀ ਲੀਡਰਾਂ ਦੀ ਹਾਜ਼ਰੀ ਵਿਚ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਫੜੇ ਜਾਣ ਦਾ ਕੀਤਾ ਐਲਾਨ ਤੇ ਇਸ ਮਾਮਲੇ ਦੀ ਜਾਂਚ ਕਰਨ ਵਾਲੇ ਏ.ਡੀ.ਜੀ.ਪੀ. ਇਕਬਾਲਪ੍ਰੀਤ ਸਿੰਘ ਸਹੋਤਾ ਵੱਲੋਂ ਦੋਸ਼ੀਆਂ ਦੇ ਬਾਹਰਲੇ ਦੇਸ਼ਾਂ ਵਿਚ ਵੀ ਸੰਪਰਕ ਦੇ ਕੀਤੇ ਖੁਲਾਸੇ ਸ਼ੱਕ ਦੇ ਘੇਰੇ ਵਿਚ ਆ ਗਏ ਹਨ। ਪੁਲਿਸ ਮੁਖੀ ਸਹੋਤਾ ਦੇ ਇਸ ਦਾਅਵੇ ਉੱਪਰ ਵੀ ਸੁਆਲੀਆ ਚਿੰਨ੍ਹ ਲੱਗ ਰਿਹਾ ਹੈ ਕਿ ਫੜੇ ਗਏ ਕਥਿਤ ਦੋਸ਼ੀ ਸਕੇ ਭਰਾ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਕਈ ਦਿਨ ਤੋਂ ਗਾਇਬ ਸਨ। ਵੱਖ-ਵੱਖ ਸੂਤਰਾਂ ਤੋਂ ਹਾਸਲ ਜਾਣਕਾਰੀ ਅਨੁਸਾਰ ਦਰਸ਼ਨ ਸਿੰਘ ਪੰਜਗਰਾਈਂ ਵਿਖੇ ਕਰਿਆਨੇ ਦੀ ਦੁਕਾਨ ਵਿਚ ਕੰਮ ਕਰਦਾ ਹੈ ਤੇ ਉਸ ਦੇ ਦੋਵੇਂ ਪੁੱਤਰ ਅੰਮ੍ਰਿਤਧਾਰੀ ਹਨ। ਉਕਤ ਹਲਕਿਆਂ ਦਾ ਕਹਿਣਾ ਹੈ ਕਿ ਪੁਲਿਸ ਦੇ ਦਾਅਵੇ ਅਨੁਸਾਰ ਰੁਪਿੰਦਰ ਸਿੰਘ ਨੇ ਛੇ ਮਹੀਨੇ ਪਹਿਲਾਂ ਅੰਮ੍ਰਿਤ ਛਕਿਆ। ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਵਿਰੁੱਧ ਪੁਲਿਸ ਵੱਲੋਂ ਪੇਸ਼ ਕੀਤੇ ਗਏ ਸਬੂਤ ਤੇ ਜਾਰੀ ਕੀਤੀ ਰਿਪੋਰਟ ਪਿੰਡ ਵਾਸੀਆਂ ਦੇ ਗਲੇ ਤੋਂ ਹੇਠਾਂ ਨਹੀਂ ਉੱਤਰ ਰਹੀ। ਇਸ ਪਿੰਡ ਦੀ ਤਿੰਨ ਹਜ਼ਾਰ ਤੋਂ ਉੱਪਰ ਆਬਾਦੀ ਤੇ 2200-2300 ਦੇ ਕਰੀਬ ਵੋਟ ਹੈ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਉਕਤ ਪਰਿਵਾਰ ਤਕਰੀਬਨ ਪਿਛਲੇ ਪੰਜ ਦਹਾਕਿਆਂ ਤੋਂ ਇਸ ਪਿੰਡ ਵਿਚ ਰਹਿ ਰਿਹਾ ਹੈ।

ਪਿਛਲੇ ਸਮੇਂ ਤੋਂ ਇਸ ਪਰਿਵਾਰ ਦਾ ਸਮਾਜ ਵਿਰੋਧੀ ਗਤੀਵਿਧੀਆਂ ਨਾਲ ਕੋਈ ਵਾਹ ਵਾਸਤਾ ਨਹੀਂ, ਸਗੋਂ ਰੁਪਿੰਦਰ ਸਿੰਘ ਸਾਬਕਾ ਸਰਕਲ ਪ੍ਰਧਾਨ (ਬਾਘਾ ਪੁਰਾਣਾ) ਸਿੱਖ ਸਟੂਡੈਂਟ ਫੈੱਡਰੇਸ਼ਨ ਰਿਹਾ ਹੈ। ਜਸਵਿੰਦਰ ਸਿੰਘ ਬਾਰੇ ਪਿੰਡ ਵਾਸੀਆਂ ਦਾ ਕਹਿਣਾ ਹੈ ਉਹ ਬੇਹੱਦ ਸ਼ਰੀਫ ਇਨਸਾਨ ਹੈ, ਜਿਸ ਨੂੰ ਸਿਰਫ ਆਪਣੇ ਕੰਮ ਨਾਲ ਮਤਲਬ ਹੈ। ਉਕਤ ਪਰਿਵਾਰ ਪਿੰਡ ਵਿਚ ਕਰਿਆਨੇ ਦੀ ਦੁਕਾਨ ਤੇ ਪਿੰਡਾਂ ਵਿਚ ਹੋਲਸੇਲ ਦਾ ਕੰਮ ਚਲਾ ਕੇ ਗੁਜ਼ਾਰਾ ਕਰ ਰਿਹਾ ਹ। ਪਿੰਡ ਦੇ ਸਰਪੰਚ ਬਲਦੇਵ ਸਿੰਘ ਦਾ ਕਹਿਣਾ ਹੈ ਕਿ ਉਕਤ ਦੋਵੇਂ ਵਿਅਕਤੀ ਗੁਰਸਿੱਖ ਪਰਿਵਾਰ ਵਿਚੋਂ ਹਨ ਤੇ ਇਨ੍ਹਾਂ ਦਾ ਇਸ ਘਟਨਾ ਨਾਲ ਕੋਈ ਸਬੰਧ ਨਹੀਂ, ਸਗੋਂ ਕਿਸੇ ਸਾਜ਼ਿਸ਼ ਅਧੀਨ ਇਨ੍ਹਾਂ ਨੂੰ ਫਸਾਇਆ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ ਤੋਂ ਲੈ ਕੇ ਰੁਪਿੰਦਰ ਸਿੰਘ ਖਾਲਸਾ ਨੇ ਕੋਟਕਪੂਰੇ ਦੀ ਘਟਨਾਕ੍ਰਮ ਤੱਕ ਹਰੇਕ ਗਤੀਵਿਧੀ ਵਿਚ ਵਧ-ਚੜ੍ਹ ਕੇ ਹਿੱਸਾ ਲਿਆ ਹੈ।

### ਫੜੇ ਨੌਜਵਾਨਾਂ ਦੇ ਹੱਕ ਵਿਚ ਨਿੱਤਰੀਆਂ ਪੰਥਕ ਜਥੇਬੰਦੀਆਂ



### ਵਿਦੇਸ਼ੀ ਹੱਥ ਬਾਰੇ ਪੁਲਿਸ ਦੀ ਕਹਾਣੀ ਵਿਚ ਦਮ ਨਹੀਂ

**ਚੰਡੀਗੜ੍ਹ:** ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਬੇਅਦਬੀ ਕਾਂਡ ਲਈ ਮੁਲਜ਼ਮਾਂ ਨੂੰ ਵਿਦੇਸ਼ ਤੋਂ ਪੈਸੇ ਭੇਜੇ ਗਏ ਸਨ। ਪੁਲਿਸ ਨੇ ਦੁਬਈ ਤੋਂ ਹਰਦੀਪ ਸਿੰਘ ਖਾਲਸਾ ਤੇ ਆਸਟਰੇਲੀਆ ਤੋਂ ਸੁਖਦੀਪ ਸਿੰਘ ਦਿਓਲ 'ਤੇ ਪੈਸੇ ਭੇਜਣ ਦਾ ਦੋਸ਼ ਲਾਇਆ ਸੀ। ਹਰਦੀਪ ਸਿੰਘ ਖਾਲਸਾ ਤੇ ਸੁਖਦੀਪ ਸਿੰਘ ਦਿਓਲ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਪੈਸੇ ਇਸ ਸੰਘਰਸ਼ ਵਿਚ ਜਖਮੀ ਹੋਏ ਸਿੱਖਾਂ ਦੇ ਇਲਾਜ ਲਈ ਭੇਜੇ ਸਨ। ਦੁਬਈ ਤੋਂ ਫੋਨ 'ਤੇ ਹਰਦੀਪ ਸਿੰਘ ਖਾਲਸਾ ਨੇ ਦੱਸਿਆ ਕਿ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ 'ਤੇ ਚਿੰਤਾ ਜ਼ਾਹਿਰ ਕਰਨ ਲਈ 60-70 ਬੰਦੇ ਗੁਰਦੁਆਰਾ ਸਾਹਿਬ ਵਿਖੇ ਇਕੱਤਰ ਹੋਏ, ਜਿਨ੍ਹਾਂ ਨੇ ਉੱਥੇ ਹੀ ਜ਼ਖ਼ਮੀਆਂ ਦੇ ਇਲਾਜ ਲਈ ਮਦਦ ਕਰਨ ਦਾ ਫੈਸਲਾ ਕੀਤਾ ਤੇ ਮੌਕੇ ਉੱਪਰ ਤਕਰੀਬਨ 75 ਹਜ਼ਾਰ ਰੁਪਏ ਇਕੱਤਰ ਕੀਤੇ। ਆਸਟਰੇਲੀਆ ਦੇ ਸੁਖਦੀਪ ਸਿੰਘ ਦਿਓਲ ਨੇ ਆਸਟਰੇਲੀਆ ਦੇ ਪੰਜਾਬੀ ਕੌਮੀ ਆਵਾਜ਼ ਰੇਡੀਓ 'ਤੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਬਹੁਤ ਸਾਰੇ ਦੋਸਤਾਂ-ਮਿੱਤਰਾਂ ਨੇ ਰਲ ਕੇ ਪੈਸੇ ਇਕੱਠੇ ਕੀਤੇ ਸਨ ਤੇ ਪੂਰੀ ਤਰ੍ਹਾਂ ਕਾਨੂੰਨੀ ਢੰਗ ਨਾਲ ਬੈਂਕ ਰਾਹੀਂ ਜਖਮੀਆਂ ਦੀ ਮਦਦ ਲਈ ਪੰਜਾਬ ਭੇਜੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਸਾਡੇ ਪੰਜਾਬ ਨਾਲ ਦਰਦ ਨੂੰ ਗਲਤ ਰੂਪ ਵਿਚ ਪੇਸ਼ ਕਰ ਰਹੀ ਹੈ। ਉਧਰ, ਹਾਲੀਆ ਘਟਨਾਵਾਂ ਵਿਚ 'ਵਿਦੇਸ਼ੀ ਹੱਥ' ਹੋਣ ਸਬੰਧੀ ਸੂਚਨਾ ਦੇ ਸਬੰਧ ਵਿਚ ਕੇਂਦਰ ਨੇ ਪੰਜਾਬ ਸਰਕਾਰ ਤੋਂ ਰਿਪੋਰਟ ਤਲਬ ਕਰ ਲਈ ਹੈ।

### ਫੜੇ ਨੌਜਵਾਨਾਂ ਦੇ ਕੇਸ ਮੁਫਤ ਲੜਾਂਗਾ: ਫੂਲਕਾ



**ਸਮਾਲਸਰ:** ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਹੈ ਕਿ ਉਹ ਪੰਜਾਬ ਪੁਲਿਸ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬਰਗਾੜੀ ਵਿਚ ਹੋਈ ਬੇਅਦਬੀ ਦੇ ਮਾਮਲੇ ਵਿਚ ਨਾਮਜ਼ਦ ਕੀਤੇ ਗਏ ਪਿੰਡ ਪੰਜਗਰਾਂਈ ਖੁਰਦ ਦੇ ਦੋ ਨੌਜਵਾਨਾਂ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਦੇ ਕੇਸ ਮੁਫਤ ਲੜਨਗੇ। ਉਨ੍ਹਾਂ ਇਹ ਵੀ ਕਿਹਾ ਕਿ ਇਹ ਮਾਮਲੇ ਹੇਠਲੀ ਅਦਾਲਤ ਵਿਚ ਲੜ ਰਹੇ ਵਕੀਲਾਂ ਨੂੰ ਉਹ ਮੁਫਤ ਸਲਾਹ ਦੇਣਗੇ।

## ਧਰਮਿੰਦਰ ਦੇ ਭਰਾ ਅਜੀਤ ਸਿੰਘ ਦਿਉਲ ਦਾ ਦੇਹਾਂਤ

**ਮੁੰਬਈ:** ਬਾਲੀਵੁੱਡ ਦੇ ਨਾਮੀ ਅਦਾਕਾਰ ਧਰਮਿੰਦਰ ਦੇ ਛੋਟੇ ਭਰਾ ਅਜੀਤ ਸਿੰਘ ਦਿਉਲ ਦਾ ਦੇਹਾਂਤ ਹੋ ਗਿਆ। ਪੰਜਾਬੀ ਫਿਲਮਾਂ ਵਿਚ ਵੱਡਾ ਨਾਂ ਰੱਖਦੇ ਸ੍ਰੀ ਦਿਉਲ, ਅਦਾਕਾਰ ਅਭੈ ਦਿਉਲ ਦੇ ਪਿਤਾ ਸਨ। ਪਰਿਵਾਰ ਮੁਤਾਬਕ ਉਹ ਲੰਬੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ।



ਪਹਿਲਾਂ ਉਨ੍ਹਾਂ ਨੂੰ ਮਹੀਨੇ ਕੁ ਲਈ ਬਰੀਚ ਕੈਂਡੀ ਹਸਪਤਾਲ ਦਾਖਲ ਕਰਾਇਆ ਗਿਆ ਤੇ ਫਿਰ ਜੂਹੂ ਦੇ ਸਨਰਾਈਜ਼ਿਜ਼ ਹਸਪਤਾਲ ਲਿਆਂਦਾ ਗਿਆ। ਬਾਅਦ ਵਿਚ ਡਾਕਟਰਾਂ ਵੱਲੋਂ ਜੁਆਬ ਦੇਣ ਕਾਰਨ ਉਨ੍ਹਾਂ ਦੀ ਘਰੇ ਹੀ ਸੇਵਾ ਕੀਤੀ ਜਾ ਰਹੀ ਸੀ। ਉਨ੍ਹਾਂ ਨੂੰ ਹਿੰਦੀ ਫਿਲਮਾਂ 'ਖੋਟੇ ਸਿੱਕੇ' (1974), 'ਮਿਹਰਬਾਨੀ' (1982) ਤੇ ਭਤੀਜੇ ਬੌਬੀ ਦਿਉਲ ਦੀ ਪਹਿਲੀ ਫਿਲਮ 'ਬਰਸਾਤ' (1995) ਲਈ ਜਾਣਿਆ ਜਾਂਦਾ ਹੈ।

## ਸਰਕਾਰ ਬੇਕਸੂਰਾਂ ਨੂੰ ਫੜ ਕੇ ਸਿਰਫ ਖਾਨਾਪੂਰਤੀ ਕਰ ਰਹੀ ਹੈ: ਸਰਨਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਨਿਰਦੋਸ਼ਾਂ ਨੂੰ ਦੋਸ਼ੀ ਬਣਾ ਕੇ ਸਰਕਾਰ ਖਾਨਾਪੂਰਤੀ ਕਰ ਰਹੀ ਹੈ ਤੇ ਫੜੇ ਗਏ ਨੌਜਵਾਨਾਂ ਵਿਚੋਂ ਇਕ ਦੀ ਤਾਂ ਪੁਲਿਸ ਨੇ ਤਸ਼ੱਦਦ ਕਰਕੇ ਰੀੜ੍ਹ ਦੀ ਹੱਡੀ ਨੂੰ ਨੁਕਸਾਨ ਪੁਚਾਇਆ ਹੈ। ਉਨ੍ਹਾਂ ਕਿਹਾ ਕਿ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਦੀ ਗ੍ਰਿਫਤਾਰੀ ਸਰਕਾਰ ਦੀ ਸਾਜ਼ਿਸ਼ ਦਾ ਹਿੱਸਾ ਹੈ ਤੇ ਇਕ ਟੀ.ਵੀ. ਚੈਨਲ ਰਾਹੀਂ ਜਿਹੜਾ ਪ੍ਰਚਾਰ ਸਰਕਾਰ ਵੱਲੋਂ ਦੋਸ਼ੀ ਫੜੇ ਜਾਣ ਬਾਰੇ ਕੀਤਾ ਜਾ ਰਿਹਾ ਹੈ, ਉਹ ਪੂਰੀ ਤਰ੍ਹਾਂ ਗੁਮਰਾਹਕੁਨ ਹੈ।

ਉਨ੍ਹਾਂ ਕਿਹਾ ਕਿ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਨਾਲ ਕਿਸੇ ਕਿਸਮ ਦੀ ਜ਼ਿਆਦਤੀ ਨਹੀਂ ਹੋਣ ਦਿੱਤੀ ਜਾਵੇਗੀ ਤੇ ਉਨ੍ਹਾਂ ਨੂੰ ਇਨਸਾਫ ਦਿਵਾਉਣ ਵਿਚ ਮਦਦ ਕੀਤੀ ਜਾਵੇਗੀ।

## ਜਾਣ ਬੁੱਝ ਕੇ ਮਾਹੌਲ ਨਾ ਵਿਗਾੜੇ ਪੰਜਾਬ ਸਰਕਾਰ: ਕੇਜਰੀਵਾਲ

**ਕੋਟਕਪੂਰਾ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਪੁਲਿਸ ਦੀ ਗੋਲੀ ਨਾਲ ਹਲਾਕ ਹੋਏ ਸਿੱਖ ਨੌਜਵਾਨ ਗੁਰਜੀਤ ਸਿੰਘ ਤੇ ਕ੍ਰਿਸ਼ਨ ਭਗਵਾਨ ਸਿੰਘ ਦੇ ਪਿੰਡਾਂ ਸਰਾਵਾਂ ਤੇ ਨਿਆਮੀਵਾਲਾ ਵਿਖੇ ਪੁੱਜ ਕੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ।

ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਵਿਚ ਬੇਦੋਸ਼ਿਆਂ ਨੂੰ ਸਜ਼ਾ ਦੇਣ ਨਾਲ ਪੰਜਾਬ ਦਾ ਮਾਹੌਲ ਵਿਗੜ ਸਕਦਾ ਹੈ, ਕਿਉਂਕਿ ਅਜਿਹੇ ਵਰਤਾਰੇ ਨਾਲ ਜਨਤਾ ਅੰਦਰ ਗੁੱਸਾ ਹੋਰ ਵਧੇਗਾ। ਪੁਲਿਸ ਨੂੰ ਅਸਲ ਦੋਸ਼ੀਆਂ ਨੂੰ ਹੱਥ ਪਾਉਣਾ ਚਾਹੀਦਾ ਹੈ। ਉਨ੍ਹਾਂ ਪੰਜਾਬ ਪੁਲਿਸ ਵੱਲੋਂ ਵਿਖਾਵਾਕਾਰੀਆਂ ਉਪਰ ਗੋਲੀ ਚਲਾਉਣ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਉਨ੍ਹਾਂ ਵੀ ਆਪਣੀ ਜ਼ਿੰਦਗੀ ਵਿਚ ਦਿੱਲੀ ਅੰਦਰ ਬਹੁਤ ਰੋਸ ਮੁਜ਼ਾਹਰੇ ਕੀਤੇ ਹਨ, ਪਰ ਅਜਿਹਾ ਕਦੇ ਨਹੀਂ ਹੋਇਆ ਕਿ ਪੁਲਿਸ ਮੁਜ਼ਾਹਰਾਕਾਰੀਆਂ ਉਪਰ ਸਿੱਧੀ ਗੋਲੀ ਚਲਾ ਦੇਵੇ।

ਜੇ ਪੁਲਿਸ ਨੂੰ ਗੋਲੀ ਚਲਾਉਣੀ ਹੀ ਪਵੇ ਤਾਂ ਮੁਜ਼ਾਹਰਾਕਾਰੀਆਂ ਦੇ ਪੈਰਾਂ ਵੱਲ ਚਲਾਈ ਜਾਂਦੀ ਹੈ ਤਾਂ ਕਿ ਜਾਨੀ ਨੁਕਸਾਨ ਨਾ ਹੋਵੇ, ਪਰ ਪੰਜਾਬ ਪੁਲਿਸ ਨੇ ਮੁਜ਼ਾਹਰਾਕਾਰੀਆਂ ਵਾਸਤੇ ਲੰਗਰ ਲੈ ਕੇ ਗਏ ਇਨ੍ਹਾਂ ਨੌਜਵਾਨਾਂ ਦੇ ਸਿੱਧੀ ਸਿਰਾਂ ਵਿਚ ਗੋਲੀ ਮਾਰੀ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਦੀ ਮਨਸ਼ਾ 'ਤੇ ਇਸ ਕਾਰਨ ਸ਼ੱਕ ਹੁੰਦਾ ਹੈ ਕਿ ਪੁਲਿਸ ਨੇ ਪੀੜਤ ਪਰਿਵਾਰਾਂ ਨੂੰ ਐਫ.ਆਈ.ਆਰ. ਦੀ ਕਾਪੀ ਤੱਕ ਨਹੀਂ ਦਿੱਤੀ, ਜਦੋਂ ਕਿ ਅਜਿਹਾ ਕਾਨੂੰਨਨ ਜ਼ਰੂਰੀ ਹੈ।

# ਤਿੱਖੇ ਵਿਰੋਧ ਕਾਰਨ ਪੰਥਕ ਲੀਡਰਾਂ ਨੂੰ ਘਰੋਂ ਨਿਕਲਣਾ ਹੋਇਆ ਔਖਾ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਮਾਮਲੇ ਉਤੇ ਸਿੱਖਾਂ ਵਿਚ ਪੈਦਾ ਹੋਇਆ ਰੋਸ ਲਗਾਤਾਰ ਵਧਦਾ ਜਾ ਰਿਹਾ ਹੈ। ਪੰਜਾਬ ਵਿਚ ਲਗਾਤਾਰ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਇਹ ਵਿਰੋਧ ਪੰਜਾਬ ਸਰਕਾਰ, ਐਸ.ਜੀ.ਪੀ.ਸੀ., ਪੰਜ ਤਖਤਾਂ ਦੇ ਜਥੇਦਾਰਾਂ ਤੇ ਪੁਲਿਸ ਖਿਲਾਫ ਹੈ। 12 ਅਕਤੂਬਰ ਤੋਂ ਸ਼ੁਰੂ ਹੋਇਆ ਧਰਨਿਆਂ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ। ਪੰਜਾਬ ਵਿਚ ਥਾਂ-ਥਾਂ ਉਤੇ ਅਕਾਲੀ ਮੰਤਰੀਆਂ, ਅਕਾਲੀ ਲੀਡਰਾਂ, ਐਸ.ਜੀ.ਪੀ.ਸੀ. ਮੈਂਬਰਾਂ ਤੇ ਜਥੇਦਾਰਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਇਥੋਂ ਤੱਕ ਕਿ ਕਈ ਥਾਵਾਂ ਉਤੇ ਇਨ੍ਹਾਂ ਨੂੰ ਗੁਰਦੁਆਰਾ ਸਾਹਿਬ ਵਿਚ ਅਰਦਾਸ ਵਿਚ ਸ਼ਾਮਲ ਹੋਣ ਤੋਂ ਵੀ ਰੋਕ ਦਿੱਤਾ ਗਿਆ। ਭੜਕੇ ਸਿੱਖਾਂ ਵੱਲੋਂ ਕਈ ਲੀਡਰਾਂ ਨਾਲ ਧੱਕਾ ਮੁੱਕੀ ਤੇ ਗੱਡੀਆਂ ਦੀ ਤੋੜ-ਭੰਨ ਕੀਤੀ ਜਾ ਚੁੱਕੀ ਹੈ। ਅਜਿਹੇ ਵਿਚ ਸਭ ਤੋਂ ਕਸੂਤੀ ਸਥਿਤੀ ਵਿਚ ਅਕਾਲੀ ਦਲ ਤੇ ਐਸ.ਜੀ.ਪੀ.ਸੀ. ਨਜ਼ਰ ਆ ਰਹੇ ਹਨ। ਸਿੱਖਾਂ ਦੇ ਵਿਰੋਧ ਦਾ ਸਾਹਮਣਾ ਕਰਨ ਵਾਲਿਆਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਮੁੱਖ ਹਨ। ਵਿਰੋਧੀ ਧਿਰ ਲਗਾਤਾਰ ਉਨ੍ਹਾਂ ਦੇ ਅਸਤੀਫੇ ਦੀ ਮੰਗ ਕਰ ਰਹੀ ਹੈ ਤੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਮੰਗ ਕੀਤੀ ਜਾ ਚੁੱਕੀ ਹੈ। ਐਸ.ਜੀ.ਪੀ.ਸੀ. ਪ੍ਰਧਾਨ ਉਤੇ ਲਗਾਤਾਰ ਸਿਆਸੀ ਦਬਾਅ ਦੇ ਚੱਲਦੇ ਪੰਥ ਵਿਰੋਧੀ ਫੈਸਲੇ ਲੈਣ ਦਾ ਇਲਜ਼ਾਮ ਲੱਗ ਰਿਹਾ ਹੈ। ਐਸ.ਜੀ.ਪੀ.ਸੀ. ਪ੍ਰਧਾਨ ਅਵਤਾਰ ਸਿੰਘ ਵੱਲੋਂ ਪੰਜ ਪਿਆਰਿਆਂ ਨੂੰ ਮੁਅੱਤਲ ਕਰਨ ਦੇ ਫੈਸਲੇ ਦਾ ਸਭ ਤੋਂ ਵੱਧ ਵਿਰੋਧ ਹੋ ਰਿਹਾ ਹੈ।

ਸਿੱਖ ਸੰਗਤ ਪੰਜ ਤਖਤਾਂ ਦੇ ਜਥੇਦਾਰਾਂ ਦਾ ਅਗਵਾਈ ਨੂੰ ਵੀ ਲਗਾਤਾਰ ਨਕਾਰ ਰਹੀ ਹੈ। ਇਹ ਵਿਰੋਧ ਡੇਰਾ ਸਿਰਸਾ ਮੁਖੀ ਨੂੰ ਦਿੱਤੀ ਮੁਆਫੀ ਤੇ ਫਿਰ ਫੈਸਲਾ ਬਦਲਣ ਤੋਂ ਸ਼ੁਰੂ ਹੋਇਆ ਸੀ। ਸਭ ਤੋਂ ਜ਼ਿਆਦਾ ਵਿਰੋਧ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ ਤੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗੁਰਮੁਖ ਸਿੰਘ ਦਾ ਹੋ ਰਿਹਾ ਹੈ।

ਪੰਜਾਬ ਪੁਲਿਸ ਵੱਲੋਂ ਕੋਟਕਪੂਰਾ ਤੇ ਬਹਿਬਲ ਪਿੰਡ ਵਿਚ ਚਲਾਈ ਗੋਲੀ ਦੌਰਾਨ ਦੋ ਸਿੱਖਾਂ ਦੀ ਮੌਤ ਦੇ ਰੋਸ ਵਜੋਂ ਪੁਲਿਸ ਦੇ ਕਈ ਅਫਸਰ ਵੀ ਸਿੱਖਾਂ ਦੇ ਵਿਰੋਧ ਦਾ ਸਾਹਮਣਾ ਕਰ ਰਹੇ ਹਨ। ਸਭ ਤੋਂ ਜ਼ਿਆਦਾ ਵਿਰੋਧ ਕੀਤਾ ਜਾ ਰਿਹਾ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਪਰਮਰਾਜ ਸਿੰਘ ਉਮਰਾਨੰਗਲ ਦਾ। ਉਮਰਾਨੰਗਲ ਹੀ ਕੋਟਕਪੂਰਾ ਵਿਚ ਹੋਏ ਲਾਠੀਚਾਰਜ ਤੇ ਗੋਲੀ ਚਲਾਉਣ ਵਾਲੀ ਪੁਲਿਸ ਪਾਰਟੀ ਦੀ ਅਗਵਾਈ ਕਰ ਰਹੇ ਸਨ।

ਇਸ ਦੇ ਨਾਲ ਹੀ ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਮਜੀਠੀਆ, ਬੀਬੀ ਜਗੀਰ ਕੌਰ ਤੇ ਸਾਬਕਾ ਮੰਤਰੀ ਉਪਿੰਦਰਜੀਤ ਕੌਰ ਸਮੇਤ ਕਈ ਮੰਤਰੀ ਤੇ ਲੀਡਰ ਵੀ ਸਿੱਖਾਂ ਦੇ ਰੋਸ ਦਾ ਸਾਹਮਣਾ ਕਰ ਚੁੱਕੇ ਹਨ। ਇਨ੍ਹਾਂ ਲੀਡਰਾਂ ਨੂੰ ਗੁਰਦੁਆਰਾ ਸਾਹਿਬ ਵਿਚ ਅਰਦਾਸ ਵਿਚ ਸ਼ਾਮਲ ਹੋਣ ਲੱਗਿਆਂ ਸਿੱਖਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ।

### ਅਕਾਲੀਆਂ ਨਾਲ ਧੱਕਾ-ਮੁੱਕੀ ਤੇ ਗੱਡੀਆਂ ਦੀ ਤੋੜ-ਭੰਨ




### ਅਕਾਲੀ ਦਲ ਵਿਚ ਬਗਾਵਤ ਹੋਈ ਹੋਰ ਤੇਜ਼

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਸ ਮਗਰੋਂ ਵਾਪਰੀਆਂ ਹੋਰ ਘਟਨਾਵਾਂ ਕਾਰਨ ਪੰਜਾਬ ਵਿਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਖਿਲਾਫ ਰੋਹ ਵਧਦਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਆਗੂਆਂ ਵੱਲੋਂ ਰੋਸ ਵਜੋਂ ਧੜਾ ਧੜ ਅਸਤੀਫੇ ਦਿੱਤੇ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਦੇ ਜ਼ਿਲ੍ਹਾ ਪ੍ਰਧਾਨ ਤੇ ਊਰਜਾ ਵਿਕਾਸ ਏਜੰਸੀ (ਪੇਡਾ) ਦੇ ਚੇਅਰਮੈਨ ਉਪਕਾਰ ਸਿੰਘ ਸੰਧੂ ਨੇ ਆਪਣੇ ਦੋਵਾਂ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਭੇਜੇ ਅਸਤੀਫੇ ਵਿੱਚ ਸ੍ਰੀ ਸੰਧੂ ਨੇ ਲਿਖਿਆ ਕਿ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿਚ ਵਾਪਰੇ ਦੁਖਾਂਤ ਨੇ ਉਸ ਦੇ ਮਨ ਨੂੰ ਅਸ਼ਾਂਤ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵੱਖ-ਵੱਖ ਥਾਵਾਂ ਉਤੇ ਹੋਈ ਘੋਰ ਬੇਅਦਬੀ, ਸ਼ਾਂਤਮਈ ਰੋਸ ਪ੍ਰਗਟ ਕਰਦੇ ਲੋਕਾਂ 'ਤੇ ਗੋਲੀ ਚਲਾ ਕੇ ਦੋ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨਾ, ਪੰਜ ਪਿਆਰਿਆਂ ਨੂੰ ਮੁਅੱਤਲ ਕਰ ਕੇ ਨਿਰਾਦਰ ਕਰਨਾ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਵਿਵਾਦਤ ਗੁਰਮਤਾ ਕਰਨਾ, ਇਨ੍ਹਾਂ ਘਟਨਾਵਾਂ ਨੇ ਮੇਰੇ ਹਿਰਦੇ ਨੂੰ ਵਲੂੰਧਰ ਕੇ ਰੱਖ ਦਿੱਤਾ ਹੈ।

# ਸਿਆਸੀ ਨੁਕਸਾਨ ਦੀ ਭਰਪਾਈ ਲਈ ਸਰਗਰਮ ਬਾਦਲ ਲਾਣਾ

**ਜਲੰਧਰ:** ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨਾਲ ਹੋਏ ਸਿਆਸੀ ਤੇ ਇਖਲਾਕੀ ਨੁਕਸਾਨ ਦੀ ਭਰਪਾਈ ਲਈ ਸੱਤਾ ਪੱਖ ਅਕਾਲੀ ਦਲ ਨੇ ਮੁਹਿੰਮ ਵਿੱਢ ਦਿੱਤੀ ਹੈ। ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿੰਡ ਬਾਦਲ ਵਿਖੇ ਮਾਲਵੇ ਦੇ ਛੇ ਜ਼ਿਲ੍ਹਿਆਂ- ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਮਾਨਸਾ, ਮੋਗਾ, ਫਾਜ਼ਿਲਕਾ ਅਤੇ ਫ਼ਰੀਦੋਕਟ ਦੇ ਅਕਾਲੀ ਲੀਡਰਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨਾਲ ਜ਼ਿਲ੍ਹਾ ਵਾਰ ਮੀਟਿੰਗਾਂ ਕੀਤੀਆਂ।



ਮੀਟਿੰਗਾਂ ਦੌਰਾਨ ਉਕਤ ਜ਼ਿਲ੍ਹਿਆਂ ਨਾਲ ਸਬੰਧਤ ਮੰਤਰੀ, ਅਕਾਲੀ ਵਿਧਾਇਕ ਤੇ ਹਲਕਾ ਇੰਚਾਰਜ ਵੀ ਉਚੇਚੇ ਤੌਰ ਉਤੇ ਮੌਜੂਦ ਸਨ। ਮੀਟਿੰਗ ਦੇ ਵੇਰਵਿਆਂ ਅਨੁਸਾਰ ਹੁਣ ਅਕਾਲੀ ਦਲ ਦੇ ਆਗੂ ਤੇ ਸ਼੍ਰੋਮਣੀ ਕਮੇਟੀ ਮੈਂਬਰ ਆਮ ਜਨਤਾ ਵਿਚ ਵਿਚਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਡੂੰਘੀ ਵਿਦੇਸ਼ੀ ਸਾਜ਼ਿਸ਼ ਤੇ ਅਕਾਲੀ ਸਰਕਾਰ ਵੱਲੋਂ ਸਾਜਿਸ਼ ਦਾ ਭਾਂਡਾ ਭੰਨਣ ਬਾਰੇ ਸੰਗਤਾਂ ਨੂੰ ਜਾਣੂ ਕਰਵਾਉਣਗੇ। ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਬਰਗਾੜੀ ਘਟਨਾ ਦੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਸੂਤਰਾਂ ਅਨੁਸਾਰ ਮੀਟਿੰਗ ਵਿਚ ਸਮੂਹ ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਅਕਾਲੀ ਆਗੂਆਂ ਨੂੰ ਜਨਤਾ ਤੇ ਸਿੱਖ ਸੰਗਤ ਵਿਚ ਵਿਚਰ ਕੇ ਉਕਤ ਘਟਨਾ ਬਾਰੇ ਸਰਕਾਰ ਵੱਲੋਂ ਹੋਈ ਪੁਖਤਾ ਕਾਰਵਾਈ ਦੀ ਸਫਾਈ ਤੇ ਭਰੋਸਾ ਦੇਣ ਦੇ ਨਾਲ ਅਕਾਲੀ ਸਰਕਾਰ ਦੀਆਂ ਨੀਤੀਆਂ ਨੂੰ ਜਨਤਾ ਤੱਕ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਗਏ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਸੰਗਤ ਦੇ ਰੋਹ ਕਰਕੇ ਅਕਾਲੀ ਲੀਡਰਸ਼ਿਪ ਜਨਤਕ ਤੌਰ 'ਤੇ ਲਗਪਗ ਗੁਆਚ ਗਈ ਸੀ ਤੇ ਵੱਡੀ ਗਿਣਤੀ ਅਕਾਲੀ ਆਗੂ ਘਰਾਂ ਵਿਚ ਲੁਕ ਕੇ ਬੈਠ ਗਏ ਸਨ। ਸੰਗਤਾਂ ਦੇ ਸੜਕਾਂ ਉਤੇ ਉਤਰਨ ਨਾਲ ਸੂਬਾ ਭਰ ਵਿਚ ਬਗਾਵਤ ਜਿਹੇ ਹਾਲਾਤ ਬਣ ਗਏ ਸਨ। ਉਕਤ ਮੀਟਿੰਗਾਂ ਨੂੰ ਮਾਲਵੇ ਵਿਚ ਤਾਜ਼ਾ ਘਟਨਾਵਾਂ ਕਰ ਕੇ ਅਕਾਲੀ ਸਰਕਾਰ ਦੇ ਮੈਲੇ ਹੋਏ ਅਕਸ ਤੇ ਸਮਾਜਿਕ ਤੇ ਇਖਲਾਕੀ ਸੇਕ ਦੀ ਭਰਪਾਈ ਤੇ ਅਕਾਲੀ ਦਲ ਨਾਲੋਂ ਤਿੜਕੇ ਲੋਕ ਮਨਾਂ ਨੂੰ ਮੁੜ ਤੋਂ ਨੌ-ਬਰ-ਨੌ ਕਰਨ ਖਾਤਰ ਨਵਾਂ ਮਾਹੌਲ ਸਿਰਜਣ ਦੀ ਕਵਾਇਦ ਮੰਨਿਆ ਜਾ ਰਿਹਾ ਹੈ ਤਾਂ ਜੋ ਸਮਾਂ ਰਹਿੰਦੇ ਅਕਾਲੀ ਦਲ ਘਾਟੇ-ਨਫ਼ੇ ਪੂਰੇ ਕਰਕੇ ਅਗਾਮੀ ਵਿਧਾਨ ਸਭਾ ਚੋਣਾਂ ਦੇ 'ਫਾਈਨਲ ਮੁਕਾਬਲੇ' ਦੇ ਹਾਣ-ਪਰਵਾਣ ਹੋ ਸਕੇ।

ਦਰਅਸਲ, ਸ਼੍ਰੋਮਣੀ ਅਕਾਲੀ ਦਲ ਉਤੇ ਪਹਿਲੀ ਵਾਰੀ ਵੱਡਾ ਰਾਜਸੀ ਤੇ ਧਾਰਮਿਕ ਸੰਕਟ ਆਇਆ ਹੈ ਤੇ ਇਸ ਨਾਲ ਨਜਿੱਠਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਲਗਾਤਾਰ ਮੀਟਿੰਗਾਂ ਕਰ ਰਹੇ ਹਨ। ਇਸ ਦੇ ਕਾਰਨ ਹੀ ਬਾਦਲ ਦਲ ਦੇ ਆਗੂਆਂ ਨੂੰ ਲੋਕਾਂ ਦੇ ਵਿਰੋਧ ਦਾ ਜਨਤਕ ਤੌਰ 'ਤੇ ਹੀ ਸਾਹਮਣਾ ਹੀ ਨਹੀਂ ਕਰਨਾ ਪਿਆ ਸਗੋਂ ਕਈ ਕਮੇਟੀ ਮੈਂਬਰਾਂ ਤੇ ਆਗੂਆਂ ਦੀਆਂ ਲੋਕਾਂ ਨੇ ਗੱਡੀਆਂ ਵੀ ਭੰਨੀਆਂ ਹਨ।


**SUPER TRAVEL**

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

*EARLY BIRD SALE!!!!*

Domestic fares available

*To Advertise with Punjab Times Call: 847-359-0746*

**ਰੈਸਟੋਰੈਂਟ ਸਟਾਫ ਦੀ ਲੋੜ ਹੈ**

ਵਚੀਟਾ, ਕੈਨਸਸ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਕੁੱਕ, ਵੇਟਰ ਸਟਾਫ, ਹੈਲਪਰ ਅਤੇ ਹੋਰ ਸਹਾਇਕ ਸਟਾਫ ਦੀ ਲੋੜ ਹੈ

ਮੁਫਤ ਰਿਹਾਇਸ਼, ਵਧੀਆ ਤਨਖਾਹ

ਸੰਪਰਕ ਕਰੋ

ਫੋਨ: 316-305-1818

ਜਾਂ 316-691-8300

42 & 44

**ਇੰਡੀਅਨ ਰੈਸਟੋਰੈਂਟ ਲਈ ਲੋੜ ਹੈ**

ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਕੁੱਕ, ਤੰਦੂਰੀਆ ਅਤੇ ਡਿਸ਼ਵਾਸ਼ਰ, ਦੀ ਲੋੜ ਹੈ

ਸੰਪਰਕ ਕਰੋ

ਫੋਨ: 850-510-3046

Looking for Cook, Tandooria and Dishwasher for Indian restaurant in Florida.

Please call: 850-510-3046

43-44

**IFTA**

- IFTA Fuel & Mileage Reporting (100% Accurate)
- Form 2290 (Heavy Vehicle Use Tax Return)
- Temporary/Permanent Fuel & Trip Permits
- IRP, FMCSA Authority, UCR
- New Business
  *(Corporation, LLC, Partnership, etc.)*
- Filing Help: Green Card, Citizenship, Sponsorship
- IRS Individual & Business Tax
  *(IRS Registered Agent)*

*IFTA filing starting at $20*

Contact: Nanak Tax Expeditors Greenwood (IN)

**@ Ph: 317-215-5758**

**Desi Bazar**

*916 E. Main Street #118, Greenwood, IN, 46143*

***Tel: 317-888-2040, Fax: 317-887-6116***

*We specialize in all kind of Indian Groceries and Sweets*

- FRESH VEGETABLES EVERY THURSDAY
- FRESH GOAT MEAT

*10% off on all Gurudwara supplies and Religious programs!!*

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**ਅਮਰ ਕਾਰਪੈਟਸ**

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ



ਅਮਰੀਕ ਸਿੰਘ

ਹਾਰਡਵੁੱਡ ਫਲੋਰ, ਕਿਚਨ ਕੈਬਨਿਟ ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

**Amar Carpets Inc**

ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659


ਕਾਲ ਕਰੋ : ਅਮਰੀਕ ਸਿੰਘ

Ph: 773-508-5253, 773-507-8043, Fax: 773-508-5249

# ਚਿੱਤਰਕਾਰ ਵੀ ਲੇਖਕਾਂ ਦੀ ਹੱਕ ਵਿਚ ਨਿੱਤਰੇ

**ਨਵੀਂ ਦਿੱਲੀ:** ਐਵਾਰਡ ਵਾਪਸ ਕਰਨ ਵਾਲੇ ਲੇਖਕਾਂ ਤੇ ਸਾਹਿਤਕਾਰਾਂ ਨਾਲ ਇਕਜੁੱਟਤਾ ਜ਼ਾਹਿਰ ਕਰਦਿਆਂ ਵਿਵਾਨ ਸੁੰਦਰਮ, ਐਂਜੋਲੀ ਈਲਾ ਮੈਨਨ ਅਤੇ ਸੁਬੋਧ ਗੁਪਤਾ ਵਰਗੇ ਉਘੇ ਚਿੱਤਰਕਾਰਾਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਆਲੋਚਨਾ ਕਰਦਿਆਂ ਬੁੱਧੀਜੀਵੀਆਂ ਅਤੇ ਘੱਟ-ਗਿਣਤੀਆਂ ਉਤੇ ਹਾਲ ਹੀ ਵਿਚ ਹੋਏ ਹਮਲਿਆਂ ਦੀ ਨਿੰਦਾ ਕੀਤੀ ਹੈ। ਸਫ਼ਦਰ ਹਾਸ਼ਮੀ ਯਾਦਗਾਰੀ ਟਰੱਸਟ ਨੇ 400 ਤੋਂ ਵੱਧ ਕਲਾਕਾਰਾਂ ਦੇ ਦਸਤਖਤਾਂ ਵਾਲਾ ਬਿਆਨ ਜਾਰੀ ਕੀਤਾ ਹੈ। ਇਸ ਬਿਆਨ 'ਚ ਕਿਹਾ ਗਿਆ ਹੈ ਕਿ ਆਮ ਨਾਗਰਿਕਾਂ ਉਤੇ ਹਮਲਿਆਂ ਤੇ ਸਮਾਜਕ ਹਿੰਸਾ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਇਨ੍ਹਾਂ ਕਲਾਕਾਰਾਂ ਵਿਚ ਲੰਡਨ ਵਿਚ ਰਹਿਣ ਵਾਲਾ ਅਨੀਸ਼ ਕਪੂਰ, ਕੇ.ਜੀ. ਸੁਬਰਾਮਨੀਅਮ, ਨੀਲਿਮਾ ਸ਼ੇਖ ਅਤੇ ਕ੍ਰਿਸ਼ਨਨ ਖੰਨਾ ਵੀ ਸ਼ਾਮਲ ਹਨ।

ਬਿਆਨ ਮੁਤਾਬਕ, ਸੱਤਾਧਾਰੀ ਧਿਰ ਦੇ ਆਗੂਆਂ ਵੱਲੋਂ ਧਾਰਮਿਕ ਘੱਟ-ਗਿਣਤੀਆਂ ਅਤੇ ਦਲਿਤਾਂ ਬਾਰੇ ਕੀਤੀਆਂ ਜਾਂਦੀਆਂ ਅਪਮਾਨਜਨਕ


ਵਿਵਾਨ ਸੁੰਦਰਮ

ਟਿੱਪਣੀਆਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਆਰ.ਐਸ.ਐਸ. ਅਤੇ ਭਾਜਪਾ ਦੀ ਮੁੱਖ ਧਾਰਾ ਅਤੇ ਇਨ੍ਹਾਂ ਨਾਲ ਸਬੰਧਤ ਤੱਤਾਂ ਵਿਚ ਬਹੁਤ ਹੀ ਮਹੀਨ ਅੰਤਰ ਹੈ। ਕਲਾਕਾਰਾਂ ਨੇ ਐਮ.ਐਮ. ਕਲਬੁਰਗੀ, ਗੋਵਿੰਦ ਪਨਸਾਰੇ ਅਤੇ ਨਰੇਂਦਰ ਦਾਭੋਲਕਰ ਦੀ ਹੱਤਿਆ ਦੀ ਨਿੰਦਾ ਵੀ ਕੀਤੀ।

### ਵਰਿਆਮ ਸਿੰਘ ਸੰਧੂ ਦਾ ਹੋਕਾ

'ਪੰਜਾਬ ਟਾਈਮਜ਼' ਦੇ 17 ਅਕਤੂਬਰ ਵਾਲੇ ਅੰਕ ਦੇ ਇਨ੍ਹਾਂ ਕਾਲਮਾਂ ਵਿਚ ਵਰਿਆਮ ਸਿੰਘ ਸੰਧੂ ਵੱਲੋਂ ਸਾਹਿਤ ਅਕਾਦਮੀ ਇਨਾਮ ਵਾਪਸ ਕੀਤੇ ਜਾਣ ਮੌਕੇ ਇਕ ਹੋਰ ਲੇਖਕ ਦਾ ਬਿਆਨ ਤਕਨੀਕੀ ਗਲਤੀ ਨਾਲ ਉਨ੍ਹਾਂ ਦੇ ਨਾਂ ਹੇਠ ਛਪ ਗਿਆ ਸੀ। ਵਰਿਆਮ ਸਿੰਘ ਸੰਧੂ ਵੱਲੋਂ ਜਾਰੀ ਬਿਆਨ ਦਾ ਸਾਰ-ਤੱਤ ਇਉਂ ਸੀ: ਮੈਂ ਸਾਰੀ ਉਮਰ ਸਥਾਪਤੀ ਦੇ ਧੱਕੇ ਅਤੇ ਜ਼ੁਲਮ ਖ਼ਿਲਾਫ਼ ਲਿਖਿਆ ਅਤੇ ਬੋਲਿਆ ਹੈ। ਇਸ ਦੀ ਕੀਮਤ ਵੀ ਚੁਕਾਈ ਹੈ। ਕਿਸੇ ਵੀ ਕਿਸਮ ਦਾ ਇਨਾਮ ਪ੍ਰਾਪਤ ਕਰਨਾ ਕਦੀ ਵੀ ਮੇਰੀ ਪਹਿਲ ਨਹੀਂ ਰਿਹਾ। ਭਾਵੇਂ ਮੇਰਾ ਮੰਨਣਾ ਹੈ ਕਿ ਸਰਕਾਰਾਂ ਤੇ ਸਥਾਪਤੀ ਕਦੀ ਵੀ ਦੁੱਧ ਧੋਤੀਆਂ ਨਹੀਂ ਰਹੀਆਂ। ਸਾਨੂੰ ਜਾਂ ਤਾਂ ਇਹ ਇਨਾਮ ਲੈਣੇ ਹੀ ਨਹੀਂ ਸਨ ਚਾਹੀਦੇ। ਜੇ ਲੈ ਲਏ ਸਨ ਤਾਂ ਬੜੇ ਮੁਨਾਸਬ ਮੌਕੇ ਆਏ ਸਨ ਅਜਿਹੇ ਇਨਾਮ ਵਾਪਸ ਕਰਨ ਦੇ। ਇਨਾਮ ਉਦੋਂ ਵੀ ਵਾਪਸ ਕੀਤੇ ਜਾ ਸਕਦੇ ਸਨ, ਜਦੋਂ ਬਲੂ ਸਟਾਰ ਆਪ੍ਰੇਸ਼ਨ ਹੋਇਆ ਸੀ; ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ, ਪੰਜਾਬ ਵਿਚ ਬੱਸਾਂ ਵਿਚੋਂ ਕੱਢ ਕੇ ਹਿੰਦੂ ਮਾਰੇ ਗਏ ਸਨ, ਗੁਜਰਾਤ ਵਿਚ ਮੁਸਲਮਾਨ ਲੂਹੇ ਗਏ ਸਨ। ਉਂਜ ਵੀ ਮਹਿਜ਼ ਸਾਹਿਤ ਅਕਾਦਮੀ ਇਨਾਮ ਵਾਪਸ ਕਰਨਾ ਹੀ ਵਿਰੋਧ ਕਰਨ ਦਾ ਇਕੋ-ਇਕ ਤਰੀਕਾ ਨਹੀਂ। ਮੈਂ ਤਾਂ ਵਿਰੋਧ ਦੇ ਸਾਰੇ ਤਰੀਕੇ ਅੱਜ ਵੀ ਵਿਹਾਰਕ ਤੌਰ 'ਤੇ ਵਰਤੋਂ ਵਿਚ ਲਿਆ ਰਿਹਾ ਹਾਂ।



## ਸ਼੍ਰੋਮਣੀ ਕਮੇਟੀ ਦੇ ਦੋ ਸਕੱਤਰ ਤੇ ਚਾਰ ਮੁਲਾਜ਼ਮ ਵੀ ਬਹਾਲ

**ਅੰਮ੍ਰਿਤਸਰ:** ਪੰਜ ਪਿਆਰਿਆਂ ਦੀ ਬਹਾਲੀ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਦੋ ਸਕੱਤਰਾਂ ਅਤੇ ਚਾਰ ਹੋਰ ਮੁਲਾਜ਼ਮਾਂ ਨੂੰ ਵੀ ਬਹਾਲ ਕਰ ਦਿੱਤਾ ਹੈ। ਇਨ੍ਹਾਂ ਨੂੰ 21 ਅਕਤੂਬਰ ਨੂੰ ਮੁਅੱਤਲ ਕਰ ਦਿੱਤਾ ਸੀ। ਇਸ ਦੌਰਾਨ ਬਹਾਲ ਹੋਏ ਪੰਜ ਪਿਆਰਿਆਂ ਦੀ ਡਿਊਟੀ ਹੋਰ ਸੂਬਿਆਂ ਵਿਚ ਲਾ ਦਿੱਤੀ ਹੈ ਜਿਥੇ ਉਹ ਅੱਠ ਨਵੰਬਰ ਤਕ ਅੰਮ੍ਰਿਤ ਸੰਚਾਰ ਕਰਨਗੇ। ਬਹਾਲ ਕੀਤੇ ਮੁਲਾਜ਼ਮਾਂ ਵਿਚ ਸਕੱਤਰ ਰੂਪ ਸਿੰਘ ਤੇ ਮਨਜੀਤ ਸਿੰਘ ਤੋਂ ਇਲਾਵਾ ਭਾਈ ਕਾਰਜ ਸਿੰਘ ਤੇ ਭਾਈ ਹਰਚਰਨ ਸਿੰਘ ਖਾਲਸਾ ਰਾਗੀ, ਹਰਪਾਲ ਸਿੰਘ ਸੁਪਰਵਾਈਜ਼ਰ ਤੇ ਸੁਰਜੀਤ ਸਿੰਘ ਪ੍ਰਚਾਰਕ ਸ਼ਾਮਲ ਹਨ। ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਬਹਾਲੀ ਦਾ ਫੈਸਲਾ ਪੰਥ ਦੇ ਵਡੇਰੇ ਹਿੱਤਾਂ ਲਈ ਕੀਤਾ ਗਿਆ ਹੈ।

ਇਸੇ ਦੌਰਾਨ ਜਥੇਦਾਰ ਅਵਤਾਰ ਸਿੰਘ, ਦਿੱਲੀ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਦਿਆਲ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਬੰਦ ਕਮਰਾ ਮੀਟਿੰਗ ਕੀਤੀ ਗਈ ਹੈ। ਉਧਰ, ਬਹਾਲ ਕੀਤੇ ਪੰਜ ਪਿਆਰਿਆਂ ਦਾ ਤਬਾਦਲਾ ਧਰਮ ਪ੍ਰਚਾਰ ਕਮੇਟੀ ਵਿਚ ਕਰਨ ਤੋਂ ਬਾਅਦ ਪੰਜਾਬ ਤੋਂ ਬਾਹਰ ਅੰਮ੍ਰਿਤ ਸੰਚਾਰ ਲਈ ਡਿਊਟੀ ਲਾਈ ਗਈ ਹੈ। ਉਹ ਅੱਠ ਨਵੰਬਰ ਤਕ ਰਾਇਪੁਰ, ਭਲਾਈ, ਦੁਰਗ, ਵਿਸ਼ਾਖਾਪਟਨਮ ਆਦਿ ਥਾਂਵਾਂ ਉਤੇ ਅੰਮ੍ਰਿਤ ਸੰਚਾਰ ਕਰਨਗੇ। ਉਹ ਵਾਪਸ ਦੀਵਾਲੀ ਦੇ ਨੇੜੇ ਹੀ ਪੁੱਜ ਸਕਣਗੇ। ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ ਨਾਲ ਪੰਜ ਪਿਆਰਿਆਂ ਵਲੋਂ ਭਵਿੱਖ ਵਿਚ ਕੀਤੇ ਜਾਣ ਵਾਲੀ ਇਕੱਤਰਤਾ ਦੇ ਸੰਕਟ ਦਾ ਲਗਪਗ 11 ਨਵੰਬਰ ਤਕ ਮਾਮਲਾ ਟਲ ਗਿਆ ਹੈ।

## ਪਿੰਡ ਚੱਬਾ ਵਿਖੇ ਹੋਵੇਗਾ ਸਰਬੱਤ ਖਾਲਸਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਸਿੱਖ ਜਥੇਬੰਦੀਆਂ ਨੂੰ ਸਰਬੱਤ ਖਾਲਸਾ ਲਈ ਮੰਜੀ ਸਾਹਿਬ ਦੀਵਾਨ ਹਾਲ ਵਿਚ ਥਾਂ ਦੇਣ ਤੋਂ ਨਾਂਹ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਵਲੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਸਰਬੱਤ ਖਾਲਸਾ ਦਸ ਨਵੰਬਰ ਨੂੰ ਤਰਨ ਤਾਰਨ ਰੋਡ ਉਤੇ ਪਿੰਡ ਚੱਬਾ ਵਿਚ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ ਜਿਥੇ ਲਗਪਗ 30 ਏਕੜ ਰਕਬੇ ਦਾ ਪ੍ਰਬੰਧ ਕੀਤਾ ਗਿਆ ਹੈ। ਸਰਬੱਤ ਖਾਲਸਾ ਸਬੰਧੀ 31 ਅਕਤੂਬਰ ਨੂੰ ਜਲੰਧਰ ਵਿਚ ਸਮੂਹ ਸਿੱਖ ਜਥੇਬੰਦੀਆਂ ਦੀ ਮੀਟਿੰਗ ਵੀ ਸੱਦੀ ਗਈ ਹੈ। ਮੀਟਿੰਗ ਵਿਚ ਸਾਂਝੀ ਪ੍ਰਬੰਧਕ ਕਮੇਟੀ ਬਣਾਈ ਜਾਵੇਗੀ ਅਤੇ ਇਸ ਕਮੇਟੀ ਵੱਲੋਂ ਹੀ ਸਮੁੱਚੀ ਸਿੱਖ ਕੌਮ ਨੂੰ ਸਰਬੱਤ ਖਾਲਸਾ ਵਿਚ ਸ਼ਾਮਲ ਹੋਣ ਲਈ ਸੱਦਾ ਪੱਤਰ ਭੇਜੇ ਜਾਣਗੇ। ਸਰਬੱਤ ਖਾਲਸਾ ਸੱਦਣ ਵਾਲੀਆਂ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਨੂੰ ਮੰਗ ਪੱਤਰ ਸੌਂਪ ਕੇ ਅਪੀਲ ਕੀਤੀ ਸੀ ਕਿ ਸਰਬੱਤ ਖਾਲਸਾ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਢੁਕਵੀਂ ਥਾਂ ਦਿੱਤੀ ਜਾਵੇ। ਸਿੱਖ ਜਥੇਬੰਦੀਆਂ ਦੇ ਆਗੂਆਂ ਭਾਈ ਮੋਹਕਮ ਸਿੰਘ, ਭਾਈ ਧਿਆਨ ਸਿੰਘ ਮੰਡ, ਗੁਰਦੀਪ ਸਿੰਘ ਬਠਿੰਡਾ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਬਾਬਾ ਚਮਕੌਰ ਸਿੰਘ, ਜਰਨੈਲ ਸਿੰਘ ਸਖੀਰਾ, ਹਰਬੀਰ ਸਿੰਘ ਸੰਧੂ ਆਦਿ ਨੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੂੰ ਮੰਗ ਪੱਤਰ ਦਿੱਤਾ। ਇਸ ਵਿਚ ਸਿੱਖ ਆਗੂਆਂ ਨੇ ਆਖਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਵਲੋਂ ਕੀਤੇ ਗੈਰ-ਸਿਧਾਂਤਕ ਪੰਥਕ ਫੈਸਲਿਆਂ ਕਾਰਨ ਸੰਸਾਰ ਭਰ ਦੇ ਸਿੱਖਾਂ ਵਿਚ ਰੋਸ ਹੈ। ਇਨ੍ਹਾਂ ਮਾਮਲਿਆਂ ਨੂੰ ਵਿਚਾਰਨ ਲਈ ਦੀਵਾਲੀ ਤੋਂ ਇੱਕ ਦਿਨ ਪਹਿਲਾਂ 10 ਨਵੰਬਰ ਨੂੰ ਸਰਬੱਤ ਖਾਲਸਾ ਸੱਦਿਆ ਗਿਆ ਹੈ ਜਿਸ ਨੂੰ ਉਹ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਰਨਾ ਚਾਹੁੰਦੇ ਹਨ। ਇਸ ਬਾਰੇ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਸਰਬੱਤ ਖਾਲਸਾ ਸੱਦਣ ਦਾ ਅਧਿਕਾਰ ਸਿਰਫ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਹੈ।

## ਭਗਵੰਤ ਮਾਨ ਦੀ 'ਗੁਸਤਾਖੀ' ਤੋਂ 'ਆਪ' ਨੂੰ ਪਿਆ ਘੇਰਾ

*(ਸਫਾ ਇਕ ਦੀ ਬਾਕੀ)*

ਪਾਰਟੀ ਦੇ ਸਾਰੇ ਅਹੁਦਿਆਂ ਤੋਂ ਦਿੱਤੇ ਅਸਤੀਫੇ ਪਿੱਛੇ ਵੀ ਗੁੱਝੇ ਢੰਗ ਨਾਲ ਭਗਵੰਤ ਮਾਨ ਨੂੰ ਜ਼ਿੰਮੇਵਾਰ ਦੱਸਿਆ ਗਿਆ ਸੀ।

ਦਰਅਸਲ, ਉਨ੍ਹਾਂ 'ਤੇ ਦੋਸ਼ ਲੱਗਦੇ ਰਹੇ ਹਨ ਕਿ ਉਹ ਸੂਬੇ ਵਿਚ ਕਿਸੇ ਵੀ ਨਾਮਵਰ ਆਗੂ ਦੇ ਅੱਗੇ ਆਉਣ ਦੇ ਰਾਹ ਵਿਚ ਰੋੜਾ ਬਣਦੇ ਰਹੇ ਹਨ। ਜਦੋਂ ਸ. ਫੂਲਕਾ ਨੂੰ ਪੰਜਾਬ ਦਾ ਕਨਵੀਨਰ ਲਾਉਣ ਦੀ ਗੱਲ ਚੱਲੀ ਸੀ ਤਾਂ ਭਗਵੰਤ ਮਾਨ ਦਿੱਲੀ ਦਰਬਾਰ ਪੁੱਜ ਗਏ ਸਨ। ਪੰਜਾਬ ਵਿਚ 'ਆਪ' ਦੇ ਇਕ ਧੜੇ ਦਾ ਦੋਸ਼ ਹੈ ਕਿ ਭਗਵੰਤ ਮਾਨ ਆਪਣੇ ਆਪ ਨੂੰ 2017 ਦੀ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਮੁੱਖ ਮੰਤਰੀ ਦੇ ਅਹੁਦੇ ਦਾ ਹੱਕਦਾਰ ਸਮਝਦਾ ਹੈ। ਇਸ ਲਈ ਉਹ ਆਪਣੇ ਰਾਹ ਵਿਚ ਆਉਣ ਵਾਲੇ ਹਰ ਰੋੜੇ ਨੂੰ ਲਾਂਭੇ ਕਰਨ ਦੀ ਰਣਨੀਤੀ 'ਤੇ ਚੱਲ ਰਿਹਾ ਹੈ।

# ਬਾਦਲਾਂ ਦੇ ਬਦਲ ਦਾ ਸੰਕੇਤ ਬਾਦਲਾਂ ਦੇ ਬਦਲ

*(ਸਫਾ ਇਕ ਦੀ ਬਾਕੀ)*

ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਦੀ ਛੁੱਟੀ ਸਮੇਤ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਹਰ ਕਦਮ ਪਿੱਛੇ ਪੁੱਟਣਾ ਪਿਆ। ਬਾਦਲ ਧੜਾ ਚੋਣਾਂ ਸਮੇਂ ਹੁਣ ਤੱਕ ਆਪਣਾ ਪੰਥਕ ਰੁਤਬਾ ਅੱਗੇ ਰੱਖਦਾ ਆਇਆ ਹੈ।

ਪੇਂਡੂ ਵੋਟਰ ਅੱਜ ਵੀ ਅਕਾਲੀ ਦਲ ਦੇ ਚੋਣ ਨਿਸ਼ਾਨ 'ਤੱਕੜੀ' ਨੂੰ ਬਾਬੇ ਨਾਨਕ ਦੀ ਤੱਕੜੀ ਸਮਝ ਕੇ ਵੋਟ ਦਿੰਦੇ ਰਹੇ ਹਨ। ਪੰਥਕ ਧਿਰਾਂ ਭਾਵੇਂ ਹੁਣ ਤੱਕ ਬਾਦਲ ਰਾਜ ਦੇ ਖਾਤਮੇ ਦੀ ਗੱਲ ਤਾਂ ਕਰਦੀਆਂ ਆਈਆਂ ਹਨ, ਪਰ ਇਸ ਦਾ ਕੋਈ ਸਿਆਸੀ ਬਦਲ ਪੇਸ਼ ਕਰਨ ਵਿਚ ਨਾਕਾਮ ਰਹੀਆਂ ਹਨ। ਹਾਕਮ ਧਿਰ ਤੋਂ ਬਿਨਾਂ ਸਿਮਰਨਜੀਤ ਸਿੰਘ ਮਾਨ ਵਾਲਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਹੀ ਆਪਣੇ ਆਪ ਨੂੰ ਪੰਥਕ ਬਦਲ ਵੱਲੋਂ ਪੇਸ਼ ਕਰਦਾ ਆਇਆ ਹੈ, ਪਰ ਆਪਣੇ ਗਰਮ ਖਿਆਲੀ ਸੁਭਾਅ ਕਾਰਨ ਉਹ ਹਾਸ਼ੀਏ 'ਤੇ ਹੈ। ਪਿਛਲੇ ਵਰ੍ਹੇ 2014 ਵਿਚ ਵੀ ਨਾਨਕਸ਼ਾਹੀ ਕੈਲੰਡਰ ਵਿਵਾਦ ਅਤੇ ਬੰਦੀ ਸਿੱਖਾਂ ਦੀ ਰਿਹਾਈ ਕਾਰਨ ਪੈਦਾ ਹੋਏ ਰੋਸ ਪਿੱਛੋਂ ਪੰਥਕ ਧਿਰਾਂ ਨੇ ਚੰਡੀਗੜ੍ਹ ਵਿਚ ਮੀਟਿੰਗ ਕਰ ਕੇ ਪੰਥਕ ਪਾਰਟੀ ਬਣਾਉਣ ਲਈ ਰਣਨੀਤੀ ਘੜੀ ਸੀ, ਪਰ ਸੰਤ ਸਮਾਜ ਅਤੇ ਮਾਨ ਧੜੇ ਦੀ ਇਸ ਮਸਲੇ 'ਤੇ ਰਗ ਨਾ ਰਲੀ। ਹੁਣ ਪੰਜਾਬ ਦੇ ਲੋਕਾਂ ਵੱਲੋਂ ਮਿਲੇ ਸਮਰਥਨ ਨੇ ਪੰਥਕ ਧਿਰਾਂ ਨੂੰ ਇਸ ਪਾਸੇ ਫਿਰ ਸੋਚਣ ਲਈ ਮਜਬੂਰ ਕੀਤਾ ਹੈ। ਹੁਣ ਬਰਗਾੜੀ ਵਿਚ ਪਾਸ ਕੀਤੇ ਮਤਿਆਂ ਦਾ ਨਿਸ਼ਾਨਾ ਬਾਦਲ ਵੱਲ ਸੇਧਿਤ ਹੈ। 30 ਅਕਤੂਬਰ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਖੂਨ ਦੀਆਂ ਥੈਲੀਆਂ ਦੇਣਾ, ਮੰਗਾਂ ਨਾ ਮੰਨਣ ਉੱਤੇ 15 ਨਵੰਬਰ ਤੋਂ ਮੁੱਖ ਮੰਤਰੀ, ਮੰਤਰੀਆਂ, ਸੱਤਾਧਾਰੀ ਧਿਰ ਨਾਲ ਸਬੰਧਤ ਵਿਧਾਇਕਾਂ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦਾ ਘੇਰਾਓ ਕਰਨਾ ਸਿਆਸੀ ਦਿਸ਼ਾ ਤੈਅ ਕਰਨ ਵਾਲਾ ਐਲਾਨ ਹੈ। ਇਸ ਇਕੱਠ ਵਿਚ ਕਿਸਾਨ ਮਸਲੇ ਉਠਾ ਕੇ ਚਿੱਟੇ ਮੱਛਰ ਕਾਰਨ ਹੋਏ ਨੁਕਸਾਨ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰਨ ਦਾ ਮੁੱਦਾ ਸੰਕਟ ਵਿਚ ਫਸੀ ਕਿਸਾਨੀ ਦੀ ਹਮਦਰਦੀ ਜਿੱਤਣ ਦੀ ਰਣਨੀਤੀ ਸਮਝੀ ਜਾ ਰਹੀ ਹੈ।

ਪੰਜਾਬ ਇਸ ਮੌਕੇ ਸਿਆਸੀ, ਆਰਥਿਕ, ਸਮਾਜਕ, ਸਭਿਆਚਾਰਕ ਤੇ ਧਾਰਮਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਸਰਕਾਰ ਦੀ ਕਾਰਗੁਜ਼ਾਰੀ ਖਿਲਾਫ ਸੂਬੇ ਦੇ ਲੋਕ ਦੀ ਨਾਰਾਜ਼ਗੀ, ਭਰੋਸੇਯੋਗ ਤੇ ਸੰਗਠਿਤ ਲੀਡਰਸ਼ਿਪ ਦੀ ਮੰਗ ਕਰਦੀ ਹੈ। ਬਹੁਤ ਸਾਰੀਆਂ ਸਿਆਸੀ ਧਿਰਾਂ ਆਪਣੀ ਗੁਵਾਚੀ ਹੋਈ ਜ਼ਮੀਨ ਮੁੜ ਹਾਸਲ ਕਰਨ ਦੀ ਤਾਕ ਵਿਚ ਹਨ। ਬਰਗਾੜੀ ਇਕੱਠ ਵਿਚ ਸਿੱਖ ਸੰਗਤ ਨੇ ਕਿਸੇ ਵੀ ਸਿਆਸੀ ਧਿਰ ਨੂੰ ਮੂੰਹ ਨਹੀਂ ਲਾਇਆ। ਸਮਾਗਮ ਤੋਂ ਇਕ ਦਿਨ ਪਹਿਲਾਂ ਬਠਿੰਡਾ ਵਿਚ ਗੁਪਤ ਮੀਟਿੰਗ ਦੌਰਾਨ ਸਭ ਪੰਥਕ ਆਗੂਆਂ ਤੇ ਸੰਤ ਸਮਾਜ ਦੇ ਪ੍ਰਚਾਰਕਾਂ ਨੇ ਆਪਸੀ ਮਤਭੇਦ ਭੁਲਾ ਕੇ ਇਹ ਪ੍ਰੋਗਰਾਮ ਉਲੀਕਿਆ ਸੀ। ਮੀਟਿੰਗ ਦੀ ਕਾਰਵਾਈ ਨੂੰ ਗੁਪਤ ਰੱਖਣ ਵਾਸਤੇ ਸਭ ਆਗੂਆਂ ਨੇ ਪ੍ਰਣ ਵੀ ਲਿਆ ਸੀ ਜਿਸ ਦਾ ਐਲਾਨ ਭੋਗ ਸਮਾਗਮਾਂ 'ਤੇ ਕੀਤਾ ਗਿਆ। ਮੀਟਿੰਗ ਵਿਚ ਭਾਈ ਪੰਥਪ੍ਰੀਤ ਸਿੰਘ ਖਾਲਸਾ, ਰਣਜੀਤ ਸਿੰਘ ਢੱਡਰੀਆਂ, ਭਾਈ ਦਲੇਰ ਸਿੰਘ ਖੇੜੀ, ਬਾਬਾ ਬਲਜੀਤ ਸਿੰਘ ਦਾਦੂਵਾਲ, ਸਾਬਕਾ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ, ਅਕਾਲੀ ਦਲ (1920), ਸਾਬਕਾ ਸੰਸਦ ਮੈਂਬਰ ਧਿਆਨ ਸਿੰਘ ਮੰਡ, ਦਮਦਮੀ ਟਕਸਾਲ ਨੇ ਪੰਥਕ ਏਕੇ ਦਾ ਪ੍ਰਣ ਲਿਆ ਸੀ।


### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ



**Punjab Times**
**Established in 2000**
**16th Year in Publication**

Published every Saturday
by **A B Publication Inc.**


20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395


Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**


**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਸਹਿਣਸ਼ੀਲਤਾ ਤੇ ਧੱਕੇਸ਼ਾਹੀ ਖਿਲਾਫ ਸੜਕਾਂ 'ਤੇ ਆਏ ਕਲਮਕਾਰ

**ਨਵੀਂ ਦਿੱਲੀ:** ਸਨਮਾਨ ਪੁਰਸਕਾਰ ਮੋੜਨ ਤੋਂ ਬਾਅਦ ਹੁਣ ਲੇਖਕਾਂ ਨੇ ਦੇਸ਼ ਵਿਚ ਵਧਦੀ ਅਸਹਿਣਸ਼ੀਲਤਾ ਖਿਲਾਫ ਸੜਕਾਂ 'ਤੇ ਆਉਣ ਦਾ ਫੈਸਲਾ ਕੀਤਾ ਹੈ। ਭਾਰਤੀ ਸਾਹਿਤ ਅਕਾਦਮੀ ਦੀ ਕਾਰਜਕਾਰਨੀ ਬੈਠਕ ਦੇ ਮੱਦੇਨਜ਼ਰ ਦੇਸ਼ ਦੇ ਲੇਖਕਾਂ ਵੱਲੋਂ ਅਕਾਦਮੀ ਦੇ ਬਾਹਰ ਪ੍ਰਦਰਸ਼ਨ ਕੀਤਾ ਗਿਆ। ਲੇਖਕਾਂ ਵੱਲੋਂ ਨਾਅਰੇਬਾਜ਼ੀ ਵੀ ਕੀਤੀ ਗਈ ਤੇ ਮੋਦੀ ਸਰਕਾਰ ਨੂੰ ਹਾਸ਼ੀਏ ਉਪਰ ਧੱਕਣ ਤੇ ਬੌਧਿਕ ਪੱਧਰ ਦਾ ਅਤਿਵਾਦ ਫੈਲਾਉਣ ਦਾ ਦੋਸ਼ ਵੀ ਲਾਇਆ ਗਿਆ।

ਪ੍ਰਗਤੀਸ਼ੀਲ ਸਾਹਿਤਕਾਰਾਂ ਨੇ ਪ੍ਰੋਫੈਸਰ ਕਲਬੁਰਗੀ ਦੇ ਕਤਲ, ਦੇਸ਼ ਵਿਚ ਵਧਦੀ ਅਸਹਿਣਸ਼ੀਲਤਾ ਸਮੇਤ ਆਪਣੇ ਵਿਚਾਰ ਥੋਪਣ ਸਮੇਤ ਹੋਰ ਮੁੱਦਿਆਂ ਦੇ ਵਿਰੁੱਧ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਆਪਣੇ ਮੂੰਹ ਉਤੇ ਕਾਲੀਆਂ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਪ੍ਰਗਤੀਸ਼ੀਲ ਲੇਖਕਾਂ ਵੱਲੋਂ ਸਾਹਿਤ ਅਕਾਦਮੀ ਸਨਮਾਨ ਵਾਪਸ ਕਰਨ ਦੀ ਪਹਿਲ ਸ਼ੁਰੂ ਕੀਤੀ ਸੀ ਤੇ ਪੰਜਾਬੀ ਦੇ ਵੀ ਕਈ ਲੇਖਕਾਂ ਨੇ ਸਨਮਾਨ ਵਾਪਸ ਕੀਤੇ ਹਨ।

### ਸਾਹਿਤ ਅਕਾਦਮੀ ਨੇ ਵੀ ਆਖਰਕਾਰ ਚੁੱਪ ਤੋੜੀ

**ਨਵੀਂ ਦਿੱਲੀ:** ਭਾਰਤੀ ਸਾਹਿਤ ਅਕਾਦਮੀ ਨੇ ਦੇਸ਼ ਵਿਚ ਵਿਆਪਕ ਵਿਰੋਧ ਦੇ ਮੱਦੇਨਜ਼ਰ ਆਖਰਕਾਰ ਕੰਨੜ ਲੇਖਕ ਐਮ.ਐਮ. ਕਲਬੁਰਗੀ ਦੇ ਕਤਲ ਦੀ ਨਿੰਦਾ ਕੀਤੀ ਹੈ ਤੇ ਅਕਾਦਮੀ ਨੇ ਇਸ ਕਤਲ ਸਮੇਤ ਦੇਸ਼ ਵਿਚ ਵਧਦੀ ਅਸਹਿਣਸ਼ੀਲਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਅਕਾਦਮੀ ਨੇ ਲੇਖਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਾਹਿਤ ਅਕਾਦਮੀ ਨੂੰ ਮੋੜੇ ਆਪਣੇ ਸਨਮਾਨ ਵਾਪਸ ਲੈ ਲੈਣ।

ਇਹ ਅਪੀਲ ਕਾਰਜਕਾਰਨੀ ਬੋਰਡ ਦੀ ਅਕਾਦਮੀ ਕੈਂਪਸ ਵਿਚ ਹੋਈ ਬੈਠਕ ਦੌਰਾਨ ਕੀਤੀ ਗਈ। ਅਕਾਦਮੀ ਨੇ ਲੇਖਕਾਂ ਦੇ ਵਿਚਾਰਾਂ ਦੀ ਆਜ਼ਾਦੀ ਦਾ ਸਾਥ ਦਿੱਤਾ ਹੈ। ਅਕਾਦਮੀ ਵੱਲੋਂ ਪਾਸ ਕੀਤੇ ਗਏ ਮਤੇ ਉਤੇ ਅਕਾਦਮੀ ਮੁਖੀ ਵਿਸ਼ਵਨਾਥ ਪ੍ਰਸ਼ਾਦ ਤਿਵਾੜੀ ਤੇ ਮੀਤ ਪ੍ਰਧਾਨ ਚੰਦਰਸ਼ੇਖਰ ਕੰਬਦ ਵੱਲੋਂ ਦਸਤਖਤ ਕੀਤੇ ਗਏ ਹਨ। ਅਕਾਦਮੀ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਕਿਹਾ ਕਿ ਉਹ ਵੱਖ-ਵੱਖ ਫਿਰਕਿਆਂ ਵਿਚਾਲੇ ਭਾਈਚਾਰਕ ਸਾਂਝ ਬਣਾਈ ਰੱਖਣ ਵਿਚ ਭੂਮਿਕਾ ਨਿਭਾਉਣ।

ਇਹ ਰੋਸ ਮਾਰਚ ਧੜੇਬੰਦੀ ਦਾ ਸ਼ਿਕਾਰ ਵੀ ਹੋ ਗਿਆ। ਇਕ ਧੜਾ ਉਹ ਸੀ ਜੋ ਮੌਨ ਰੋਸ ਮਾਰਚ ਕੱਢ ਕੇ ਅਕਾਦਮੀ ਦੇ ਦਫਤਰ ਤੱਕ ਪੁੱਜਾ ਤੇ ਦੂਜੇ ਧੜੇ ਨੇ ਇਨ੍ਹਾਂ ਪ੍ਰਗਤੀਸ਼ੀਲ ਲੇਖਕਾਂ ਦੇ ਵਿਰੁੱਧ ਹੀ ਰੋਸ ਪ੍ਰਦਰਸ਼ਨ ਕਰ ਦਿੱਤਾ। ਦੂਜੇ ਪਾਸੇ ਰਾਸ਼ਟਰਵਾਦੀ ਹੋਣ ਦਾ ਦਾਅਵਾ ਕਰਨ ਵਾਲੇ ਲੇਖਕਾਂ ਦੇ ਧੜੇ ਨੇ ਖੱਬੇ ਪੱਖੀ ਲੇਖਕਾਂ ਉਤੇ ਸਿਆਸਤ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਵੱਲੋਂ ਪ੍ਰਗਤੀਸ਼ੀਲ ਲੇਖਕਾਂ ਉਪਰ ਭਾਰੂ ਹੋਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਵੱਲੋਂ ਅਕਾਦਮੀ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਕਿਸੇ ਦਬਾਅ ਹੇਠ ਨਾ ਆਵੇ ਕਿਉਂਕਿ ਇਸ ਤੋਂ ਪਹਿਲਾਂ ਵੀ ਜਦੋਂ ਕਦੇ ਦੇਸ਼ ਵਿਚ ਦੁਰਘਟਨਾਵਾਂ ਜਾਂ ਦੰਗੇ ਹੋਏ ਤਾਂ ਕਿਸੇ ਨੇ ਸਾਹਿਤ ਅਕਾਦਮੀ ਸਨਮਾਨ ਵਾਪਸ ਨਹੀਂ ਕੀਤਾ ਸੀ। ਲੇਖਕ ਨਰਿੰਦਰ ਕੋਹਲੀ ਮੁਤਾਬਕ ਜਦੋਂ ਕਸ਼ਮੀਰ ਵਿਚ ਹਿੰਦੂਆਂ ਉਤੇ ਜ਼ੁਲਮ ਹੋ ਰਿਹਾ ਸੀ ਤੇ ਪੰਜਾਬ ਵਿਚ ਅਤਿਵਾਦ ਸਿਖਰ ਉਤੇ ਸੀ ਜਾਂ ਐਮਰਜੈਂਸੀ ਦੌਰਾਨ ਜਦੋਂ ਲੇਖਕਾਂ ਨੂੰ ਜੇਲ੍ਹਾਂ ਅੰਦਰ ਵੀ ਸੁੱਟਿਆ ਗਿਆ ਸੀ ਤਾਂ ਸਨਮਾਨ ਕਿਉਂ ਵਾਪਸ ਨਹੀਂ ਕੀਤੇ ਗਏ।

ਇਸ ਧੜੇ ਦੇ ਇਕ ਲੇਖਕ ਨੇ ਸਵਾਲ ਕੀਤਾ ਕਿ ਜਦੋਂ ਕੰਨੜ ਬੁੱਧੀਜੀਵੀ ਦਾ ਕਤਲ ਹੋਇਆ ਸੀ ਤਾਂ ਕਰਨਾਟਕ ਵਿਚ ਕਾਂਗਰਸ ਸਰਕਾਰ ਹੈ ਤੇ ਜਿਥੇ ਦਾਦਰੀ ਕਾਂਡ ਹੋਇਆ ਉਥੇ ਸਮਾਜਵਾਦੀ ਪਾਰਟੀ ਦੀ ਸਰਕਾਰ ਹੈ। ਸਨਮਾਨ ਵਾਪਸ ਕਰਨ ਵਾਲੇ ਮੋਦੀ ਤੇ ਭਾਜਪਾ ਸਰਕਾਰ ਨੂੰ ਹਾਸ਼ੀਏ ਉਤੇ ਧੱਕਣ ਲਈ ਯਤਨਸ਼ੀਲ ਹਨ ਤੇ ਇਹ ਫਿਰਕਾਪ੍ਰਸਤੀ ਵੱਖਰੀ ਤਰ੍ਹਾਂ ਦੀ ਹੈ। ਸੂਰੀਆ ਕਾਂਤ ਬਾਲੀ ਮੁਤਾਬਕ ਜਿਨ੍ਹਾਂ ਲੇਖਕਾਂ ਨੇ ਸਨਮਾਨ ਵਾਪਸ ਕੀਤੇ ਹਨ ਉਨ੍ਹਾਂ ਨੂੰ ਸਨਮਾਨ ਕਾਂਗਰਸੀ ਤੇ ਖੱਬੀਆਂ ਧਿਰਾਂ ਦੀਆਂ ਸਰਕਾਰਾਂ ਦੌਰਾਨ ਮਿਲੇ ਸਨ।


## Matrimonial

### ਕੰਨਿਆ ਦੀ ਲੋੜ ਹੈ

Ghumiyar Sikh (Amritdhari), Engineer, Work Visa Holder, Living in Houston (USA), Age 27, Height 5'-7". Looking For well educated, US/Canadian Citizen girl. Contact: Ph. 281-253-3743 jasvirk.7812@gmail.com 43-46

Looking a match for a turbaned Saini Sikh, 27, computer Engineer, working in Canada after higher studies. Girl from USA or Canada will be preferred. Contact, Ph: 510 557 6988 or raj@gfbontime.com 43-46

ਰਾਮਗੜੀਆ ਸਿੱਖ ਗਰੀਨ ਕਾਰਡ ਹੋਲਡਰ ਕੈਲੀਫੋਰਨੀਆ ਰਹਿੰਦੇ ਉਮਰ 24 ਸਾਲ, ਕੱਦ 5'-9", ਲੜਕੇ ਲਈ ਪੜ੍ਹੀ-ਲਿਖੀ ਯੋਗ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਸੰਪਰਕ ਕਰੋ, ਫੋਨ: 707-386-3001 41-44

### ਵਰ ਦੀ ਲੋੜ ਹੈ

ਸੁੰਦਰ, ਸੁਸ਼ੀਲ, 5'-2", 27 ਸਾਲ ਵਰਮਾ ਕੰਪਿਊਟਰ ਸਾਇੰਸ ਦਾ ਕੋਰਸ ਕਰਦੀ ਅਮੈਰਿਕਨ ਸਿਟੀਜ਼ਨ ਲੜਕੀ ਲਈ ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਵਰਕ/ਸਟੂਡੈਂਟ ਵੀਜ਼ੇ 'ਤੇ ਆਏ ਇੰਜੀਨੀਅਰ, ਡਾਕਟਰ, ਪੜ੍ਹੇ-ਲਿਖੇ ਅਤੇ ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 630-935-1857

**Punjab Time**
*Punjabtimes1@gmail.com*



## ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ। ਰਿਹਾਇਸ਼ ਫਰੀ, ਚੰਗੀ ਤਨਖਾਹ

*ਸੰਪਰਕ ਕਰੋ:*

**ਸੰਨੀ, ਫੋਨ: 608-630-0287** 44-47


# ਨਸ਼ਾ ਤਸਕਰੀ ਕੇਸਾਂ ਦੀ ਸੁਸਤ ਜਾਂਚ ਰਫਤਾਰ ਤੋਂ ਹਾਈਕੋਰਟ ਖਫਾ

**ਚੰਡੀਗੜ੍ਹ:** ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਵਿਚ ਕੀਤੀ ਜਾ ਰਹੀ ਦੇਰੀ ਉਤੇ ਹਾਈਕੋਰਟ ਨੇ ਪੰਜਾਬ ਸਰਕਾਰ ਦੀ ਖਿਚਾਈ ਕੀਤੀ ਹੈ ਤੇ ਹੁਣ ਪੰਜਾਬ ਦੇ ਗ੍ਰਿਹ ਸਕੱਤਰ ਤੋਂ ਇਨ੍ਹਾਂ ਮਾਮਲਿਆਂ ਬਾਰੇ ਜਵਾਬ-ਤਲਬ ਕਰ ਲਿਆ ਹੈ। ਸਰਕਾਰ ਨੇ ਲੰਘੇ ਮਈ ਮਹੀਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਭਰੋਸਾ ਦਿੱਤਾ ਸੀ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਬੰਧੀ ਮਾਮਲਿਆਂ ਦੀ ਜਾਂਚ ਲਈ ਨਵੀਆਂ ਪ੍ਰਯੋਗਸ਼ਾਲਾਵਾਂ, ਸਟਾਫ ਤੇ ਹੋਰ ਸਾਮਾਨ ਅਗਸਤ ਮਹੀਨੇ ਦੇ ਅੰਤ ਤੱਕ ਉਪਲਬਧ ਕਰਵਾ ਦਿੱਤਾ ਜਾਵੇਗਾ।

ਸਰਕਾਰ ਨੇ 16 ਅਕਤੂਬਰ ਨੂੰ ਹਾਈਕੋਰਟ ਨੂੰ ਦੱਸਿਆ ਕਿ ਇਨ੍ਹਾਂ ਮਾਮਲਿਆਂ ਲਈ ਲੋੜੀਂਦੇ ਰਸਾਇਣ, ਗਲਾਸ ਵੇਅਰ ਤੇ ਵਿਗਿਆਨਕ ਮਸ਼ੀਨਾਂ/ਯੰਤਰ ਦੀ ਖਰੀਦ ਦਾ ਆਰਡਰ ਦਿੱਤਾ ਗਿਆ ਹੈ। ਸਰਕਾਰ ਨੇ ਹਾਈਕੋਰਟ ਨੂੰ ਦੱਸਿਆ ਕਿ ਮਾਮਲਿਆਂ ਦੀ ਜਾਂਚ ਲਈ ਲੋੜੀਂਦੇ 12 ਅਹੁਦੇ ਬਾਹਰੋਂ ਭਰਤੀ ਭਾਵ ਆਊਟ-ਸੋਰਸ ਪ੍ਰਣਾਲੀ ਰਾਹੀਂ ਭਰੇ ਜਾਣਗੇ, ਪਰ ਇਹ ਅਹੁਦੇ ਕਿਹੜੇ ਹਨ, ਇਸ ਬਾਰੇ ਸਰਕਾਰ ਹਾਈਕੋਰਟ ਨੂੰ ਕੁਝ ਨਹੀਂ ਦੱਸ ਸਕੀ।

ਸਰਕਾਰ ਦੇ ਜਵਾਬ 'ਤੇ ਹਾਈਕੋਰਟ ਦੇ ਜਸਟਿਸ ਰਾਜੇਸ਼ ਬਿੰਦਲ ਨੇ ਕਿਹਾ ਕਿ ਸੁਣਵਾਈ ਦੌਰਾਨ ਅਦਾਲਤ ਦੀ ਫਟਕਾਰ ਤੋਂ ਬਚਣ ਲਈ ਹੀ ਸਰਕਾਰ ਨੇ ਇਹ ਜਵਾਬ ਦਾਇਰ ਕੀਤਾ ਹੈ, ਜਵਾਬ ਦਾਇਰ ਕਰਨ ਤੋਂ ਦੋ ਦਿਨ ਪਹਿਲਾਂ ਹੀ ਕਾਰਵਾਈ ਕੀਤੀ ਗਈ ਹੈ। ਤੈਅ ਹੈ ਕਿ ਸਰਕਾਰ ਇਸ ਮਾਮਲੇ ਵਿਚ ਲਾਪਰਵਾਹ ਹੈ, ਇਸੇ ਕਾਰਨ ਜਾਂਚ ਵਿਚ ਦੇਰੀ ਹੋ ਰਹੀ ਹੈ। ਇਸ ਲਈ ਹਾਈਕੋਰਟ ਨੇ ਪੰਜਾਬ ਦੇ ਗ੍ਰਿਹ ਤੇ ਨਿਆਂ ਵਿਭਾਗ ਦੇ ਸਕੱਤਰ ਨੂੰ ਮਾਮਲੇ ਵਿਚ ਜਵਾਬ ਦਾਇਰ ਕਰਨ ਦੇ ਹੁਕਮ ਦਿੱਤੇ ਹਨ। ਹਾਈਕੋਰਟ ਨੇ ਸਰਕਾਰ ਨੂੰ ਜਲਦ ਤੋਂ ਜਲਦ ਨਵੀਆਂ ਫੋਰੈਂਸਿਕ ਲੈਬਸ ਸ਼ੁਰੂ ਕਰਨ ਦੇ ਹੁਕਮ ਵੀ ਦਿੱਤੇ ਹਨ। ਮਾਮਲੇ ਦੀ ਸੁਣਵਾਈ ਹੁਣ ਪਹਿਲੀ ਦਸੰਬਰ ਨੂੰ ਹੋਵੇਗੀ।


## ਨਿਊ ਮੈਕਸੀਕੋ ਵਿਚ

## ਸੈਲੂਨ 'ਤੇ ਥਰੈਡਿੰਗ ਵਗੈਰਾ ਕਰਨ ਲਈ ਕੁੜੀਆਂ/ਔਰਤਾਂ ਦੀ ਲੋੜ ਹੈ

- ਜੇ ਕੰਮ ਨਹੀਂ ਵੀ ਆਉਂਦਾ ਤਾਂ ਉਨ੍ਹਾਂ ਨੂੰ ਅਸੀਂ ਵੀ ਸਿਖਾ ਦਿਆਂਗੇ
- ਚੰਗੀ ਤਨਖਾਹ
- ਉਨ੍ਹਾਂ ਦੇ ਇਥੇ ਸੈਟਲ ਹੋਣ ਵਿਚ ਵੀ ਮਦਦ ਕਰਾਂਗੇ ਬੇਸ਼ਕ ਉਨ੍ਹਾਂ ਦਾ ਪੂਰਾ ਪਰਿਵਾਰ ਵੀ ਨਾਲ ਹੋਵੇ
- ਅਸੀਂ ਉਨ੍ਹਾਂ ਦੀ ਕੋਈ ਹੋਰ ਜਾਬ ਲੱਭਣ ਵਿਚ ਵੀ ਮਦਦ ਕਰਾਂਗੇ



ਸੰਪਰਕ ਕਰੋ:

**ਸੋਨੀਆ ਢੀਂਡਸਾ 505-470-7241**

**Email: soniadhindsa29@gmail.com**





# UMA TRAVELS

**2535 W. Devon Ave., Chicago, IL 60659**

**For Lowest Fares & Reliable Service**
**Call For Special Sale Fares**

**Call: 773-338-5603**


### ਚੀਨ ਵਿਚ ਦੋ ਬੱਚੇ ਪੈਦਾ ਕਰਨ ਦੀ ਰੁਚੀ ਵਧੀ

**ਬੀਜਿੰਗ:** ਚੀਨ ਦੇ ਜੋੜਿਆਂ ਵਿਚ ਦੂਜੇ ਬੱਚੇ ਦਾ ਰੁਝਾਨ ਵਧਣ ਲੱਗਾ ਹੈ। ਬੀਜਿੰਗ ਵਿਚ 53000 ਜੋੜਿਆਂ ਨੇ ਦੂਜਾ ਬੱਚਾ ਪੈਦਾ ਕਰਨ ਲਈ ਸਰਕਾਰ ਤੋਂ ਲਿਖਤੀ ਤੌਰ ਉਤੇ ਆਗਿਆ ਮੰਗੀ ਹੈ। ਸਰਕਾਰ ਨੇ ਮਾਪਿਆਂ ਦੀ ਭਾਵਨਾ ਨੂੰ ਧਿਆਨ ਵਿਚ ਰੱਖਦੇ ਹੋਏ ਤਕਰੀਬਨ 48 ਹਜ਼ਾਰ ਜੋੜਿਆਂ ਨੂੰ ਇਸ ਦੀ ਇਜਾਜ਼ਤ ਵੀ ਦੇ ਦਿੱਤੀ ਹੈ।

### ਗਾਇਕ ਲਾਭ ਜੰਜੂਆ ਦਾ ਦੇਹਾਂਤ

**ਮੁੰਬਈ:** ਉੱਘੇ ਪੰਜਾਬੀ ਪਿੱਠਵਰਤੀ ਗਾਇਕ ਲਾਭ ਜੰਜੂਆ ਦੀ ਗੋਰੇਗਾਓਂ ਸਥਿਤ ਰਿਹਾਇਸ਼ ਤੋਂ ਲਾਸ਼ ਮਿਲੀ ਹੈ। ਉਨ੍ਹਾਂ ਦੀ ਮੌਤ ਬਾਰੇ ਉਦੋਂ ਪਤਾ ਲੱਗਾ ਜਦੋਂ ਸਵੇਰੇ ਸਫਾਈ ਲਈ ਨੌਕਰਾਣੀ ਪੁੱਜੀ। ਉਸ ਨੇ ਆਸ ਪਾਸ ਦੇ ਲੋਕਾਂ ਨੂੰ ਇਸ ਬਾਰੇ ਦੱਸਿਆ।



ਲਾਭ ਜੰਜੂਆ ਪੰਜਾਬ ਦੇ ਸ਼ਹਿਰ ਖੰਨਾ ਨਾਲ ਸਬੰਧਤ ਸਨ। ਇਸ ਗਾਇਕ ਨੇ ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਸਿੰਘ ਇਜ਼ ਬਲਿੰਗ' ਤੋਂ ਇਲਾਵਾ 'ਰੱਬ ਨੇ ਬਨਾ ਦੀ ਜੋੜੀ' ਅਤੇ 'ਪਾਰਟਨਰ' ਵਰਗੀਆਂ ਫਿਲਮਾਂ ਦੇ ਗੀਤਾਂ ਨੂੰ ਵੀ ਆਪਣੀ ਆਵਾਜ਼ ਦਿੱਤੀ ਸੀ। ਉਨ੍ਹਾਂ ਦੀ ਮੌਤ ਉਤੇ ਸੰਗੀਤ ਇੰਡਸਟਰੀ ਵਿਚ ਸੋਗ ਦੀ ਲਹਿਰ ਹੈ।


DHOL RADIO

WEBSITE - DHOLRADIO.CO

# DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ



REQUEST SONG
MUSIC 24/7
LISTEN ON PHONE

ਹੁਣ ਸ਼ਿਕਾਗੋ ਤੋਂ

Application For Android and iPhone - Dhol Radio

LIVE CALLS ➡ USA 951-824-6365

skype - DHOLRADIO.ORG

LISTEN BY CALL ➡ USA 702-489-0211

Sukhpal Gill
10 pm to 12 am (IST)

Puran singh waraich
2:30 pm to 4 pm (IST)



# INDIAN BAZAAR

**334 S. Emerson Ave., GREENWOOD, IN 46143**

**ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ**

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

*ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।*

*ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ*



*ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ*

**Ph: 317-534-5151, 916-524-0045**

# ਪੰਥਕ ਧਿਰਾਂ ਵੱਲੋਂ ਬਾਦਲ ਧੜੇ ਨੂੰ ਘੇਰਨ ਲਈ ਚੜ੍ਹਾਈ

**ਕੋਟਕਪੂਰਾ:** ਪੰਥਕ ਧਿਰਾਂ ਨੇ ਪੰਜਾਬ ਸਰਕਾਰ ਨੂੰ ਪਿਛਲੇ ਕੁਝ ਦਿਨਾਂ ਵਿਚ ਵਾਪਰੀਆਂ ਘਟਨਾਵਾਂ ਤੇ ਹੋਰ ਮਸਲਿਆਂ ਨੂੰ ਹੱਲ ਕਰਨ ਲਈ 14 ਨਵੰਬਰ ਤੱਕ ਦਾ ਅਲਟੀਮੇਟਮ ਦਿੱਤਾ ਹੈ। ਪੁਲਿਸ ਫਾਇਰਿੰਗ ਵਿਚ ਮਾਰੇ ਗਏ ਗੁਰਜੀਤ ਸਿੰਘ ਤੇ ਕ੍ਰਿਸ਼ਨ ਭਗਵਾਨ ਸਿੰਘ ਦੀ ਅੰਤਿਮ ਅਰਦਾਸ ਮੌਕੇ ਹਾਜ਼ਰ ਸੰਗਤ ਦੀ ਪ੍ਰਵਾਨਗੀ ਨਾਲ ਨੌਂ ਮਤੇ ਪਾਸ ਕੀਤੇ ਗਏ। ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ 14 ਨਵੰਬਰ ਤੱਕ ਮੰਗਾਂ ਨਾ ਮੰਨੀਆਂ ਗਈਆਂ ਤਾਂ ਅਗਲੇ ਦਿਨ 15 ਨਵੰਬਰ ਤੋਂ ਮੰਤਰੀਆਂ, ਹੁਕਮਰਾਨ ਗਠਜੋੜ ਦੇ ਵਿਧਾਇਕਾਂ, ਸ਼੍ਰੋਮਣੀ ਕਮੇਟੀ ਅਹੁਦੇਦਾਰਾਂ ਤੇ ਮੈਂਬਰਾਂ ਦਾ ਘਿਰਾਓ ਕਰਕੇ ਉਨ੍ਹਾਂ ਵਿਰੁੱਧ ਪ੍ਰਦਰਸ਼ਨ ਕੀਤੇ ਜਾਣਗੇ।

ਇਕੱਠ ਵਿਚ ਅਮਰੀਕਾ, ਕੈਨੇਡਾ, ਫਰਾਂਸ ਤੋਂ ਇਲਾਵਾ ਉਤਰਾਖੰਡ, ਦਿੱਲੀ, ਰਾਜਸਥਾਨ, ਯੂ.ਪੀ., ਹਿਮਾਚਲ ਪ੍ਰਦੇਸ਼ ਆਦਿ ਰਾਜਾਂ ਤੋਂ ਵੀ ਸੰਗਤ ਨੇ ਸ਼ਮੂਲੀਅਤ ਕੀਤੀ। ਬੁਲਾਰਿਆਂ ਨੇ ਹਾਕਮ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਸ਼ਾਨੇ ਉਤੇ ਰੱਖ ਕੇ ਤਿੱਖੇ ਸ਼ਬਦੀ ਹਮਲੇ ਕੀਤੇ। ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਭਾਈ ਪੰਥਪ੍ਰੀਤ ਸਿੰਘ ਖਾਲਸਾ, ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਰਣਜੀਤ ਸਿੰਘ ਢੱਡਰੀਆਂ ਵਾਲਾ, ਅਮਰੀਕ ਸਿੰਘ ਅਜਨਾਲਾ, ਸਾਬਕਾ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ, ਗਿਆਨੀ ਕੇਵਲ ਸਿੰਘ, ਸਿਮਰਨਜੀਤ ਸਿੰਘ ਮਾਨ, ਪਰਮਜੀਤ ਸਿੰਘ ਸਰਨਾ, ਜਗਦੀਸ਼ ਸਿੰਘ ਝੀਂਡਾ, 'ਆਪ' ਆਗੂ ਸੁੱਚਾ ਸਿੰਘ ਛੋਟੇਪੁਰ, ਡਾ. ਧਰਮਵੀਰ ਗਾਂਧੀ ਸਮੇਤ ਹੋਰਾਂ ਨੇ ਅਕਾਲੀ ਦਲ 'ਤੇ ਪੰਥਕ ਸੋਚ ਨੂੰ ਖੋਰਾ ਲਾਉਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਭਾਜਪਾ ਦੀ ਸਰਪ੍ਰਸਤੀ ਕਰਨ ਵਾਲੀ ਕੱਟੜ ਹਿੰਦੂ ਜਥੇਬੰਦੀ ਨੂੰ ਖੁਸ਼ ਕਰਨ ਲਈ ਅਕਾਲੀ ਦਲ ਦੀ ਲੀਡਰਸ਼ਿਪ ਸਿੱਖ ਕੌਮ ਤੇ ਫ਼ਲਸਫ਼ੇ ਨੂੰ ਦਾਅ ਉਤੇ ਲਾ ਰਹੀ ਹੈ। ਤਾਜ਼ਾ ਘਟਨਾਵਾਂ ਡੂੰਘੀ ਸਾਜ਼ਿਸ਼ ਦਾ ਸਿੱਟਾ ਹਨ, ਜਿਸ ਤਹਿਤ ਸਿੱਖ ਕੌਮ ਨੂੰ ਖਾਨਾਜੰਗੀ ਵੱਲ ਧੱਕ ਕੇ ਖਤਮ ਕਰਨ ਦੀ ਚਾਲ ਚੱਲੀ ਜਾ ਰਹੀ ਹੈ। ਬੁਲਾਰਿਆਂ ਨੇ ਅਕਾਲੀ ਦਲ ਉਤੇ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਸਾਹਿਬ ਨੂੰ ਨਿੱਜੀ ਹਿੱਤਾਂ ਲਈ ਵਰਤਣ ਦੇ ਦੋਸ਼ ਲਾਉਂਦਿਆਂ ਇਸ ਸੰਸਥਾ ਨੂੰ ਅਕਾਲੀ ਦਲ ਦੇ ਗਲਬੇ ਹੇਠੋਂ ਮੁਕਤ ਕਰਾਉਣ ਦਾ ਮਸ਼ਵਰਾ ਦਿੱਤਾ।


ਉਨ੍ਹਾਂ ਕਿਹਾ ਕਿ ਜੇ ਸਰਕਾਰ ਪੰਜ ਮਹੀਨੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਬੀੜ ਚੋਰੀ ਹੋਣ ਦੀ ਘਟਨਾ ਵੇਲੇ ਮੁਸਤੈਦੀ ਵਰਤਦੀ ਤਾਂ ਇਹ ਦਿਨ ਕਦੇ ਨਹੀਂ ਵੇਖਣੇ ਪੈਣੇ ਸਨ। ਉਨ੍ਹਾਂ ਸਾਰੇ ਮਾਮਲਿਆਂ ਵਿਚ ਸਰਕਾਰ ਦੀ ਭੂਮਿਕਾ ਉਤੇ ਸ਼ੰਕੇ ਵੀ ਜਤਾਏ। ਸਮਾਗਮ ਦੌਰਾਨ ਲਗਭਗ ਸਾਰੇ ਬੁਲਾਰਿਆਂ ਨੇ ਲੋਕਾਂ ਨੂੰ ਅਮਨ, ਸ਼ਾਂਤੀ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਦਾ ਸੰਦੇਸ਼ ਵੀ ਦਿੱਤਾ। ਉਨ੍ਹਾਂ ਕਿਹਾ ਕਿ ਸ਼ਰਾਰਤੀ ਅਨਸਰ ਵੱਖ-ਵੱਖ ਫਿਰਕਿਆਂ ਦਰਮਿਆਨ ਲਕੀਰ ਖਿੱਚ ਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਹਨ ਤੇ ਸੰਗਤ ਅਜਿਹੇ ਤੱਤਾਂ ਦੀਆਂ ਚਾਲਾਂ ਵਿਚ ਨਾ ਆਵੇ। ਸੰਤ ਬਲਜੀਤ ਸਿੰਘ ਦਾਦੂਵਾਲ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੈਲਸਨ ਮੰਡੇਲਾ ਨਾਲ ਤੁਲਨਾ ਕਰਨ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਨੈਲਸਨ ਮੰਡੇਲਾ ਨੇ ਆਪਣੀ ਕੌਮ ਖਾਤਰ ਲੰਬਾ ਸਮਾਂ ਜੇਲ੍ਹਾਂ ਕੱਟੀਆਂ ਜਦੋਂ ਕਿ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਕੌਮ ਦੇ ਨੌਜਵਾਨਾਂ ਨੂੰ ਨਸ਼ਿਆਂ ਤੇ ਝੂਠੇ ਮੁਕੱਦਮਿਆਂ ਵਿਚ ਫਸਾ ਕੇ ਬਰਬਾਦ ਕੀਤਾ।

### ਸਰਕਾਰ ਨੂੰ 14 ਨਵੰਬਰ ਤੱਕ ਦਾ ਅਲਟੀਮੇਟਮ



### ਪੀ.ਟੀ.ਸੀ. ਚੈਨਲ ਦਾ ਰਾਹ ਡੱਕਿਆ

**ਚੰਡੀਗੜ੍ਹ:** ਸਮਾਗਮ ਦੇ ਦਰਵਾਜ਼ੇ ਉਪਰ ਪ੍ਰਬੰਧਕਾਂ ਵੱਲੋਂ ਸੀ.ਆਈ.ਡੀ. ਤੇ ਪੀ.ਟੀ.ਸੀ. ਚੈਨਲ ਦੇ ਨੁਮਾਇੰਦਿਆਂ ਨੂੰ ਅੰਦਰ ਆਉਣ ਤੋਂ ਵਰਜਿਆ ਗਿਆ ਤੇ ਚਿਤਾਵਨੀ ਦਿੱਤੀ ਗਈ ਕਿ ਅੰਦਰ ਆਉਣ ਉਤੇ ਉਹ ਆਪਣੇ ਨੁਕਸਾਨ ਦੇ ਖੁਦ ਜ਼ਿੰਮੇਵਾਰ ਹੋਣਗੇ। ਪੁਲਿਸ ਵੀ ਸਮਾਗਮ ਤੋਂ ਤਕਰੀਬਨ ਚਾਰ ਕਿਲੋਮੀਟਰ ਦੂਰ ਰਹੀ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਉਤੇ ਸਿੱਖ ਨੌਜਵਾਨ ਜੋਗਾ ਸਿੰਘ ਵਾਸੀ ਲੁਧਿਆਣਾ ਤੇ ਉਨ੍ਹਾਂ ਦੇ ਕਰੀਬ ਇਕ ਦਰਜਨ ਸਾਥੀਆਂ ਨੇ ਸ਼ਰਾਬ ਪੀਣ ਦਾ ਦੋਸ਼ ਲਾਉਂਦਿਆਂ ਉਸ ਖਿਲਾਫ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਕਰਕੇ ਮਾਨ ਨੂੰ ਸਮਾਗਮ ਅੱਧ ਵਿਚਾਲੇ ਹੀ ਛੱਡ ਕੇ ਜਾਣਾ ਪਿਆ।




### ਮਤਿਆਂ ਦਾ ਉਦੇਸ਼ ਸ਼ਾਂਤੀ ਭੰਗ ਕਰਨਾ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਬਰਗਾੜੀ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ ਸਮੇਤ ਵਿਰੋਧੀ ਧਿਰਾਂ ਵੱਲੋਂ ਦਿੱਤੇ ਭਾਸ਼ਣਾਂ ਨੂੰ ਸੂਬੇ ਦੀ ਸ਼ਾਂਤੀ ਭੰਗ ਕਰਨ ਵਾਲੇ ਕਰਾਰ ਦਿੱਤਾ। ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਸਾਰੇ ਪੰਜਾਬ ਦੇ ਲੋਕ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਮੰਦਭਾਗੀ ਘਟਨਾਵਾਂ ਮਗਰੋਂ ਸ਼ਾਂਤੀ ਦੀ ਬਹਾਲੀ ਲਈ ਅਰਦਾਸ ਕਰ ਰਹੇ ਹਨ ਤੇ ਸੂਬੇ ਭਰ ਵਿਚ ਸ੍ਰੀ ਅਖੰਡ ਪਾਠ ਸਾਹਿਬ ਰਖਵਾਏ ਜਾ ਰਹੇ ਹਨ, ਉਦੋਂ ਕਾਂਗਰਸ, ਮਾਨ ਦਲ ਤੇ ਹੋਰ ਵਿਰੋਧੀ ਧਿਰਾਂ ਨੇ ਆਪਣੇ ਸੌੜੇ ਰਾਜਸੀ ਉਦੇਸ਼ਾਂ ਦੀ ਪੂਰਤੀ ਵਾਸਤੇ ਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਦੇ ਯਤਨ ਵਿੱਢ ਦਿੱਤੇ ਹਨ।

## ਡੇਰਾ ਮੁਖੀ ਨਾਲ ਹਰਸਿਮਰਤ ਦੀਆਂ ਤਸਵੀਰਾਂ ਪਾਉਣ ਵਾਲਾ ਗ੍ਰਿਫਤਾਰ

**ਮੋਗਾ:** ਪੁਲਿਸ ਨੇ ਡੇਰਾ ਸਿਰਸਾ ਮੁਖੀ ਨਾਲ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਬਾਦਲ ਦੀਆਂ ਇਤਰਾਜ਼ਯੋਗ ਤਸਵੀਰਾਂ ਵਟਸਐਪ ਉਤੇ ਅਪਲੋਡ ਕਰਨ ਦੇ ਦੋਸ਼ ਹੇਠ ਇਕ ਹਿੰਦੀ ਅਖਬਾਰ ਦੇ ਪੱਤਰਕਾਰ ਖਿਲਾਫ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਪੁਲਿਸ ਮੁਤਾਬਕ ਕੋਟ ਈਸੇ ਖਾਂ ਦੇ ਜਨਰਲ ਸਟੋਰ ਮਾਲਕ ਤੇ ਅਕਾਲੀ ਸਮਰਥਕ ਹਰਸਿਮਰਨ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਸੀ ਕਿ ਇਥੋਂ ਦੇ ਪੱਤਰਕਾਰਾਂ ਨੇ ਵਟਸਐਪ ਉਤੇ ਇਕ ਗਰੁੱਪ ਬਣਾਇਆ ਹੋਇਆ ਹੈ।

ਪੱਤਰਕਾਰ ਤਰਸੇਮ ਲਾਲ ਸੱਚਦੇਵਾ ਨੇ ਜਾਣ ਬੁੱਝ ਕੇ ਰੰਜ਼ਿਸ਼ ਤੇ ਪਾਰਟੀ ਨੂੰ ਬਦਨਾਮ ਕਰਨ ਲਈ ਇਤਰਾਜ਼ਯੋਗ ਤਸਵੀਰਾਂ ਅਪਲੋਡ ਕਰ ਦਿੱਤੀਆਂ।

## ਬਾਦਲਾਂ ਦੇ ਗਲਬੇ ਵਿਚੋਂ ਨਿਕਲਣ ਦਾ ਵੇਲਾ: ਮਾਨ

**ਸ਼ੇਰਪੁਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿੱਖ ਕੌਮ ਦੇ ਚੰਗੇਰੇ ਭਵਿੱਖ ਲਈ ਪੰਜਾਬ ਵਿਚੋਂ ਬਾਦਲਾਂ ਦੇ ਗਲਬੇ ਦਾ ਮੁਕੰਮਲ ਤੌਰ ਉਤੇ ਸਿਆਸੀ ਸਫਾਇਆ ਕਰਨ ਲਈ ਅੱਗੇ ਆਉਣ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਵਿਚ ਫੜੇ ਗਏ ਵਿਅਕਤੀਆਂ ਬਾਰੇ ਹੈਰਾਨੀ ਪ੍ਰਗਟ ਕਰਦਿਆਂ ਟਿੱਪਣੀ ਕੀਤੀ ਕਿ ਸਿੱਖਾਂ ਦੇ ਗੁਰੂ ਦੀ ਬੇਅਦਬੀ ਹੋਈ ਹੈ, ਸਿੱਖ ਹੀ ਧਰਨੇ ਲਾ ਰਹੇ ਹਨ, ਸਿੱਖਾਂ ਉਤੇ ਹੀ ਲਾਠੀਆਂ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ ਤੇ ਸਿੱਖਾਂ ਨੂੰ ਹੀ ਇਸ ਵਰਤਾਰੇ ਦਾ ਦੋਸ਼ੀ ਮੰਨ ਕੇ ਪੂਰੀ ਸਿੱਖ ਕੌਮ ਨੂੰ ਬਦਨਾਮ ਕੀਤਾ ਜਾ ਰਿਹਾ ਹੈ।



## ਪੰਜਾਬ ਸਰਕਾਰ ਵੱਲੋਂ ਸੁਮੇਧ ਸੈਣੀ ਦੀ ਪੁਲਿਸ ਮੁਖੀ ਵਜੋਂ ਛੁੱਟੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਵਾਦਤ ਪੁਲਿਸ ਅਧਿਕਾਰੀ ਸੁਮੇਧ ਸਿੰਘ ਸੈਣੀ ਦੀ ਡੀ.ਜੀ.ਪੀ. ਦੇ ਅਹੁਦੇ ਤੋਂ ਛੁੱਟੀ ਕਰ ਦਿੱਤੀ ਹੈ ਤੇ ਸੁਰੇਸ਼ ਅਰੋੜਾ ਨੂੰ ਪੰਜਾਬ ਪੁਲਿਸ ਦਾ ਮੁਖੀ ਨਿਯੁਕਤ ਕਰ ਦਿੱਤਾ ਹੈ। ਇਹ ਵੱਡੀ ਪ੍ਰਸ਼ਾਸਕੀ ਤਬਦੀਲੀ ਰਾਜ ਵਿਚ ਵਾਪਰ ਰਹੀਆਂ ਘਟਨਾਵਾਂ ਤੇ ਅਰਾਜਕਤਾ ਦੇ ਪੈਦਾ ਹੋਏ ਮਾਹੌਲ ਕਾਰਨ ਕੀਤੀ ਗਈ ਹੈ।



ਦੱਸਣਯੋਗ ਹੈ ਕਿ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਤੇ ਇਸ ਘਟਨਾ ਖਿਲਾਫ ਰੋਸ ਵਿਖਾਵਾ ਕਰ ਰਹੀ ਸਿੱਖ ਸੰਗਤ ਉਤੇ ਪਿੰਡ ਬਹਿਬਲ ਕਲਾਂ ਵਿਚ ਗੋਲੀ ਚਲਾਉਣ ਬਾਅਦ ਸਮੁੱਚਾ ਪੁਲਿਸ ਪ੍ਰਸ਼ਾਸਨ ਸਵਾਲਾਂ ਦੇ ਘੇਰੇ ਵਿਚ ਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਪਿਛਲੇ ਦਿਨਾਂ ਤੋਂ ਸ੍ਰੀ ਸੈਣੀ 'ਤੇ ਨਿਸ਼ਾਨਾ ਸੇਧਿਆ ਹੋਇਆ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਉਤੇ ਡੀ.ਜੀ.ਪੀ. ਬਦਲਣ ਲਈ ਭਾਰੀ ਦਬਾਅ ਸੀ। ਸ੍ਰੀ ਸੈਣੀ ਨੂੰ ਮੁੱਖ ਮੰਤਰੀ ਦਾ ਚਹੇਤਾ ਮੰਨਿਆ ਜਾਂਦਾ ਸੀ। ਅਕਾਲੀ-ਭਾਜਪਾ ਸਰਕਾਰ ਨੇ ਸ੍ਰੀ ਸੈਣੀ ਨੂੰ ਮਾਰਚ, 2012 ਵਿਚ ਡੀ.ਜੀ.ਪੀ. ਨਿਯੁਕਤ ਕੀਤਾ ਸੀ। ਇਸ ਨਿਯੁਕਤੀ ਦਾ ਵਿਰੋਧ ਵੀ ਹੋਇਆ ਸੀ ਪਰ ਸਰਕਾਰ ਨੇ ਪਰਵਾਹ ਨਹੀਂ ਕੀਤੀ। ਇਸ ਸਾਢੇ ਤਿੰਨ ਸਾਲਾਂ ਦੇ ਸਮੇਂ ਦੌਰਾਨ ਪੁਲਿਸ ਦੀ ਕਾਰਗੁਜ਼ਾਰੀ 'ਤੇ ਕਈ ਤਰ੍ਹਾਂ ਦੇ ਸਵਾਲ ਉੱਠਦੇ ਰਹੇ ਹਨ। ਸੈਣੀ ਨੂੰ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਦਾ ਮੁਖੀ ਲਾਇਆ ਹੈ।

## ਗੈਂਗਸਟਰ ਛੋਟਾ ਰਾਜਨ ਗ੍ਰਿਫਤਾਰ

**ਨਵੀਂ ਦਿੱਲੀ:** ਤਕਰੀਬਨ ਦੋ ਦਹਾਕਿਆਂ ਤੱਕ ਸੁਰੱਖਿਆ ਏਜੰਸੀਆਂ ਨੂੰ ਝਕਾਨੀ ਦੇਣ ਵਾਲੇ ਗੈਂਗਸਟਰ ਛੋਟਾ ਰਾਜਨ ਨੂੰ ਇੰਡੋਨੇਸ਼ੀਆ ਦੇ ਸੈਰ ਸਪਾਟੇ ਵਾਲੇ ਸ਼ਹਿਰ ਬਾਲੀ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਇੰਟਰਪੋਲ ਵੱਲੋਂ ਜਾਰੀ ਕੀਤੇ ਗਏ ਰੈੱਡ ਕਾਰਨਰ ਨੋਟਿਸ ਤੋਂ ਬਾਅਦ ਇਹ ਗ੍ਰਿਫਤਾਰੀ ਹੋਈ ਹੈ।

ਇੰਡੋਨੇਸ਼ੀਆ ਤੇ ਭਾਰਤ ਦਰਮਿਆਨ ਹਵਾਲਗੀ ਸੰਧੀ ਨਹੀਂ ਹੈ, ਪਰ ਫਿਰ ਵੀ ਉਸ ਨੂੰ ਭਾਰਤ ਲਿਆਉਣ ਦੇ ਯਤਨ ਆਰੰਭ ਦਿੱਤੇ ਗਏ ਹਨ। ਅੰਡਰ ਵਰਲਡ ਸਗਰਨੇ ਦਾਊਦ ਇਬਰਾਹਿਮ ਦਾ ਕਦੇ ਸਾਥੀ ਰਹੇ ਰਾਜਨ ਨੂੰ ਆਸਟਰੇਲੀਅਨ ਪੁਲਿਸ ਵੱਲੋਂ ਸੂਹ ਦਿੱਤੇ ਜਾਣ ਮਗਰੋਂ ਗ੍ਰਿਫਤਾਰ ਕੀਤਾ ਗਿਆ ਹੈ। ਆਸਟਰੇਲੀਆ ਪੁਲਿਸ ਨੇ ਦੱਸਿਆ ਸੀ ਕਿ ਰਾਜਿੰਦਰ ਸਦਾਸ਼ਿਵ ਨਿਕਲਜੇ ਉਰਫ਼ ਮੋਹਨ ਕੁਮਾਰ ਉਰਫ ਛੋਟਾ ਰਾਜਨ ਸਿਡਨੀ ਤੋਂ ਬਾਲੀ ਦੀ ਉਡਾਣ ਫੜ ਕੇ ਗਿਆ ਹੈ ਜਿਥੇ ਉਸ ਨੂੰ ਐਤਵਾਰ ਨੂੰ ਕਾਬੂ ਕਰ ਲਿਆ ਗਿਆ।

ਦਾਊਦ ਦਾ ਸੱਜਾ ਹੱਥ ਦੱਸੇ ਜਾਂਦੇ ਛੋਟਾ ਰਾਜਨ ਨੇ 1993 ਵਿਚ ਮੁੰਬਈ ਬੰਬ ਧਮਾਕਿਆਂ ਤੋਂ ਬਾਅਦ ਉਸ ਨਾਲ ਤੋੜ ਵਿਛੋੜਾ ਕਰ ਲਿਆ ਸੀ ਤੇ ਫਿਰ ਉਸ ਦਾ ਕੱਟੜ ਵਿਰੋਧੀ ਬਣ ਗਿਆ ਸੀ। ਛੋਟਾ ਰਾਜਨ 20 ਦੇ ਕਰੀਬ ਹੱਤਿਆ ਤੇ ਹੋਰ ਮਾਮਲਿਆਂ ਵਿਚ ਲੋੜੀਂਦਾ ਹੈ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਸੀ.ਬੀ.ਆਈ. ਦੇ ਡਾਇਰੈਕਟਰ ਅਨਿਲ ਸਿਨਹਾ ਨੇ ਰਾਜਨ ਦੀ ਗ੍ਰਿਫਤਾਰੀ ਦੀ ਤਸਦੀਕ ਕੀਤੀ ਹੈ।

### ਅਸਤੀਫੇ ਦੇ ਕੇ ਅਕਾਲ ਤਖਤ 'ਤੇ ਪੇਸ਼ ਹੋਣ ਦੋਵੇਂ ਬਾਦਲ: ਸਰਨਾ

**ਨਥਾਣਾ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਮੰਗ ਕੀਤੀ ਕਿ ਸਿੱਖ ਕੌਮ ਤੇ ਪੰਜਾਬ ਦੇ ਭਲੇ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਆਪਣੇ ਅਹੁਦਿਆਂ ਤੋਂ ਤੁਰੰਤ ਅਸਤੀਫੇ ਦੇਣ। ਸ੍ਰੀ ਸਰਨਾ ਨੇ ਕਿਹਾ ਕਿ ਅਸਤੀਫੇ ਦੇਣ ਤੋਂ ਬਾਅਦ ਉਹ ਦੋਵੇਂ ਅਕਾਲ ਤਖਤ ਸਾਹਿਬ ਉਤੇ ਪੇਸ਼ ਹੋ ਕੇ ਕੀਤੀਆਂ ਗਲਤੀਆਂ ਲਈ ਮੁਆਫੀ ਮੰਗਣ ਤੇ ਪਸ਼ਤਾਚਾਪ ਕਰਨ। ਸ. ਸਰਨਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਤੇ ਤਖਤਾਂ ਦੇ ਜਥੇਦਾਰਾਂ ਨੂੰ ਵੀ ਅਹੁਦਿਆਂ ਤੋਂ ਲਾਂਭੇ ਕੀਤਾ ਜਾਣਾ ਚਾਹੀਦਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੇ ਰੋਸ ਪਿਛੋਂ ਪੰਜ ਪਿਆਰੇ ਬਹਾਲ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸੰਗਤ ਦੇ ਰੋਸ ਨੂੰ ਸ਼ਾਂਤ ਕਰਨ ਲਈ ਮੁਅੱਤਲ ਕੀਤੇ ਪੰਜ ਪਿਆਰਿਆਂ ਨੂੰ ਬਹਾਲ ਕਰ ਦਿੱਤਾ ਹੈ। ਅਕਾਲ ਤਖਤ ਦੇ ਪੰਜ ਇਨ੍ਹਾਂ ਪਿਆਰਿਆਂ ਨੇ 21 ਅਕਤੂਬਰ ਨੂੰ ਗੁਰਮਤਾ ਜਾਰੀ ਕੀਤਾ ਸੀ, ਜਿਸ ਰਾਹੀਂ ਪੰਜ ਤਖਤਾਂ ਦੇ ਜਥੇਦਾਰਾਂ ਨੂੰ 23 ਅਕਤੂਬਰ ਨੂੰ ਸਪਸ਼ਟੀਕਰਨ ਦੇਣ ਲਈ ਤਲਬ ਕੀਤਾ ਸੀ। ਇਸ ਕਾਰਵਾਈ ਤੋਂ ਤੁਰੰਤ ਬਾਅਦ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਪੰਜ ਪਿਆਰਿਆਂ ਨੂੰ ਮੁਅੱਤਲ ਕਰ ਦਿੱਤਾ ਸੀ। ਇਨ੍ਹਾਂ ਵਿਚੋਂ ਤਿੰਨ ਦਾ ਹਾਪੁੜ ਤੇ ਦੋ ਦਾ ਕੁਰੂਕਸ਼ੇਤਰ ਵਿਚ ਤਬਾਦਲਾ ਕਰ ਦਿੱਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਨੂੰ ਅਣਦੇਖਿਆਂ ਕਰਦਿਆਂ ਪੰਜ ਪਿਆਰਿਆਂ ਨੇ 23 ਅਕਤੂਬਰ ਨੂੰ ਪਹਿਲਾਂ ਨਿਰਧਾਰਿਤ ਮੀਟਿੰਗ ਵਿਚ ਮੁੜ ਗੁਰਮਤਾ ਪਾਸ ਕਰਕੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ ਆਦੇਸ਼ ਕੀਤਾ ਸੀ ਕਿ ਉਹ ਪੰਜਾਂ ਤਖਤਾਂ ਦੇ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕਰ ਦੇਵੇ ਕਿਉਂਕਿ ਇਹ ਜਥੇਦਾਰ ਸਪਸ਼ਟੀਕਰਨ ਦੇਣ ਲਈ ਹਾਜ਼ਰ ਨਹੀਂ ਹੋਏ ਸਨ। ਇਸ ਫੈਸਲੇ ਦੇ ਨਾਲ ਸੰਕਟ ਹੋਰ ਡੂੰਘਾ ਹੋ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਪੰਜ ਪਿਆਰਿਆਂ ਨੂੰ ਬਹਾਲ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਦੇ ਤਬਾਦਲੇ ਵੀ ਰੱਦ ਕਰ ਦਿੱਤੇ ਗਏ ਹਨ। ਇਸ ਦੌਰਾਨ ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਮੇਜਰ ਸਿੰਘ ਨੇ ਆਖਿਆ ਕਿ ਪੰਜਾਂ ਤਖਤਾਂ ਦੇ ਜਥੇਦਾਰਾਂ ਦੀਆਂ ਸੇਵਾਵਾਂ ਵਾਪਸ ਲੈਣ ਸਬੰਧੀ ਜਾਰੀ ਕੀਤਾ ਗੁਰਮਤਾ ਪਹਿਲਾਂ ਵਾਂਗ ਹੀ ਬਰਕਰਾਰ ਹੈ ਤੇ ਗੁਰਮਤੇ ਰਾਹੀਂ ਅੰਤ੍ਰਿੰਗ ਕਮੇਟੀ ਨੂੰ ਕਾਰਵਾਈ ਲਈ ਆਦੇਸ਼ ਦਿੱਤੇ ਹਨ। ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੇ ਉਨ੍ਹਾਂ ਦੇ ਨਿੱਜੀ ਸਕੱਤਰ ਪ੍ਰਿਥੀਪਾਲ ਸਿੰਘ ਨੇ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਪਿਆਰਿਆਂ ਨੂੰ ਬਹਾਲ ਕਰਨ ਦੇ ਫੈਸਲੇ ਦਾ ਸਵਾਗਤ ਕਰਦਿਆਂ ਆਖਿਆ ਕਿ ਚੰਗਾ ਹੁੰਦਾ ਕਿ ਜੇ ਦੋਵਾਂ ਸਕੱਤਰਾਂ ਤੇ ਹੋਰ ਕਰਮਚਾਰੀਆਂ ਨੂੰ ਵੀ ਬਹਾਲ ਕਰ ਦਿੱਤਾ ਜਾਂਦਾ।



### ਜਥੇਦਾਰਾਂ ਦੀ ਛੁੱਟੀ ਸੰਭਵ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਤੇ ਸ਼੍ਰੋਮਣੀ ਕਮੇਟੀ ਨੇ ਤਖਤਾਂ ਦੇ ਜਥੇਦਾਰਾਂ ਨੂੰ ਬਦਲਣ ਦਾ ਮਨ ਬਣਾ ਲਿਆ ਹੈ। ਸੂਤਰਾਂ ਮੁਤਾਬਕ ਸਹੀ ਮੌਕਾ ਆਉਣ ਉਤੇ ਜਥੇਦਾਰਾਂ ਨੂੰ ਤਬਦੀਲ ਕਰ ਦਿੱਤਾ ਜਾਵੇ।

ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਤੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਰਾਜਿੰਦਰ ਸਿੰਘ ਮਹਿਤਾ ਨੂੰ ਨਿਰਦੇਸ਼ ਦਿੱਤੇ ਸਨ ਕਿ ਪੰਜ ਪਿਆਰਿਆਂ ਦੇ ਮਸਲੇ ਨੂੰ ਤੁਰੰਤ ਨਿਬੇੜਿਆ ਜਾਵੇ। ਪਾਰਟੀ ਦੇ ਹੁਕਮਾਂ ਉਤੇ ਫੁੱਲ ਚੜ੍ਹਾਉਂਦਿਆਂ ਪੰਜ ਪਿਆਰਿਆਂ ਨੂੰ ਬਹਾਲ ਕਰਕੇ ਇਕ ਸੰਕਟ ਦਾ ਹੱਲ ਕਰ ਲਿਆ ਹੈ ਤੇ ਢੁਕਵਾਂ ਸਮਾਂ ਆਉਣ ਉਤੇ ਜਥੇਦਾਰਾਂ ਦੀ ਛੁੱਟੀ ਸੰਭਵ ਹੈ।

## ਐਟਮੀ ਹਥਿਆਰ ਤੇ ਦਹਿਸ਼ਤਗਰਦੀ

# ਡੁੂਬੇਗੀ ਕਿਸ਼ਤੀ ਤੋ ਡੂਬੇਂਗੇ ਸਾਰੇ...

## ਸਿਆਸਤ ਦਾ ਪਿੜ



■ ਜਤਿੰਦਰ ਪਨੂੰ
ਫੋਨ: 91-98140-68455

ਕਰੀਬ ਪੰਜਾਹ ਸਾਲ ਪਹਿਲਾਂ, ਜਦੋਂ ਸਾਡੀ ਪੀੜ੍ਹੀ ਵਾਲੇ ਲੋਕ ਹਾਲੇ ਬੱਚੇ ਸਨ, ਕਦੇ-ਕਦੇ ਸਕੂਲ ਦੇ ਸਮਾਜਕ ਸਿੱਖਿਆ ਦੇ ਅਧਿਆਪਕ ਇਤਿਹਾਸ ਪੜ੍ਹਾਉਣ ਸਮੇਂ ਇੱਕ ਗੱਲ ਕਿਹਾ ਕਰਦੇ ਸਨ ਕਿ ਦੋ ਸੰਸਾਰ ਜੰਗਾਂ ਵਿਚ ਤਬਾਹੀ ਬਹੁਤ ਹੋਈ ਹੈ। ਪਹਿਲੀ ਜੰਗ ਦੇ ਬਾਅਦ ਧੜਾ-ਧੜ ਆਟੋਮੈਟਿਕ ਹਥਿਆਰ ਬਣਨ ਲੱਗੇ ਸਨ। ਦੂਸਰੀ ਸੰਸਾਰ ਜੰਗ ਪਿੱਛੋਂ ਐਟਮ ਬੰਬ ਬਣਨ ਨਾਲ ਹੋਰ ਵੀ ਤਬਾਹੀ ਦਾ ਖਤਰਾ ਪੈਦਾ ਹੋ ਗਿਆ ਹੈ। ਤੀਸਰੀ ਸੰਸਾਰ ਜੰਗ ਜੇ ਹੋ ਗਈ ਤਾਂ ਐਟਮ ਬੰਬ ਨੇ ਸਭ ਕੁਝ ਤਬਾਹ ਕਰ ਦੇਣਾ ਹੈ। ਅਸੀਂ ਉਸ ਤੋਂ ਬਾਅਦ ਦੀ ਹਾਲਤ ਬਾਰੇ ਪੁੱਛਦੇ ਸਾਂ। ਅੱਗੋਂ ਜਵਾਬ ਮਿਲਦਾ ਸੀ ਕਿ ਚੌਥੀ ਜੰਗ ਲੜਨ ਵਾਸਤੇ ਫਿਰ ਬੰਦੇ ਹੀ ਨਹੀਂ ਰਹਿਣੇ। ਇਹ ਗੱਲ ਕਰਦਿਆਂ ਕਦੇ-ਕਦੇ ਉਹ ਇੱਕ ਗੱਲ ਹੋਰ ਕਹਿੰਦੇ ਹੁੰਦੇ ਸਨ ਕਿ ਉਂਜ ਤਾਂ ਸੰਸਾਰ ਦੀ ਸੁੱਖ ਮੰਗਣੀ ਚਾਹੀਦੀ ਹੈ, ਪਰ ਹਾਲਾਤ ਜਿਹੋ ਜਿਹੇ ਬਣਦੇ ਜਾਪਦੇ ਹਨ, ਅਗਲੀ ਇੱਕੀਵੀਂ ਸਦੀ ਤੱਕ ਇਨਸਾਨਾਂ ਦੀ ਹੋਂਦ ਖਤਰੇ ਵਿਚ ਪੈ ਸਕਦੀ ਹੈ।

ਬੱਚੇ ਡਰ ਜਾਂਦੇ। ਘਰ ਜਾ ਕੇ ਮਾਪਿਆਂ ਤੋਂ ਪੁਛਦੇ। ਮਾਪੇ ਆਖਦੇ, ਏਦਾਂ ਦੀ ਕੋਈ ਗੱਲ ਨਹੀਂ ਹੋਣੀ। ਉਹ ਰੱਬ 'ਤੇ ਡੋਰੀ ਰੱਖਣ ਨੂੰ ਕਿਹਾ ਕਰਦੇ।

ਅਗਲੇ ਸਾਲਾਂ ਵਿਚ ਇਹੋ ਗੱਲ ਅਮਰੀਕਾ ਦੇ ਸਾਮਰਾਜੀ ਦੇਸ਼ਾਂ ਤੇ ਸੋਵੀਅਤ ਰੂਸ ਨਾਲ ਜੁੜੇ ਸਮਾਜਵਾਦੀ ਕੈਂਪ ਵਿਚਾਲੇ ਚੱਲਦੀ ਖਿੱਚੋਤਾਣ ਨੂੰ ਠੰਢੀ ਜੰਗ ਦੇ ਰੂਪ ਵਿਚ ਪ੍ਰਚਾਰਨ ਵਾਲੇ ਕਹਿੰਦੇ ਰਹੇ। ਰੂਸ ਅੰਦਰ ਹਾਲਾਤ ਇੱਕ-ਦਮ ਬਦਲ ਗਏ ਤੇ ਫਿਰ ਉਸ ਨਾਲ ਕਈ ਦੇਸ਼ਾਂ ਵਿਚ ਸਮਾਜਵਾਦੀ ਲੀਹ ਦਾ ਭੋਗ ਪੈਣ ਲੱਗ ਪਿਆ। ਅਮਰੀਕੀ ਧਿਰ ਨੇ ਅਗਲਾ ਪ੍ਰਚਾਰ ਸ਼ੁਰੂ ਕੀਤਾ ਕਿ ਹੁਣ ਹੋਰ ਜੋ ਵੀ ਹੁੰਦਾ ਰਹੇ, ਤੀਸਰੀ ਜੰਗ ਲੱਗਣ ਅਤੇ ਇਨਸਾਨੀਅਤ ਨੂੰ ਖਤਰੇ ਵਾਲੀ ਕੋਈ ਗੱਲ ਨਹੀਂ ਰਹਿ ਗਈ। ਸੰਸਾਰ ਨੂੰ ਖਤਰਾ ਦੱਸਣ ਵਾਲੀ ਘੜੀ ਦੀ ਸੂਈ ਵੀ ਥੋੜ੍ਹੀ ਜਿਹੀ ਪਿੱਛੇ ਕਰ ਦਿੱਤੀ ਗਈ। ਉਂਜ ਖਤਰਾ ਤਾਂ ਹੁਣ ਵੀ ਖੜਾ ਹੈ ਤੇ ਗੰਭੀਰਤਾ ਨਾਲ ਖੜਾ ਹੈ।

ਸਾਡੇ ਸਾਹਮਣੇ ਸੰਸਾਰ ਦੇ ਕਈ ਦੇਸ਼ ਇਹੋ ਜਿਹੇ ਹਨ, ਜਿਹੜੇ ਕਦੇ ਤਰੱਕੀ ਦੀ ਸਿਖਰ ਛੋਹ ਰਹੇ ਮੰਨੇ ਜਾਂਦੇ ਸਨ। ਹੁਣ ਉਹ ਸਥਿਤੀ ਨਹੀਂ। ਚਾਲੀ ਸਾਲ ਪਹਿਲਾਂ ਤੱਕ ਪੰਜਾਬ ਦੇ ਨੌਜਵਾਨ ਲਿਬਨਾਨ ਨੂੰ ਨੌਕਰੀ ਕਰਨ ਜਾਇਆ ਕਰਦੇ ਸਨ। ਉਹ ਦੱਸਦੇ ਕਿ ਉਥੇ ਤਰੱਕੀ ਬਹੁਤ ਹੋਈ ਹੈ। ਇਸ ਵੇਲੇ ਲਿਬਨਾਨ ਜਾਣ ਲਈ ਕਿਸੇ ਦੇਸ਼ ਦੀ ਕੋਈ ਏਅਰਲਾਈਨ ਵੀ ਛੇਤੀ ਕੀਤੇ ਤਿਆਰ ਨਹੀਂ ਹੁੰਦੀ। ਪਿੱਛੇ ਜਿਹੇ ਯੂ ਐਨ ਮਿਸ਼ਨ ਦੇ ਨਾਲ ਜੁੜੇ ਇੱਕ ਦੂਤ ਨੇ ਦਿੱਲੀ ਵਿਚ ਇਹ ਵੱਡਾ ਖੁਲਾਸਾ ਕੀਤਾ ਕਿ ਬੈਰੂਤ ਦੇ ਏਅਰਪੋਰਟ ਦੇ ਬਾਹਰ ਪੰਜਾਬੀ ਭਾਸ਼ਾ ਵਿਚ ਲਿਖੇ ਇਹੋ ਜਿਹੇ ਲਫਜ਼ ਪੜ੍ਹਨ ਨੂੰ ਮਿਲੇ ਸਨ ਕਿ 'ਸਾਨੂੰ ਕਿਸੇ ਤਰ੍ਹਾਂ ਏਥੋਂ ਕੱਢੋ'। ਇਰਾਕ ਵਿਚ ਗਏ ਪੰਜਾਬੀ ਮੁੰਡਿਆਂ ਵਿਚੋਂ ਜਿਹੜੇ 39 ਮੁੰਡੇ ਉਥੇ ਫਸ ਗਏ ਸਨ, ਅਜੇ ਤੱਕ ਉਨ੍ਹਾਂ ਬਾਰੇ ਕੋਈ ਪੱਕੀ ਸੂਹ ਨਹੀਂ ਮਿਲਦੀ। ਕਦੀ ਫਲਸਤੀਨੀਆਂ ਦਾ ਸਦਰ ਕਹਿੰਦਾ ਹੈ ਕਿ ਮੁੰਡੇ ਠੀਕ-ਠਾਕ ਹਨ ਤੇ ਕਦੀ ਕਿਸੇ ਹੋਰ ਦੇਸ਼ ਦੇ ਦੂਤ ਦੇ ਹਵਾਲੇ ਨਾਲ ਏਨੀ ਕੁ ਸੂਚਨਾ ਮਿਲਦੀ ਹੈ। ਪੰਝੀ ਕੁ ਸਾਲ ਪਹਿਲਾਂ ਤੱਕ ਇਰਾਕ ਵੀ ਖੁਸ਼ਹਾਲ ਸੀ। ਸੱਦਾਮ ਹੁਸੈਨ ਨੇ ਅਚਾਨਕ ਕੁਵੈਤ ਉਤੇ ਹਮਲਾ ਕਰ ਦਿੱਤਾ ਤੇ ਕੁਵੈਤ ਦੀ ਮਦਦ ਲਈ ਆਏ ਅਮਰੀਕਾ ਨੇ ਪਹਿਲਾਂ ਕੁੱਟ ਕੇ ਪਿੱਛੇ ਭਜਾ ਦਿੱਤਾ ਅਤੇ ਦੂਸਰੀ ਯਲਗਾਰ ਵਿਚ ਉਸ ਦੇਸ਼ ਉਤੇ ਕਬਜ਼ਾ ਕਰ ਕੇ ਸੱਦਾਮ ਹੁਸੈਨ ਨੂੰ ਫਾਹੇ ਲਾ ਦਿੱਤਾ। ਉਥੋਂ ਖੁਸ਼ਹਾਲੀ ਖੰਭ ਲਾ ਕੇ ਉਡ ਗਈ ਤੇ ਹੁਣ ਰੋਜ਼ ਸ਼ਹਿਰਾਂ ਤੋਂ ਪਿੰਡਾਂ ਤੱਕ ਬੰਬ ਚੱਲੀ ਜਾਂਦੇ ਹਨ। ਗਵਾਂਢ ਸੀਰੀਆ ਵੀ ਖੁਸ਼ਹਾਲ ਹੁੰਦਾ ਸੀ। ਹੁਣ ਉਥੇ ਆਪਸ ਵਿਚ ਕੁਝ ਧੜੇ ਲੜੀ ਜਾਂਦੇ ਹਨ। ਜਦੋਂ ਘਰ ਵਿਚ ਏਦਾਂ ਦੀ ਹਾਲਤ ਹੋਵੇ ਤਾਂ ਬਾਹਰ ਦੇ ਵੀ ਇੱਕ ਜਾਂ ਦੂਸਰੀ ਧਿਰ ਦੀ ਮਦਦ ਕਰਨ ਦੇ ਬਹਾਨੇ ਆ ਜਾਂਦੇ ਹਨ। ਉਥੇ ਅਮਰੀਕਾ ਅਤੇ ਰੂਸ ਜਾ ਪਹੁੰਚੇ ਹਨ। ਇਸ ਤੋਂ ਉਸ ਦੇਸ਼ ਨੂੰ ਅਮਨ ਦੀ ਬਹਾਲੀ ਲਈ ਕੋਈ ਮਦਦ ਨਹੀਂ ਮਿਲਣ ਲੱਗੀ, ਜਿਵੇਂ ਯੂਕਰੇਨ ਵਿਚ ਦੋ ਵੱਡੀਆਂ ਧਿਰਾਂ ਦੇ ਭੇੜ ਮਗਰੋਂ ਕਦੇ ਹਾਲਾਤ ਸੁਧਰ ਨਹੀਂ ਸਕੇ, ਉਸੇ ਤਰ੍ਹਾਂ ਸੀਰੀਆ ਵੀ ਇੱਕ ਹੋਰ ਇਰਾਕ ਬਣ ਚੁੱਕਾ ਹੈ। ਮਿਸਰ ਦਾ ਆਗੂ ਸਾਦਾਤ ਅਮਰੀਕਾ ਦਾ ਭਗਤ ਬਣਿਆ ਤਾਂ ਕੌਮੀ ਪਰੇਡ ਦੌਰਾਨ ਪੰਜਤਾਲੀ ਕੁ ਸਾਲ ਪਹਿਲਾਂ ਉਸ ਦਾ ਕਤਲ ਹੋ ਗਿਆ ਸੀ, ਪਰ ਉਸ ਦੀ ਥਾਂ ਕਈ ਸਾਲ ਮੁਲਕ ਚਲਾਉਣ ਵਾਲਾ ਹੋਸਨੀ ਮੁਬਾਰਕ ਵੀ ਹੁਣ ਦਿਖਾਈ ਨਹੀਂ ਦੇਂਦਾ।

ਭਾਰਤ ਦੇ ਗਵਾਂਢ ਵਿਚ ਬਹੁਤੇ ਹਾਲਾਤ ਮਾੜੇ ਨਹੀਂ ਸੀ ਹੁੰਦੇ। ਇਸ ਦੀ ਇੱਕ ਜੰਗ ਚੀਨ ਨਾਲ ਅਤੇ ਦੋ ਵਾਰੀ ਪਾਕਿਸਤਾਨ ਨਾਲ ਹੋ ਗਈ, ਪਰ ਇਸ ਖਿੱਤੇ ਵਿਚ ਜੰਗ ਦੇ ਦਿਨਾਂ ਤੋਂ ਬਿਨਾਂ ਹਾਲਤ ਠੀਕ ਸੀ। ਜਦੋਂ ਪਾਕਿਸਤਾਨ ਤੋਂ ਵੱਖਰਾ ਹੋ ਕੇ ਬੰਗਲਾ ਦੇਸ਼ ਬਣਿਆ ਅਤੇ ਇਸ ਕੰਮ ਲਈ ਭਾਰਤ ਨੇ ਬੰਗਲਾ ਦੇਸ਼ੀਆਂ ਦਾ ਸਾਥ ਦਿੱਤਾ, ਉਸ ਪਿੱਛੋਂ ਪਾਕਿਸਤਾਨ ਨੇ ਕੌੜ ਖਾ ਕੇ ਜੰਮੂ-ਕਸ਼ਮੀਰ ਵਿਚ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਦਾ ਪੱਕਾ ਮੋਰਚਾ ਵਿੱਢ ਲਿਆ। ਇਸ ਕੰਮ ਲਈ ਉਸ ਦਾ ਸਾਥ ਮੁੱਢਲੇ ਦਿਨਾਂ ਵਿਚ ਅਮਰੀਕਾ ਵੀ ਦੇਂਦਾ ਰਿਹਾ। ਅਮਰੀਕਾ ਦੀ ਲੋੜ ਇਹ ਸੀ ਕਿ ਸੋਵੀਅਤ ਰੂਸ ਨਾਲ ਨੇੜ ਵਾਲੇ ਭਾਰਤ ਨੂੰ ਆਰਾਮ ਨਾਲ ਨਹੀਂ ਬਹਿਣ ਦੇਣਾ। ਅਫਗਾਨਿਸਤਾਨ ਵਿਚ ਸੋਵੀਅਤ ਰੂਸ ਦੇ ਦਖਲ ਪਿੱਛੋਂ ਅਮਰੀਕਾ ਦੀ ਸ਼ਹਿ ਉਤੇ ਪਾਕਿਸਤਾਨ ਨੇ ਰੂਸ-ਪੱਖੀ ਸਰਕਾਰ ਦੇ ਖਿਲਾਫ ਵੀ ਪੱਕਾ ਮੋਰਚਾ ਲਾ ਲਿਆ। ਉਥੋਂ ਉਜੜ ਕੇ ਆਏ ਸ਼ਰਨਾਰਥੀਆਂ ਵਿਚੋਂ ਜਹਾਦੀ ਬਣਾਏ ਗਏ ਅਫ਼ਗਾਨਿਸਤਾਨ ਵਿਚ ਲੜਨ ਦੇ ਨਾਂ ਉਤੇ ਮਾਰਨ ਤੇ ਮਰਨ ਲਈ ਭੇਜੇ ਜਾਣ ਲੱਗੇ। ਅਮਰੀਕਾ ਇਸ ਤੋਂ ਖੁਸ਼ ਸੀ। ਜਦੋਂ ਰੂਸ ਵਿਚ ਉਸ ਦੇ ਵਿਰੋਧ ਦੀ ਸੋਵੀਅਤ ਸਰਕਾਰ ਟੁੱਟ ਗਈ ਤੇ ਅਫਗਾਨਿਸਤਾਨ ਵੀ ਜਹਾਦੀਆਂ ਦੇ ਕਬਜ਼ੇ ਹੇਠ ਆ ਗਿਆ, ਇਸ ਨਾਲ ਅਮਰੀਕਾ ਨੂੰ ਹੋਰ ਵੀ ਤਸੱਲੀ ਹੋਈ ਸੀ, ਪਰ ਜਹਾਦੀ ਆਪਣੇ ਇਸਲਾਮੀ ਮਨੋ-ਵੇਗ ਵਿਚ ਹੋਰ ਅੱਗੇ ਵਹਿੰਦੇ ਹੋਏ ਅਮਰੀਕਾ ਵਿਚ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਉਤੇ ਹਮਲਾ ਕਰਨ ਤੱਕ ਜਾ ਪਹੁੰਚੇ। ਉਦੋਂ ਅਮਰੀਕਾ ਦੀ ਹੁਣ ਤੱਕ ਦੀ ਸਾਰੀ ਖੁਸ਼ੀ ਖਿੰਡ ਗਈ ਤੇ ਉਸ ਨੂੰ ਇਰਾਕ ਵਾਂਗ ਹੀ ਅਫਗਾਨਿਸਤਾਨ ਵਿਚ ਆਣ ਕੇ ਇੱਕ ਹੋਰ ਲੜਾਈ ਲੜਨੀ ਪੈ ਗਈ, ਜੋ ਹੁਣ ਤੱਕ ਮੁੱਕਣ ਵਿਚ ਨਹੀਂ ਆ ਰਹੀ। ਖਿਲਾਰਾ ਹੱਦੋਂ ਬਾਹਲਾ ਵਧ ਚੁੱਕਾ ਹੈ।

ਹੁਣ ਦੀ ਹਾਲਤ ਇਹ ਹੈ ਕਿ ਅਮਰੀਕਾ ਦਾ ਪਾਇਆ ਖਿਲਾਰਾ ਬਾਕੀ ਸੰਸਾਰ ਤੱਕ ਹੀ ਨਹੀਂ, ਅਮਰੀਕਾ ਵਿਚ ਵੀ ਬਹੁਤ ਗੰਭੀਰ ਸਥਿਤੀ ਧਾਰਨ ਕਰਦਾ ਮਹਿਸੂਸ ਹੋਣ ਲੱਗਾ ਹੈ। ਉਥੋਂ ਦੇ ਰਾਸ਼ਟਰਪਤੀ ਦੀ ਚੋਣ ਇਸ ਵਕਤ ਸ਼ੁਰੂ ਹੋ ਚੁੱਕੀ ਹੈ। ਇਸ ਅਹੁਦੇ ਦੇ ਉਮੀਦਵਾਰ ਬਣਨ ਲਈ ਆਪੋ-ਆਪਣੀ ਪਾਰਟੀ ਵਿਚ ਚੱਲਦੀਆਂ ਬਹਿਸਾਂ ਵਿਚ ਘੱਟੋ-ਘੱਟ ਤਿੰਨ ਆਗੂ ਇਹ ਮੰਨ ਚੁੱਕੇ ਹਨ ਕਿ ਇਹ ਦਾਅਵਾ ਕਰ ਸਕਣਾ ਔਖਾ ਹੈ ਕਿ ਅਮਰੀਕਾ ਵਿਚ ਕਦੇ ਵੀ ਕੋਈ ਅਤਿਵਾਦੀ ਹਮਲਾ ਨਹੀਂ ਹੋਣ ਦਿਆਂਗੇ। ਜਦੋਂ ਪਿਛਲੀ ਚੋਣ ਹੋਈ ਸੀ, ਉਦੋਂ ਆਹਮੋ-ਸਾਹਮਣੇ ਦੀ ਬਹਿਸ ਵਿਚ ਇੱਕ ਉਮੀਦਵਾਰ ਨੇ, ਜਿਹੜਾ ਬਾਅਦ ਵਿਚ ਚੋਣ ਹਾਰ ਗਿਆ ਸੀ, ਇਹ ਗੱਲ ਆਖ ਦਿੱਤੀ ਸੀ ਕਿ ਸਾਡਾ ਦੇਸ਼ ਅਜੇ ਤੱਕ ਦਹਿਸ਼ਤਗਰਦੀ ਵਿਰੁੱਧ ਫੂਲ-ਪਰੂਫ ਇੰਤਜ਼ਾਮ ਨਹੀਂ ਕਰ ਸਕਿਆ। ਜਦੋਂ ਅਮਰੀਕਾ ਵਰਗਾ ਸੁਪਰ ਪਾਵਰ ਦੇਸ਼ ਇਹੋ ਜਿਹੇ ਪੱਕੇ ਪ੍ਰਬੰਧ ਨਹੀਂ ਕਰ ਸਕਿਆ ਤਾਂ ਬਾਕੀ ਦੇਸ਼ਾਂ ਦੇ ਹਾਕਮਾਂ ਤੋਂ ਇਹ ਆਸ ਕਿਸ ਤਰ੍ਹਾਂ ਹੋ ਸਕਦੀ ਹੈ?

ਸਭ ਤੋਂ ਤਾਜ਼ਾ ਖਤਰਾ ਇਸ ਤੋਂ ਹਟਵਾਂ ਇਹ ਹੈ ਕਿ ਜਿਹੜਾ ਐਟਮ ਬੰਬ ਦੂਸਰੀ ਸੰਸਾਰ ਜੰਗ ਮੁੱਕਣ ਮਗਰੋਂ ਕੁਝ ਦੇਸ਼ਾਂ ਨੇ ਆਪਣੀ ਰਾਖੀ ਦੀ ਗਾਰੰਟੀ ਤੇ ਦੂਸਰਿਆਂ ਨੂੰ ਡਰਾਵੇ ਦੇਣ ਲਈ ਬਣਾਇਆ ਸੀ, ਉਹ ਬੰਬ ਹੁਣ ਸਾਰੇ ਸੰਸਾਰ ਦੇ ਲੋਕਾਂ ਲਈ ਡਰਾਵਾ ਬਣ ਗਿਆ ਹੈ। ਪਿਛਲੇ ਦਿਨੀਂ ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਅਮਰੀਕਾ ਕੋਲ ਇਹ ਮੰਗ ਰੱਖੀ ਕਿ ਉਸ ਦੇ ਦੇਸ਼ ਨਾਲ ਭਾਰਤ ਵਾਂਗ ਐਟਮੀ ਸਮਝੌਤਾ ਕੀਤਾ ਜਾਵੇ। ਉਥੇ ਇਹ ਦੁਹਾਈ ਪੈ ਗਈ ਕਿ ਜਿਸ ਦੇਸ਼ ਦੇ ਰੱਖਿਆ ਮੰਤਰੀ, ਫੌਜ ਦਾ ਮੁਖੀ ਅਤੇ ਵਿਦੇਸ਼ ਸੈਕਟਰੀ ਰੋਜ਼ ਇਹ ਧਮਕੀ ਦੇਂਦੇ ਹਨ ਕਿ ਭਾਰਤ ਸਮਝ ਲਵੇ ਕਿ ਸਾਡੇ ਕੋਲ ਉਸ ਨਾਲ ਲੜਨ ਲਈ ਐਟਮ ਬੰਬ ਪਿਆ ਹੈ, ਉਸ ਦੇਸ਼ ਨਾਲ ਇਹ ਸਮਝੌਤਾ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਚਰਚਾ ਦਾ ਕੇਂਦਰ ਇਹ ਗੱਲ ਬਣ ਗਈ ਕਿ ਪਾਕਿਸਤਾਨ ਸਰਕਾਰ ਵਿਚ ਬੈਠੇ ਕੁਝ ਲੋਕਾਂ ਨੇ ਐਟਮੀ ਤਕਨੀਕ ਕੁਝ ਗੈਰ-ਜ਼ਿਮੇਵਾਰ ਦੇਸ਼ਾਂ ਨੂੰ ਵੇਚੀ ਹੈ। ਕੱਲ੍ਹ ਨੂੰ ਕਿਸੇ ਦਹਿਸ਼ਤਗਰਦ ਟੋਲੇ ਨੂੰ ਵੇਚ ਸਕਦੇ ਹਨ ਜਾਂ ਸਰਕਾਰ ਵਿਚ ਬੈਠੇ ਦਹਿਸ਼ਤਗਰਦਾਂ ਦੇ ਸਾਥੀ ਉਨ੍ਹਾਂ ਦੀ ਬੰਬ ਤੱਕ ਪਹੁੰਚ ਕਰਵਾ ਦੇਣ ਤਾਂ ਉਸ ਹਾਲਤ ਤੋਂ ਬਚਣ ਦਾ ਇਸ ਦੇਸ਼ ਕੋਲ ਕੋਈ ਪ੍ਰਬੰਧ ਨਹੀਂ ਹੈ ਤੇ ਪਾਕਿਸਤਾਨ ਸਰਕਾਰ ਇਸ ਬਾਰੇ ਗੰਭੀਰ ਵੀ ਨਹੀਂ ਹੈ।

ਸਵਾਲ ਤਾਂ ਇਹ ਅਮਰੀਕਾ ਦੇ ਅੰਦਰੋਂ ਉਠਿਆ ਹੈ ਤੇ ਸਿਰਫ ਪਾਕਿਸਤਾਨ ਦੇ ਸਬੰਧ ਵਿਚ ਉਠਿਆ ਹੈ ਕਿ ਉਸ ਦੇਸ਼ ਨਾਲ ਕੋਈ ਸਮਝੌਤਾ ਨਹੀਂ ਕਰਨਾ ਚਾਹੀਦਾ, ਜਿੱਥੇ ਸਰਕਾਰ ਕਮਜ਼ੋਰ ਅਤੇ ਦਹਿਸ਼ਤਗਰਦਾਂ ਦੇ ਉਭਾਰ ਦਾ ਵੱਧ ਖਤਰਾ ਹੈ, ਪਰ ਇਹੋ ਗੱਲ ਕਈ ਹੋਰ ਥਾਂ ਕਹੀ ਜਾ ਸਕਦੀ ਹੈ। ਜਿਹੜੇ ਦੇਸ਼ਾਂ ਦੇ ਲੋਕਾਂ ਨੇ ਲੰਮਾ ਸਮਾਂ ਖੁਸ਼ਹਾਲੀ ਵੇਖੀ ਤੇ ਸਾਰੇ ਸੰਸਾਰ ਤੋਂ ਕਿਰਤ ਦੀ ਭਾਲ ਵਿਚ ਲੋਕ ਉਥੇ ਆਉਂਦੇ ਹੁੰਦੇ ਸਨ, ਜਦੋਂ ਅੱਜ ਉਨ੍ਹਾਂ ਦੇਸ਼ਾਂ ਦੀ ਜਨਤਾ ਖਾਨਾ-ਜੰਗੀ ਤੋਂ ਦੁਖੀ ਹੋ ਕੇ ਦੂਸਰੇ ਦੇਸ਼ਾਂ ਨੂੰ ਭੱਜ ਰਹੀ ਹੈ ਤਾਂ ਉਥੇ ਨਵੇਂ ਖਤਰੇ ਉਭਰ ਰਹੇ ਹਨ। ਸੀਰੀਆ, ਇਰਾਕ, ਲੀਬੀਆ, ਮਿਸਰ ਵਗੈਰਾ ਸਾਰੇ ਦੇਸ਼ਾਂ ਵਿਚ ਇਕ ਪਿੱਛੋਂ ਦੂਜਾ ਦਹਿਸ਼ਤਗਰਦ ਗਰੁੱਪ ਖੜੇ ਹੋਈ ਜਾਂਦੇ ਹਨ ਤੇ ਉਨ੍ਹਾਂ ਦੀ ਆਪੋ ਵਿਚ ਤਾਰ ਜੁੜੀ ਹੋਈ ਹੈ। ਜੜ੍ਹ ਲੱਭਣ ਲੱਗੋ ਤਾਂ ਫਿਰ ਪਾਕਿਸਤਾਨ ਨੂੰ ਆਉਂਦੀ ਹੈ। ਜਿਹੜੇ ਅਬੂ ਬਕਰ ਅਲ ਬਗਦਾਦੀ ਨੇ ਇਰਾਕ ਵਿਚ ਆਈ ਐਸ ਆਈ ਐਸ ਖੜੀ ਕੀਤੀ ਅਤੇ ਫਿਰ ਸੀਰੀਆ ਨੂੰ ਤੁਰਨ ਪਿੱਛੋਂ ਹੁਣ ਪਾਕਿਸਤਾਨ ਵੱਲ ਮੂੰਹੀ ਕਰੀ ਜਾਂਦਾ ਹੈ, ਉਹ ਦਹਿਸ਼ਤਗਰਦੀ ਦੀ ਮੁੱਢਲੀ ਟਰੇਨਿੰਗ ਪਾਕਿਸਤਾਨ ਵਿਚ ਓਸਾਮਾ ਬਿਨ ਲਾਦੇਨ ਦੇ ਕੋਲ ਰਹਿ ਕੇ ਹਾਸਲ ਕਰਦਾ ਰਿਹਾ ਸੀ। ਜਦੋਂ ਉਹ ਪਾਕਿਸਤਾਨ ਵਿਚ ਆਵੇ ਤਾਂ ਉਸ ਨੂੰ ਟਰੇਨਿੰਗ ਦੇਣ ਵਾਲੇ ਉਸ ਦੇਸ਼ ਦੀ ਫੌਜ ਦੇ ਉਦੋਂ ਵਾਲੇ ਅਫਸਰ ਉਸ ਦਾ ਪਹਿਲਾ ਸੰਪਰਕ ਬਣ ਜਾਣਗੇ। ਉਹ ਮੌਤ ਦਾ ਵਣਜ ਕਰਨ ਵਾਲਾ ਬੰਦਾ ਹੈ ਤੇ ਉਸ ਦੀ ਇਸ ਪਾਸੇ ਨੂੰ ਧਾਈ ਖਤਰੇ ਬਹੁਤ ਵਧਾ ਸਕਦੀ ਹੈ। ਜਿਹੜੇ ਐਟਮ ਬੰਬ ਬਣਨ ਦੇ ਬਾਅਦ ਅਮਰੀਕਾ ਤੇ ਫਿਰ ਕਈ ਹੋਰ ਦੇਸ਼ਾਂ ਨੂੰ ਬਹੁਤ ਮਾਣ ਮਹਿਸੂਸ ਹੋਇਆ ਸੀ, ਅਬੂ ਬਕਰ ਅਲ ਬਗਦਾਦੀ ਉਸ ਤੋਂ ਹੁਣ ਬਹੁਤੀ ਦੂਰ ਨਹੀਂ। ਹਰ ਨਵੇਂ ਦਿਨ ਉਹ ਕੁਝ ਹੋਰ ਕਦਮ ਉਸ ਦੇ ਕੋਲ ਪਹੁੰਚ ਰਿਹਾ ਹੈ।

ਸ਼ਾਇਦ ਇਹੋ ਕਾਰਨ ਹੈ ਕਿ ਜਿਹੜੀ ਗੱਲ ਬਚਪਨ ਵਿਚ ਸੁਣਦੇ ਸਾਂ ਕਿ ਇੱਕੀਵੀਂ ਸਦੀ ਤੱਕ ਇਨਸਾਨਾਂ ਦੀ ਹੋਂਦ ਖਤਰੇ ਵਿਚ ਪੈ ਸਕਦੀ ਹੈ, ਉਹ ਹੁਣ ਸੱਚੀ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋਣ ਲੱਗੀਆਂ ਹਨ। ਸੰਸਾਰ ਦੇ ਸਾਰੇ ਸੱਭਿਅਕ ਦੇਸ਼ਾਂ ਨੂੰ ਇਸ ਵਕਤ ਸਿਰ ਜੋੜਨ ਦੀ ਲੋੜ ਹੈ। ਇਹ ਖਤਰਾ ਸਭ ਦੇ ਲਈ ਹੈ। ਐਟਮੀ ਹਥਿਆਰਾਂ ਤੀਕਰ ਦਹਿਸ਼ਤਗਰਦੀ ਦੀ ਪਹੁੰਚ ਰੋਕਣ ਲਈ ਜੋ ਕੁਝ ਵੀ ਕਰਨ ਦੀ ਲੋੜ ਹੈ, ਸਾਰਿਆਂ ਨੂੰ ਮਿਲ ਕੇ ਕਰਨਾ ਪਵੇਗਾ। ਹਾਲੇ ਤੱਕ ਜਿਹੜੇ ਦੇਸ਼ ਦਹਿਸ਼ਤਗਰਦੀ ਨੂੰ ਆਪਣੇ ਹਿੱਤਾਂ ਲਈ ਵਰਤਣ ਦੀ ਸੋਚਦੇ ਹਨ, ਉਨ੍ਹਾਂ ਨੂੰ ਵੀ ਹੁਣ ਇਹ ਸੋਚਣਾ ਪਵੇਗਾ ਕਿ 'ਡੂਬੇਗੀ ਕਿਸ਼ਤੀ ਤੋ ਡੂਬੇਂਗੇ ਸਾਰੇ, ਨਾ ਤੁਮ ਹੀ ਬਚੋਗੇ, ਨਾ ਸਾਥੀ ਤੁਮਾਰੇ'।

ਤੁਹਾਡਾ ਆਪਣਾ ਸਟੋਰ
ਦੇਸੀ ਬਾਜ਼ਾਰ
Desi Bazar
Indian Groceries and Sweets
(Intersection of hwy 37 and 146 street)
■ਤਾਜ਼ਾ ਸਬਜ਼ੀਆਂ ਹਰ ਵੀਰਵਾਰ
■ਵਧੀਆ ਸਰਵਿਸ, ਫਰੈਸ਼ ਸਨੈਕਸ, ਮਿਠਾਈਆਂ ਅਤੇ ਗਰੌਸਰੀ 'ਤੇ ਵਾਜਬ ਰੇਟ ਲਈ ਮਸ਼ਹੂਰ
■ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
■ਅਸੀਂ ਪਾਰਟੀਆਂ ਵਾਸਤੇ ਆਰਡਰ ਵੀ ਲੈਂਦੇ ਹਾਂ
Open 7 days a week 10am to 9pm
10% discount on groceries for religious programs!!
Kitchen is open now!
Ph: 317-214-7401
14350 Mundy Drive, suite #200, Noblesville, IN 46060

Flat Rate Funding Group
Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com
ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ

ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

ਪੰਜਾਬ ਟਾਈਮਜ਼

*ਸਨਿਚਰਵਾਰ, 31 ਅਕਤੂਬਰ 2015*

## ਇਕ ਹੋਰ ਮੋੜ ਉਤੇ ਪੰਜਾਬ

ਪਿਛਲੇ ਸਮੇਂ ਦੌਰਾਨ ਉਪਰੋਥਲੀ ਹੋ ਰਹੀਆਂ ਘਟਨਾਵਾਂ ਨੇ ਪੰਜਾਬ ਦਾ ਸਿਆਸੀ ਦ੍ਰਿਸ਼ ਤਾਂ ਬਦਲਿਆ ਹੀ ਹੈ, ਇਸ ਨੇ ਬਾਦਲਾਂ ਦੀ ਸਿਆਸਤ ਉਤੇ ਜਿਹੜੀ ਸੱਟ ਮਾਰੀ ਹੈ, ਉਸ ਦੇ ਅਰਥ ਪੰਜਾਬ ਦੇ ਭਵਿੱਖ ਲਈ ਬੜੇ ਅਹਿਮ ਅਤੇ ਡੂੰਘੇ ਹਨ। ਬਾਦਲਾਂ ਅਤੇ ਇਨ੍ਹਾਂ ਨਾਲ ਜੁੜੇ ਕੁਝ ਹੋਰ ਪਰਿਵਾਰਾਂ ਨੇ ਜਿਸ ਤਰ੍ਹਾਂ ਸੂਬੇ ਦੇ ਸਿਆਸੀ ਅਤੇ ਧਾਰਮਿਕ ਪਿੜ ਵਿਚ ਆਪਣੀ ਪੈਂਠ ਬਣਾ ਲਈ ਸੀ, ਉਸ ਨੇ ਤਕਰੀਬਨ ਸਭ ਸਿਆਸੀ ਧਿਰਾਂ ਨੂੰ ਹੌਲੀ ਹੌਲੀ ਹਾਸ਼ੀਏ ਉਤੇ ਧੱਕ ਦਿੱਤਾ ਸੀ। ਇਹ ਸਿਆਸੀ ਧਿਰਾਂ ਬਾਦਲਾਂ ਦੀ ਇਸ ਸਿਆਸਤ ਨੂੰ ਸੰਨ੍ਹ ਲਾਉਣ ਵਿਚ ਲਗਾਤਾਰ ਨਾਕਾਮ ਸਾਬਤ ਹੋਈਆਂ। ਇਸ ਨਾਕਾਮੀ ਦੇ ਕਈ ਕਾਰਨ ਗਿਣਾਏ ਜਾ ਸਕਦੇ ਹਨ, ਪਰ ਸਭ ਤੋਂ ਵੱਡਾ ਕਾਰਨ ਇਹੀ ਸੀ ਕਿ ਕਿਸੇ ਵੀ ਧਿਰ ਦੀ, ਆਵਾਮ ਤੱਕ ਬੱਝਵੀਂ ਤੇ ਲਗਾਤਾਰ ਰਸਾਈ ਨਹੀਂ ਸੀ ਜੋ ਸਿਆਸੀ ਪਿੜ ਵਿਚ, ਪਿੜ ਬੰਨ੍ਹਣ ਲਈ ਲਾਜ਼ਮੀ ਹੁੰਦੀ ਹੈ। ਇਹ ਸਿਆਸੀ ਧਿਰਾਂ ਭਾਵੇਂ ਆਪੋ-ਆਪਣੇ ਅਤੇ ਪੰਜਾਬ ਨਾਲ ਸਬੰਧਤ ਮੁੱਦੇ-ਮਸਲੇ ਉਭਾਰਨ ਵਿਚ ਅਸਫਲ ਰਹੀਆਂ ਸਨ, ਪਰ ਸਿਆਸੀ ਧਿਰਾਂ ਦੀ ਇਸ ਅਸਫਲਤਾ ਅਤੇ ਨਾ-ਅਹਿਲੀਅਤ ਦੇ ਬਾਵਜੂਦ, ਪੰਜਾਬੀ ਆਵਾਮ ਦੇ ਦਿਲੋ-ਦਿਮਾਗ ਅੰਦਰ ਬਾਦਲਾਂ ਦੀ ਸਿਆਸਤ ਖਿਲਾਫ ਰੋਸ ਅਤੇ ਰੋਹ ਲਗਾਤਾਰ ਬਲ ਰਿਹਾ ਸੀ। ਇਸ ਰੋਹ ਤੇ ਰੋਸ ਦਾ ਇਕ ਝਲਕਾਰਾ ਸਾਰੀ ਦੁਨੀਆਂ ਨੇ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਦੇਖ ਹੀ ਲਿਆ ਸੀ ਜਦੋਂ ਲੋਕਾਂ ਨੇ ਸੱਤਾਧਾਰੀ ਅਕਾਲੀ ਦਲ ਅਤੇ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਐਨ ਬਰਾਬਰ, ਆਮ ਆਦਮੀ ਪਾਰਟੀ ਦੇ ਰੂਪ ਵਿਚ ਸਿਆਸੀ ਖੇਤਰ ਵਿਚ ਨਵੀਂ ਨਵੀਂ ਦਾਖਲ ਹੋਈ ਸਿਆਸੀ ਪਾਰਟੀ ਨੂੰ ਤਰਜੀਹ ਦਿੱਤੀ ਸੀ। ਇਸ ਨਿੱਕੀ ਅਤੇ ਅਚਾਨਕ ਹੋਈ ਸਿਆਸੀ ਉਥਲ-ਪੁਥਲ ਤੋਂ ਸਿਆਸੀ ਮਾਹਿਰ ਵੀ ਹੈਰਾਨ ਸਨ, ਪਰ ਪੰਜਾਬ ਦੀ ਨਬਜ਼ ਪਛਾਣਨ ਵਾਲੇ ਹਰ ਬੰਦੇ ਨੂੰ ਅਜਿਹੀ ਉਥਲ-ਪੁਥਲ ਤੋਂ ਕੋਈ ਹੈਰਾਨੀ ਨਹੀਂ ਸੀ ਹੋਈ, ਕਿਉਂਕਿ ਪੰਜਾਬ ਵੱਖ ਵੱਖ ਸਮਿਆਂ ਦੌਰਾਨ, ਵੱਖ ਵੱਖ ਖੇਤਰਾਂ ਅੰਦਰ ਕਿਸੇ ਨਾ ਕਿਸੇ ਰੂਪ ਵਿਚ, ਇਸੇ ਤਰ੍ਹਾਂ ਠੋਕ-ਵਜਾ ਕੇ ਆਪਣੀ ਹਾਜ਼ਰੀ ਦਰਜ ਕਰਦਾ ਰਿਹਾ ਹੈ।

ਹੁਣ ਵੀ ਪੰਜਾਬ ਨੇ ਠੋਕ-ਵਜਾ ਕੇ ਆਪਣੀ ਹਾਜ਼ਰੀ ਦਰਜ ਕਰਵਾਈ ਹੈ। ਹੁਣ ਸੰਗਤ ਇਕ ਵਾਰ ਫਿਰ ਪਿੜ ਵਿਚ ਪੁੱਜ ਗਈ ਹੈ ਅਤੇ ਆਪਣਾ ਰੋਹ ਅਤੇ ਰੋਸ ਸ਼ਾਸਕਾਂ ਨੂੰ ਦਿਖਾ ਦਿੱਤਾ ਹੈ, ਪਰ ਸੰਗਤ ਦੇ ਇਸ ਸੱਚੇ ਤੇ ਸੁੱਚੇ ਰੋਹ ਤੇ ਰੋਸ ਨੂੰ ਸਿਆਸਤ ਵਿਚ ਵਟਾਉਣ ਵਾਲੇ ਇਕ ਵਾਰ ਫਿਰ ਸੀਨ ਤੋਂ ਤਕਰੀਬਨ ਗਾਇਬ ਹਨ। ਸੇਧ ਦੇਣ ਦੀ ਜ਼ਿੰਮੇਵਾਰੀ ਧਰਮ ਦੇ ਪ੍ਰਚਾਰਕਾਂ ਨੇ ਓਟੀ ਹੋਈ ਹੈ। ਉਹ ਵਾਰ ਵਾਰ ਇਕ ਹੀ ਭਾਸ਼ਣ ਦੇ ਰਹੇ ਹਨ ਕਿ ਹਾਲੀਆ ਮਸਲਿਆਂ 'ਤੇ ਸਿਆਸਤ ਨਾ ਕੀਤੀ ਜਾਵੇ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵੀ ਤਾਂ ਲਗਭਗ ਇਹੀ ਬਿਆਨ ਦਾਗ ਰਹੇ ਹਨ। ਇਹ ਵਕਤ ਦੀ ਵਿਡੰਬਨਾ ਹੀ ਹੈ ਕਿ ਆਪ-ਮੁਹਾਰੇ ਸੜਕਾਂ ਉਤੇ ਆਈ ਸੰਗਤ ਸਿਆਸੀ ਫੈਸਲੇ ਉਡੀਕ ਰਹੀ ਹੈ ਅਤੇ ਸੇਧ ਦੇਣ ਵਾਲੇ ਪ੍ਰਚਾਰਕ ਸਿਆਸਤ ਨਾ ਕਰਨ ਦੀਆਂ ਨਸੀਹਤਾਂ ਦੇ ਰਹੇ ਹਨ। ਇਕ ਵਾਰ ਫਿਰ ਪੰਜਾਬ ਨਵੇਂ ਮੋੜ ਉਤੇ ਆਣ ਖਲੋਇਆ ਹੈ ਅਤੇ ਹਿਣਕ ਰਿਹਾ ਹੈ, ਪਰ ਵੱਖ ਵੱਖ ਧਿਰਾਂ ਦੀ ਤਿੱਖੀ ਸਰਗਰਮੀ ਦੇ ਬਾਵਜੂਦ ਬਰਾਬਰ ਦੀ ਸਿਆਸਤ ਉਸਾਰਨ ਵਾਲੀ ਕੜੀ ਕਿਤੇ ਪੀਡੀ ਜੁੜ ਨਹੀਂ ਰਹੀ। ਅਸਲ ਵਿਚ ਸਾਰੇ ਦਾ ਸਾਰਾ ਮਸਲਾ ਧਰਮ ਦੁਆਲੇ ਕੇਂਦਰਤ ਹੋ ਗਿਆ ਜਾਪਦਾ ਹੈ, ਜਦਕਿ ਅਸਲ ਮਸਲਾ ਸਿਆਸਤ ਦਾ ਸੀ। ਇਹ ਬਾਦਲਾਂ ਦੀ ਸਿਆਸਤ ਹੀ ਤਾਂ ਸੀ ਜਿਸ ਨੇ ਸਾਰੀਆਂ ਧਾਰਮਿਕ ਸੰਸਥਾਵਾਂ ਉਤੇ ਆਪਣੀ ਪੈਂਠ ਬਣਾ ਕੇ ਇੰਨੇ ਸਾਲ ਧੜੱਲੇ ਨਾਲ ਸਿਆਸਤ ਚਲਾਈ। ਸੰਗਤ ਦਾ ਰੋਹ ਅਤੇ ਰੋਸ ਇਸ ਸਿਆਸਤ ਦੇ ਖਿਲਾਫ ਹੈ ਅਤੇ ਇਸ ਦਾ ਨਿਤਾਰਾ ਵੀ ਸਿਆਸਤ ਦੇ ਪਿੜ ਵਿਚ ਹੀ ਹੋਣਾ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਤੱਕ ਆਵਾਮ ਦੇ ਰੋਹ ਨੂੰ ਸਿਆਸਤ ਵਿਚ ਤਬਦੀਲ ਨਾ ਕੀਤਾ ਜਾਵੇ, ਸਿਆਸਤ ਦੀ ਅਗਲੀ ਕੜੀ ਜੁੜ ਨਹੀਂ ਸਕਦੀ।

ਇਸ ਸੂਰਤ ਵਿਚ ਅੱਜ ਦਾ ਸਭ ਤੋਂ ਵੱਡਾ ਅਤੇ ਅਹਿਮ ਸਵਾਲ ਇਹੀ ਹੈ ਕਿ ਸਿਆਸਤ ਦੀਆਂ ਇਹ ਕੜੀਆਂ ਜੋੜਨ ਵਾਲੇ ਕਿੱਥੇ ਹਨ? ਸੰਗਤ ਦਾ ਰੋਹ ਹਾਕਾਂ ਮਾਰ ਰਿਹਾ ਹੈ। ਇਹ ਉਹੀ ਸੰਗਤ ਹੈ ਜਿਸ ਨੇ ਲੋਕ ਸਭਾ ਚੋਣਾਂ ਦੌਰਾਨ ਆਪ-ਮੁਹਾਰੇ ਵੋਟ-ਬੂਥਾਂ ਉਤੇ ਪੁੱਜ ਕੇ ਆਮ ਆਦਮੀ ਪਾਰਟੀ ਦੀ ਝੋਲੀ ਭਰ ਦਿੱਤੀ ਸੀ। ਅੱਜ ਉਸੇ ਆਮ ਆਦਮੀ ਪਾਰਟੀ ਦਾ ਨੁਮਾਇੰਦਾ ਜੇ ਸੰਗਤ ਦੇ ਇਕੱਠ ਵਿਚੋਂ ਬੇਆਬਰੂ ਹੋ ਕੇ ਨਿਕਲਦਾ ਹੈ ਤਾਂ ਸਵਾਲ ਸੰਗਤ ਦਾ ਨਹੀਂ, ਸਿਆਸਤ ਚਲਾਉਣ ਵਾਲਿਆਂ ਲਈ ਬਣਦਾ ਹੈ। ਸਵਾਲ ਇਹ ਨਹੀਂ ਕਿ ਨਸ਼ਿਆਂ ਦੀ ਮਾਰ ਝੱਲ ਰਹੇ ਪੰਜਾਬ ਦਾ ਨੁਮਾਇੰਦਾ ਨਸ਼ਾ ਕਰ ਕੇ ਸੰਗਤ ਦੇ ਇਕੱਠ ਵਿਚ ਕਿਵੇਂ ਜਾ ਸਕਦਾ ਹੈ, ਬਲਕਿ ਸਵਾਲ ਇਹ ਹੈ ਕਿ ਜੇ ਸਿਆਸੀ ਲੀਡਰਾਂ ਨੇ ਇਉਂ ਹੀ ਸੰਗਤ ਨੂੰ ਨਿਰਾਸ਼ ਕਰਨਾ ਹੈ ਤਾਂ ਫਿਰ ਸੌੜੀ ਸਿਆਸਤ ਦੀ ਅੰਨ੍ਹੀ ਗਲੀ ਵਿਚ ਆਸ ਦੇ ਦੀਵੇ ਕੌਣ ਬਾਲੇਗਾ? ਪਿੜ ਵਿਚ ਨਿਤਰਨ ਵਾਲਿਆਂ ਦੀ ਪਰਖ ਪੈਰ ਪੈਰ 'ਤੇ ਹੋਣੀ ਹੁੰਦੀ ਹੈ। ਬੱਝੇ ਪਿੜ ਵਿਚ ਅਜਿਹੀਆਂ ਗਲਤੀਆਂ ਪੈਰਾਂ ਹੇਠੋਂ ਜ਼ਮੀਨ ਖਿਸਕਾਉਣ ਦਾ ਸਬੱਬ ਬਣਦੀਆਂ ਹਨ। ਬਾਦਲ ਅੱਜ ਕੱਲ੍ਹ ਇਹੀ ਖਾਮਿਆਜਾ ਤਾਂ ਭੁਗਤ ਰਹੇ ਹਨ। ਸਿਆਸਤ ਨੂੰ ਵਾਰ ਵਾਰ ਤੋੜ-ਮਰੋੜ ਦੇਣ ਅਤੇ ਚੋਣਾਂ ਜਿੱਤਣ ਦੇ ਸ਼ਾਹਸਵਾਰ ਅੱਜ ਆਖਰਕਾਰ ਸੰਗਤ ਅੱਗੇ ਝੁਕੇ ਬੈਠੇ ਹਨ। ਉਂਜ ਫਿਕਰ ਵਾਲੀ ਗੱਲ ਇਹ ਹੈ ਕਿ ਹੁਣ ਤੱਕ ਦੀ ਸਰਗਰਮੀ ਤੋਂ ਬਾਦਲਾਂ ਦੀ ਸਿਆਸਤ ਦੇ ਖਿਲਾਫ, ਬਰਾਬਰ ਦੀ ਸਿਆਸਤ ਦਾ ਫਿਲਹਾਲ ਕੋਈ ਮੂੰਹ-ਮੱਥਾ ਨਹੀਂ ਬਣ ਰਿਹਾ। ਸੂਬੇ ਵਿਚ ਹੋ ਰਹੀ ਉਥਲ-ਪੁਥਲ ਦੱਸਦੀ ਹੈ ਕਿ ਸੰਗਤ ਨੇ ਬਾਦਲਾਂ ਨੂੰ ਕਟਹਿਰੇ ਵਿਚ ਲਿਆ ਖੜ੍ਹਾ ਕੀਤਾ ਹੈ, ਜੇ ਹੁਣ ਵੀ ਸੰਗਤ ਦੇ ਇਸ ਰੋਹ ਨੂੰ ਸਿਆਸਤ ਵਿਚ ਵਟਾਇਆ ਨਾ ਜਾ ਸਕਿਆ ਤਾਂ ਬਾਦਲਾਂ ਦੀ ਉਹੀ ਸਿਆਸਤ ਇਕ ਵਾਰ ਫਿਰ ਸੰਗਤ ਨੂੰ ਹਾਸ਼ੀਏ ਉਤੇ ਲੈ ਜਾਵੇਗੀ। ਇਸੇ ਲਈ ਅੱਜ ਪੰਜਾਬ ਉਨ੍ਹਾਂ ਧਿਰਾਂ ਵੱਲ ਉਤਸੁਕਤਾ ਨਾਲ ਦੇਖ ਰਿਹਾ ਹੈ ਜਿਨ੍ਹਾਂ ਨੇ ਬਾਦਲੀ ਸਿਆਸਤ ਦੇ ਐਨ ਬਰਾਬਰ ਆਪਣੀ ਸਿਆਸਤ ਦਾ ਝੰਡਾ ਬੁਲੰਦ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਚੜ੍ਹਿਆ ਜੋਸ਼ ਪੰਜਾਬ ਨੂੰ !*

ਤੱਤੇ ਰੋਹ ਦਾ ਰੋਜ਼ ਸ਼ਿਕਾਰ ਬਣਦੇ, ਸਾਥੀ ਹਾਲੇ ਵੀ ਜਿਹੜੇ ਨੇ ਸ਼ਾਸਕਾਂ ਦੇ।
ਕਿਹੜੇ ਮੂੰਹ ਉਹ 'ਕੱਠਾਂ ਦੇ ਵਿਚ ਜਾਂਦੇ, ਦਿਲ ਵਿਚ ਸੰਗ ਨਾ ਭੋਰਾ ਵੀ ਸਾਕਤਾਂ ਦੇ।
ਲੋਕ-ਰੋਹ ਦੇ ਮੋਹਰੇ ਨੇ ਢੇਰ ਹੁੰਦੇ, ਬਣੇ ਥੰਮ੍ਹ ਹਕੂਮਤ ਦੀਆਂ ਤਾਕਤਾਂ ਦੇ।
ਦਿਸਦੇ ਫੇਰ ਅਸਮਾਨ ਵਿਚ ਦਿਨੇ ਤਾਰੇ, ਦੇਣੇ ਪੈਣ ਹਿਸਾਬ ਹਿਮਾਕਤਾਂ ਦੇ।
ਉਸ ਦੀ ਡੋਰ ਸਿਆਣਪਾਂ ਹੱਥ ਹੋਵੇ, ਸਾਥੀ ਹੋਵੇ ਜੋਸ਼ੀਲੀ ਜਿਹੀ ਲਹਿਰ ਦਾ ਜੋ।
ਰਹਿਣਾ ਹੋਸ਼ ਦੇ ਹੱਥ ਦੇ ਵਿਚ ਚਾਹੀਏ, ਚੜ੍ਹਿਆ ਜੋਸ਼ ਪੰਜਾਬ ਨੂੰ ਕਹਿਰ ਦਾ ਜੋ!

# ਪੰਜਾਬ ਦਾ ਗੁੰਝਲਦਾਰ ਖ਼ਾਸਾ ਅਤੇ ਮੌਜੂਦਾ ਹਾਲਾਤ

*ਪੰਜਾਬ ਦੇ ਅੱਜ ਦੇ ਹਾਲਾਤ ਦੀ ਪੇਚੀਦਗੀ ਨੂੰ ਸਮਝਣ ਲਈ ਸਾਡੇ ਕਾਲਮਨਵੀਸ ਦਲਜੀਤ ਅਮੀ ਨੇ ਬਰਗਾੜੀ ਵਿਖੇ ਹੋਏ ਸ਼ਰਧਾਂਜਲੀ ਸਮਾਗਮ ਨਾਲ ਜੁੜੇ ਕੁਝ ਖਾਸ ਨੁਕਤਿਆਂ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਨਾਲ ਹੀ ਇਨ੍ਹਾਂ ਨੁਕਤਿਆਂ ਨੂੰ ਆਧਾਰ ਬਣਾ ਕੇ ਕੁਝ ਕੁ ਸਵਾਲ ਖੜ੍ਹੇ ਕਰਨ ਦਾ ਯਤਨ ਕੀਤਾ ਹੈ। ਇਹ ਉਹ ਸਵਾਲ ਹਨ ਜਿਹੜੇ ਆਮ ਕਰ ਕੇ ਲੋਕ ਰੋਹ ਦੇ ਵੇਗ ਵਿਚ ਅਕਸਰ ਪਿਛਾਂਹ ਛੁੱਟ ਜਾਂਦੇ ਰਹੇ ਹਨ। ਇਨ੍ਹਾਂ ਸਵਾਲਾਂ ਵਿਚ ਉਸ ਸਿਆਸੀ ਬਦਲ ਦੀ ਚਰਚਾ ਵੀ ਹੈ ਜਿਹੜੀ ਅਜਿਹੇ ਪ੍ਰਚੰਡ ਰੋਹ ਤੋਂ ਬਾਅਦ ਵੀ ਗਾਇਬ ਹੀ ਰਹਿੰਦੀ ਹੈ। ਇਸ ਅਲਾਮਤ ਤੋਂ ਛੁਟਕਾਰੇ ਲਈ ਉਹ ਵਾਰ ਵਾਰ ਇਤਿਹਾਸ ਉਤੇ ਝਾਤੀ ਮਾਰਨ ਦੀ ਹਾਮੀ ਭਰਦਾ ਹੈ। -ਸੰਪਾਦਕ*

ਪੰਜਾਬ ਦੇ ਹਾਲਾਤ ਦੀ ਪੇਚੀਦਗੀ ਇੰਨੀ ਜ਼ਿਆਦਾ ਹੈ ਕਿ ਇਹ ਸਮਝ ਨਹੀਂ ਆਉਂਦਾ ਕਿ ਕਿਸ ਮੌਕੇ ਦੀ ਗਵਾਹੀ ਅਤੇ ਕਿਸ ਮੌਕੇ ਤੋਂ ਵਿੱਥ, ਇਸ ਨੂੰ ਸਮਝਣ ਵਿਚ ਸਹਾਈ ਹੋ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਰੋਸ ਮੁਜ਼ਾਹਰਿਆਂ ਵਿਚ ਲੋਕ ਆਪ-ਮੁਹਾਰੇ ਪੁੱਜ ਰਹੇ ਹਨ ਅਤੇ ਆਪਣੀ ਮਰਜ਼ੀ ਦੇ ਮਾਲਕ ਹਨ। ਦੂਜੇ ਪਾਸੇ ਵਿਦੇਸ਼ਾਂ ਵਿਚ ਬੇਵਤਨ ਹੋਏ ਸਿੱਖ ਇਸ ਠੇਸ ਨੂੰ ਹੰਢਾਅ ਰਹੇ ਹਨ ਅਤੇ ਅਚਵੀ ਦਾ ਸ਼ਿਕਾਰ ਹਨ। ਇਨ੍ਹਾਂ ਦੋਵਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਿਨਾਂ ਕੋਈ ਸਾਂਝੀ ਤੰਦ ਦਿਖਾਈ ਨਹੀਂ ਦਿੰਦੀ। ਪਰਵਾਸੀਆਂ ਦੀ ਇਨਸਾਫ਼ ਦੀ ਧਾਰਨਾ ਦਾ ਪੰਜਾਬ ਦੀ ਖਿੰਡੀ-ਪੁੰਡੀ ਅਤੇ ਵੰਨ-ਸੁਵੰਨੀ ਇਨਸਾਫ਼ ਦੀ ਮੰਗ ਨਾਲ ਕੋਈ ਰਾਬਤਾ ਲੱਭ ਲੈਣਾ ਰੱਬ ਵਰਗੀ ਗੁੰਝਲਦਾਰ ਬੁਝਾਰਤ ਬੁੱਝ ਲੈਣ ਤੋਂ ਜ਼ਿਆਦਾ ਵੱਡੀ ਪ੍ਰਾਪਤੀ ਹੋ ਸਕਦੀ ਹੈ। ਬੇਅਦਬੀ ਦੇ ਮਾਮਲਿਆਂ ਦੀ ਜਾਂਚ, ਮੁਲਜ਼ਮਾਂ ਦੀ ਗ੍ਰਿਫ਼ਤਾਰੀ ਅਤੇ ਢੁਕਵੀਂ ਕਾਰਵਾਈ



**ਦਲਜੀਤ ਅਮੀ**
ਫੋਨ: +91-97811-21873

ਅਹਿਮ ਮੰਗਾਂ ਬਣਦੀਆਂ ਹਨ। ਇਸ ਦੇ ਨਾਲ ਹੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਪੇਸ਼ਬੰਦੀਆਂ ਬਾਰੇ ਸੋਚਿਆ ਜਾਣਾ ਜ਼ਰੂਰੀ ਹੈ।

ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਅਤੇ ਰੱਦ ਕਰਨ ਦੇ ਮਾਮਲਿਆਂ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਜੁੜ ਗਈ। ਇਸ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਪੰਜਾਬ ਸਰਕਾਰ ਅਤੇ ਸਿੱਖ ਸਿਆਸਤ ਨਾਲ ਜੁੜੀਆਂ ਵੰਨ-ਸੁਵੰਨੀਆਂ ਜਥੇਬੰਦੀਆਂ ਅੰਦਰ ਨੱਪੀ ਹੋਈ ਊਰਜਾ ਨੂੰ ਰਾਹ ਮਿਲਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੇ ਲੋਕਾਂ ਨੂੰ ਦੁਖੀ ਕੀਤਾ ਹੈ ਅਤੇ ਉਹ ਆਪਣੇ ਰੋਹ ਦਾ ਮੁਜ਼ਾਹਰਾ ਕਰ ਰਹੇ ਹਨ। ਨੱਪੀ ਹੋਈ ਸਿਆਸੀ ਊਰਜਾ ਨੂੰ ਮਿਲੇ ਰਾਹ ਅਤੇ ਲੋਕ ਰੋਹ ਦਾ ਪ੍ਰਗਟਾਵਾ ਭਾਵੇਂ ਇੱਕੋ ਥਾਂ ਉਤੇ ਹੋ ਰਿਹਾ ਹੈ, ਪਰ ਇਨ੍ਹਾਂ ਦਾ ਆਪਸ ਵਿਚ ਰਿਸ਼ਤਾ ਇੰਨਾ ਸਿੱਧਾ ਨਹੀਂ ਹੈ। ਕੋਟਕਪੂਰੇ ਵਿਚ ਪੁਲਿਸ ਦੀਆਂ ਗੋਲੀਆਂ ਨਾਲ ਮਾਰੇ ਗਏ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਦਾ ਭੋਗ ਸਮਾਗਮ ਹੋਇਆ। ਬੇਅਦਬੀ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਇਹ ਪਹਿਲਾ ਸਾਂਝਾ ਇੱਕਠ ਸੀ। ਇਸ ਇਕੱਠ ਦੀ ਅਗਵਾਈ ਪ੍ਰਚਾਰਕਾਂ ਹੱਥ ਸੀ ਅਤੇ ਉਨ੍ਹਾਂ ਨੇ ਹੀ ਇਸ ਦਾ ਚੌਖਟਾ ਤੈਅ ਕੀਤਾ। ਉਨ੍ਹਾਂ ਨੇ ਬੇਅਦਬੀ ਦੇ ਮਸਲੇ ਨੂੰ ਸਿਆਸਤ ਤੋਂ ਵੱਖ ਰੱਖਣ ਅਤੇ ਸਿੱਖ ਸਿਧਾਂਤਾਂ ਉਤੇ ਪਹਿਰਾ ਦੇਣ ਦੀ ਦਲੀਲ ਲਗਾਤਾਰ ਪੇਸ਼ ਕੀਤੀ। ਫੌਰੀ ਮਸਲਿਆਂ ਵਿਚ ਬੇਅਦਬੀ ਦੇ ਕਸੂਰਵਾਰਾਂ ਦੀ ਸ਼ਨਾਖ਼ਤ, ਗ੍ਰਿਫ਼ਤਾਰੀ ਅਤੇ ਸਜ਼ਾ ਉਭਰ ਕੇ ਆਏ। ਇਸ ਦੇ ਨਾਲ ਦੋ ਮੁਜ਼ਾਹਰਾਕਾਰੀਆਂ ਦੇ ਕਤਲ ਲਈ ਕਸੂਰਵਾਰ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਅਤੇ ਬੇਕਸੂਰ ਨੌਜਵਾਨਾਂ ਦੀ ਰਿਹਾਈ ਦੇ ਮਾਮਲੇ ਜ਼ੋਰ ਨਾਲ ਉਭਾਰੇ ਗਏ। ਵੱਡੇ ਇਕੱਠ ਵਿਚ ਸਿਆਸਤਦਾਨ ਬੋਚ ਕੇ ਬੋਲਦੇ ਨਜ਼ਰ ਆਏ। ਪ੍ਰਚਾਰਕਾਂ ਦੀ ਅਗਵਾਈ ਅਤੇ ਲੋਕ ਦੇ ਆਪ-ਮੁਹਾਰੇ ਉਭਾਰ ਸਾਹਮਣੇ ਉਨ੍ਹਾਂ ਦੇ ਆਗੂਆਂ ਵਾਲੇ ਰੁਤਬੇ ਖੁੱਸ ਗਏ ਜਾਪਦੇ ਸਨ। ਹੁਣ ਤੱਕ ਸਿਆਸੀ ਸੇਧ ਦੇਣ ਦਾ ਦਾਅਵਾ ਕਰਨ ਵਾਲੇ ਪੰਥਕ ਸਿਆਸਤਦਾਨ ਬਰਗਾੜੀ ਵਿਚ ਹੱਥ ਜੋੜ ਕੇ ਪ੍ਰਚਾਰਕਾਂ ਤੋਂ ਸੇਧ ਮੰਗ ਰਹੇ ਸਨ।

ਇਸ ਮੌਕੇ ਪੰਜਾਬ ਸਰਕਾਰ ਅਤੇ ਬਾਦਲ ਪਰਿਵਾਰ ਨਿਸ਼ਾਨੇ ਉਤੇ ਰਿਹਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜੈ ਪ੍ਰਕਾਸ਼ ਨਾਰਾਇਣ ਦੇ 113ਵੇਂ ਜਨਮ ਦਿਨ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 'ਭਾਰਤ ਦਾ ਨੈਲਸਨ ਮੰਡੇਲਾ' ਕਰਾਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਇਸ਼ਤਿਹਾਰਾਂ ਰਾਹੀਂ ਪੰਜਾਬ ਦੇ ਅਖ਼ਬਾਰਾਂ ਅਤੇ ਵੈੱਬਸਾਇਟਾਂ ਉਤੇ 'ਨੈਲਸਨ ਮੰਡੇਲਾ ਕਰਾਰ ਦਿੱਤੇ ਜਾਣ ਉਤੇ ਵਧਾਈਆਂ' ਦੇ ਕੇ ਆਪਣੀ ਨੇੜਤਾ ਦਾ ਇਜ਼ਹਾਰ ਕੀਤਾ। ਬਰਗਾੜੀ ਦੇ ਭੋਗ ਸਮਾਗਮ ਵਿਚ ਇਸੇ ਰੀਤ ਦਾ ਦੂਜਾ ਪਾਸਾ ਸਰਗਰਮ ਰਿਹਾ। ਬੁਲਾਰਿਆਂ ਵਿਚ ਬਾਦਲ ਨੂੰ ਬਾਬਰ, ਜਾਬਰ, ਅਬਦਾਲੀ ਅਤੇ ਮੀਰ ਮੰਨੂ ਕਰਾਰ ਦਿੱਤੇ ਜਾਣ ਦਾ ਮੁਕਾਬਲਾ ਹੁੰਦਾ ਰਿਹਾ। ਸੰਗਤ ਅੰਦਰ ਜੁੜ ਬੈਠੀ ਬੇਅਦਬੀ ਦੀ ਠੇਸ ਅਤੇ ਰੋਜ਼ਾਨਾ ਦੁਸ਼ਵਾਰੀਆਂ ਦੀ ਮਾਰ ਹੁੰਗਾਰਾ ਭਰਦੀ ਰਹੀ। ਜੇ ਇੱਕ ਪਾਸੇ ਮੰਚ ਤੋਂ ਸਰਹੰਦ ਦਾ ਇਤਿਹਾਸ ਸੁਣਾਇਆ ਜਾ ਰਿਹਾ ਸੀ ਤਾਂ ਮਲੇਰਕੋਟਲੇ ਤੋਂ ਸਿੱਖ-ਮੁਸਲਿਮ ਫਰੰਟ ਦੇ ਮੁਹੰਮਦ ਸ਼ਹਿਜ਼ਾਦ ਵੀ 'ਹਾਅ ਦਾ ਨਾਅਰਾ' ਮਾਰਨ ਪੁੱਜੇ ਸਨ।

ਮੰਚ ਅਤੇ ਇਕੱਠ ਵਿਚ ਆਈ ਸੰਗਤ ਦੇ ਆਲੇ-ਦੁਆਲੇ ਭਿੰਡਰਾਂਵਾਲੇ ਦੀਆਂ ਤਸਵੀਰਾਂ ਵਾਲੀਆਂ ਕਿਤਾਬਾਂ, ਟੀ-ਸ਼ਰਟਾਂ ਅਤੇ ਪੋਸਟਰ ਵਿਕ ਰਹੇ ਸਨ। ਇੱਕ ਨੌਜਵਾਨ ਖਾਲਿਸਤਾਨ ਲਿਖਵਾ ਕੇ ਕੇਸਰੀ ਝੰਡਾ ਚੁੱਕੀ ਘੁੰਮਦਾ ਸੀ। ਕੁਝ ਹੱਥ-ਪਰਚੀਆਂ ਵੰਡੀਆਂ ਜਾ ਰਹੀਆਂ ਸਨ। ਸਿੱਖ ਕੈਦੀਆਂ ਦੀ ਰਿਹਾਈ ਲਈ 16 ਜਨਵਰੀ ਤੋਂ ਭੁੱਖ ਹੜਤਾਲ ਉਤੇ ਬੈਠੇ ਸੂਰਤ ਸਿੰਘ ਦੀ ਹੱਥ-ਪਰਚੀ ਵਿਚ ਅਕਾਲ ਤਖ਼ਤ ਦੀ ਖ਼ੁਦਮੁਖ਼ਤਾਰੀ, ਸਜ਼ਾ ਪੂਰੀ ਕਰ ਚੁੱਕੇ ਬੰਦੀਆਂ ਦੀ ਰਿਹਾਈ, ਕੌਮੀ ਮਸਲਿਆਂ ਦੇ ਸਦੀਵੀ ਹੱਲ ਅਤੇ 10 ਨਵੰਬਰ ਨੂੰ 2015 ਨੂੰ ਸਰਬੱਤ ਖ਼ਾਲਸਾ ਵਿਚ ਪੁੱਜਣ ਦਾ ਸੱਦਾ ਸੀ। ਇਸ ਵਿਚੋਂ ਬੇਅਦਬੀ ਦਾ ਮਸਲਾ ਗ਼ੈਰ-ਹਾਜ਼ਰ ਸੀ। ਸੱਦਾ ਦੇਣ ਵਾਲੀ ਜਥੇਬੰਦੀ ਗ਼ੈਰ-ਹਾਜ਼ਰ ਸੀ। ਸੰਪਰਕ ਲਈ ਫੇਸਬੁੱਕ, ਯੂ-ਟਿਊਬ, ਈਮੇਲ, ਵਟੱਸਅੱਪ ਅਤੇ ਟਵਿੱਟਰ ਹੈਂਡਲ ਦਰਜ ਕੀਤੇ ਗਏ ਸਨ। ਸੋਸ਼ਲ ਮੀਡੀਆ ਦੇ ਦੌਰ ਵਿਚ ਇਹ ਡਿਜੀਟਲ ਦੁਨੀਆਂ ਦੀ ਬਰਗਾੜੀ ਤੱਕ ਪਹੁੰਚ ਦੀ ਨਿਸ਼ਾਨੀ ਵਜੋਂ ਵੀ ਦੇਖੀ ਜਾ ਸਕਦੀ ਹੈ। ਹੁਣ ਤੱਕ 'ਬਾਪੂ' ਦੇ ਵਿਸ਼ੇਸ਼ਣ ਨਾਲ ਪ੍ਰਚਾਰੇ ਗਏ ਸੂਰਤ ਸਿੰਘ ਇਸ ਹੱਥ ਪਰਚੀ ਵਿਚ 'ਜੱਥੇਦਾਰ' ਵਜੋਂ ਕਿਉਂ ਪੇਸ਼ ਹੋਏ ਹਨ? ਉਹ ਕਿਸ ਜਥੇ ਦੇ ਜਥੇਦਾਰ ਹਨ? 'ਸਿੱਖਸ ਫਾਰ ਜਸਟਿਸ' ਦੀ ਹੱਥ-ਪਰਚੀ ਵਿਚ ਤਾਂ ਜਾਰੀ ਕਰਨ ਵਾਲੇ ਦਾ ਕੋਈ ਅਤਾ-ਪਤਾ ਵੀ ਨਹੀਂ ਸੀ। ਇਸ ਪਰਚੀ ਵਿਚ '1984' ਅਤੇ '2015' ਦੇ ਹੇਠਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸਿੱਖ ਨਸਲਕੁਸ਼ੀ - ਲਗਾਤਾਰ ਜਾਰੀ' ਲਿਖ ਕੇ 'ਗੁਰੂ ਗ੍ਰੰਥ-ਗੁਰੂ ਪੰਥ ਆਜ਼ਾਦ ਮਾਰਚ' ਦਾ ਸੱਦਾ ਦਿੱਤਾ ਗਿਆ ਹੈ। ਵਿਦੇਸ਼ਾਂ ਦੀ ਨੁਮਾਇਸ਼ੀ ਸਿਆਸਤ ਪੰਜਾਬ ਵਿਚ ਪਰਦਾਧਾਰੀ ਕਿਉਂ ਬਣ ਜਾਂਦੀ ਹੈ ਭਲਾ? ਇਸ ਮਾਹੌਲ ਵਿਚ ਸੋਚ-ਵਿਚਾਰ ਨੂੰ ਰੋਹ ਦੇ ਵੇਗ ਤੇ ਵਹਾਅ ਵਿਚ ਰੱਦ ਕਰ ਦਿੱਤਾ ਗਿਆ ਹੈ।

***ਡੇਰਾ ਮੁਖੀ ਨੂੰ ਮੁਆਫ਼ੀ ਦੇਣ ਅਤੇ ਰੱਦ ਕਰਨ ਦੇ ਮਾਮਲਿਆਂ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਜੁੜ ਗਈ। ਇਸ ਨਾਲ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਪੰਜਾਬ ਸਰਕਾਰ ਅਤੇ ਸਿੱਖ ਸਿਆਸਤ ਨਾਲ ਜੁੜੀਆਂ ਵੰਨ-ਸੁਵੰਨੀਆਂ ਜਥੇਬੰਦੀਆਂ ਅੰਦਰ ਨੱਪੀ ਹੋਈ ਊਰਜਾ ਨੂੰ ਰਾਹ ਮਿਲਿਆ ਹੈ। ਇਸ ਊਰਜਾ ਨੂੰ ਮਿਲੇ ਰਾਹ ਅਤੇ ਲੋਕ ਰੋਹ ਦਾ ਪ੍ਰਗਟਾਵਾ ਭਾਵੇਂ ਇੱਕੋ ਥਾਂ ਉਤੇ ਹੋ ਰਿਹਾ ਹੈ, ਪਰ ਇਨ੍ਹਾਂ ਦਾ ਆਪਸ ਵਿਚ ਰਿਸ਼ਤਾ ਇੰਨਾ ਸਿੱਧਾ ਨਹੀਂ ਹੈ।***

ਇਸ ਵੇਲੇ ਸਿਰਫ਼ ਠੇਸ ਹੈ ਅਤੇ ਪੰਜਾਬ ਸਰਕਾਰ ਦੀ ਕਸੂਰਵਾਰ ਵਜੋਂ ਸ਼ਨਾਖ਼ਤ ਹੈ। ਸੂਬੇ ਦੀ ਮੰਦਹਾਲੀ, ਗੁਰਦੁਆਰਿਆਂ ਦੀ ਬਦਇੰਤਜ਼ਾਮੀ ਅਤੇ ਬੇਅਦਬੀ ਦੇ ਸੁਆਲ ਸੂਬਾ ਸਰਕਾਰ ਦੀ ਜੁਆਬਤਲਬੀ ਕਰਨ ਵਾਲੇ ਹਨ। ਸੂਬਾ ਸਰਕਾਰ ਅਤੇ ਦੂਜੇ ਪਾਸਿਓਂ ਪੰਥ ਦੀ ਨੁਮਾਇੰਦਗੀ ਕਰਨ ਵਾਲੀਆਂ ਜਥੇਬੰਦੀਆਂ, ਇੱਕ ਨੁਕਤੇ ਉਤੇ ਸਹਿਮਤ ਹਨ ਕਿ ਇਨ੍ਹਾਂ ਮਸਲਿਆਂ ਉਤੇ ਸਿਆਸਤ ਨਹੀਂ ਹੋਣੀ ਚਾਹੀਦੀ। ਬੇਅਦਬੀ ਤੋਂ ਬਿਨਾਂ ਬਾਕੀ ਮਸਲੇ ਤਾਂ ਸਿਆਸੀ ਸਨ। ਇਸ ਦਾ ਕੀ ਮਤਲਬ ਹੈ ਫਿਰ? ਕੀ ਬੇਅਦਬੀ ਕਾਰਨ ਸਰਗਰਮ ਹੋਈਆਂ 'ਪੰਥਕ' ਧਿਰਾਂ ਦੀ ਸਿਆਸੀ ਖੜੋਤ ਜਿਉਂ ਦੀ ਤਿਉਂ ਕਾਇਮ ਹੈ? ਕੀ ਇਹ ਧਿਰਾਂ ਸਿਆਸੀ ਮੰਚ ਉਤੇ ਬੇਮਾਅਨੇ ਹੋ ਗਈਆਂ ਹਨ? ਡੇਰਾ ਮੁਖੀ ਨੂੰ ਮੁਆਫ਼ੀ ਦੇਣ ਵਾਲੇ ਮੁੱਦੇ ਉਤੇ ਦਿੱਤਾ ਗਿਆ 'ਸਰਬੱਤ ਖ਼ਾਲਸੇ ਦਾ ਸੱਦਾ' ਬਰਗਾੜੀ ਦੇ ਭੋਗ ਸਮਾਗਮ ਤੱਕ ਬੇਮਾਅਨਾ ਕਿਉਂ ਹੋ ਗਿਆ ਜਾਪਦਾ ਹੈ? ਇਸ ਦਾ ਪ੍ਰਵਾਨ ਕੀਤੇ ਗਏ ਨੌਂ ਮਤਿਆਂ ਵਿਚ ਜ਼ਿਕਰ ਤੱਕ ਨਹੀਂ। ਕਈ ਬੁਲਾਰਿਆਂ ਅਤੇ ਜੱਥੇਦਾਰ ਸੂਰਤ ਸਿੰਘ ਦੀ ਹੱਥ-ਪਰਚੀ ਨੇ ਸਰਬੱਤ ਖ਼ਾਲਸੇ ਵਿਚ ਸ਼ਮੂਲੀਅਤ ਦਾ ਹੋਕਾ ਦਿੱਤਾ। ਪ੍ਰਵਾਨ ਕੀਤੇ ਗਏ ਮਤਿਆਂ ਵਿਚ ਮੰਗਾਂ ਅਤੇ ਸੰਘਰਸ਼ ਦੇ ਢੰਗ-ਤਰੀਕਿਆਂ ਦੀ 15 ਨਵੰਬਰ ਤੱਕ ਦੀ ਵਿਉਂਤਬੰਦੀ ਹੈ ਤਾਂ 10 ਨਵੰਬਰ ਦਾ 'ਸਰਬੱਤ ਖ਼ਾਲਸੇ' ਦਾ ਸੱਦਾ ਗ਼ੈਰ-ਹਾਜ਼ਰ ਕਿਉਂ ਹੈ?

ਹੁਣ ਕੁਝ ਧਾਰਨਾਵਾਂ ਸਾਫ਼ ਹੁੰਦੀਆਂ ਦਿਖਾਈ ਦਿੰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਮਾਰੇ ਗਏ ਮੁਜ਼ਾਹਰਾਕਾਰੀਆਂ ਅਤੇ ਬੇਕਸੂਰਾਂ ਦੀ ਗ੍ਰਿਫ਼ਤਾਰੀ ਦੇ ਮਸਲੇ ਸੋਗਵਾਰ ਹਨ। ਇਸ ਸੋਗ ਵਿਚ ਜੁੜੀ ਸੰਗਤ ਆਪਣੀ ਠੇਸ ਦੇ ਨਾਲ ਨਾਲ ਸਮਾਜਕ ਜ਼ਿੰਮੇਵਾਰੀ ਵੀ ਨਿਭਾਅ ਰਹੀ ਹੈ। ਰੋਜ਼ਾਨਾ ਦੀਆਂ ਦੁਸ਼ਵਾਰੀਆਂ ਕਾਰਨ ਉਨ੍ਹਾਂ ਅੰਦਰ ਸਰਕਾਰ ਖ਼ਿਲਾਫ਼ ਰੋਹ ਹੈ ਜੋ ਇਸ ਮੌਕੇ ਬੇਕਾਬੂ ਹੋ ਗਿਆ ਹੈ। ਕੀ ਇਹ ਕੁਝ ਦਿਨਾਂ ਦੇ ਆਪ-ਮੁਹਾਰੇ ਪ੍ਰਗਟਾਵੇ ਤੋਂ ਬਾਅਦ ਠੰਢਾ ਹੋ ਜਾਵੇਗਾ? ਇਹ ਸੰਭਾਵਨਾ ਬਹੁਤ ਵੱਡੇ ਪੱਧਰ ਉਤੇ ਪਈ ਹੈ। ਜੇ ਅਜਿਹਾ ਹੁੰਦਾ ਹੈ ਤਾਂ ਇਹ ਪਿਛਲੇ ਚਾਰ ਦਹਾਕਿਆਂ ਦੇ ਇਤਿਹਾਸ ਨੂੰ ਨਵੇਂ ਸਿਰੇ ਤੋਂ ਸਮਝਣ ਦਾ ਨਵਾਂ ਮੌਕਾ ਹੋਵੇਗਾ। ਹੁਣ ਤੱਕ ਇਤਿਹਾਸ ਨੂੰ ਚੋਣਵੇਂ ਤੱਥਾਂ ਅਤੇ ਪ੍ਰਚਾਰ ਦੇ ਪੱਧਰ ਉਤੇ ਸਮਝਿਆ ਗਿਆ ਹੈ। ਇਸੇ ਰੁਝਾਨ ਤਹਿਤ ਸ਼ਰਧਾ ਨਾਲ ਜੋੜ ਕੇ ਕਈ ਅਕਸ ਉਸਾਰੇ ਗਏ ਹਨ। ਬੀਤੇ ਨੂੰ ਨਾ ਭੁੱਲਣ ਅਤੇ ਨਾ ਬਖ਼ਸ਼ਣ ਦੀ ਦਲੀਲ ਬਹੁਤ ਜ਼ੋਰ ਨਾਲ ਦਿੱਤੀ ਜਾਂਦੀ ਰਹੀ ਹੈ। ਹੁਣ ਇਹ ਸੁਆਲ ਪੁੱਛਣ ਦਾ ਮੌਕਾ ਹੈ ਕਿ ਕੀ ਠੇਸ ਜਾਂ ਸਦਮਾ ਹੀ ਸਿਆਸਤ ਦੀ ਸਵਾਰੀ ਹੁੰਦੀ ਹੈ? ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈਣ ਵਿਚ ਨਾਕਾਮਯਾਬ ਰਹੀ ਪੰਥਕ ਸਿਆਸਤ ਦੀ ਸਮੁੱਚੀ ਵੰਨ-ਸੁਵੰਨਤਾ ਸਾਹਮਣੇ ਸੁਆਲ ਖੜ੍ਹਾ ਹੈ ਕਿ ਠੇਸ ਅਤੇ ਸਦਮਿਆਂ ਨਾਲ ਉਸਰੇ ਬੁੱਤ ਕਿੰਨਾ ਚਿਰ ਕਾਇਮ ਰਹਿ ਸਕਣਗੇ? ਜੇ ਸਮਕਾਲੀ ਦੌਰ ਵਿਚ ਬੇਅਦਬੀ ਕਾਰਨ ਉਪਜਿਆ ਰੋਹ ਸਿਆਸੀ ਸੁਆਲਾਂ ਨੂੰ ਮੁਖ਼ਾਤਬ ਹੋਣ ਤੋਂ ਟਾਲਾ ਵੱਟ ਜਾਂਦਾ ਹੈ ਤਾਂ ਇਸ ਰੁਝਾਨ ਦੀ ਇਤਿਹਾਸ ਵਿਚੋਂ ਪੈੜ ਨੱਪਣੀ ਪਵੇਗੀ। ਮੌਜੂਦਾ ਹਾਲਾਤ ਅਤੇ ਬੇਅਦਬੀ ਦੇ ਸੁਆਲਾਂ ਨੇ ਜੁੜ ਕੇ ਇਤਿਹਾਸ ਨੂੰ ਸਮਝਣ ਦਾ ਮੌਕਾ ਦਿੱਤਾ ਹੈ। ਇਸ ਵੇਲੇ ਪੰਜਾਬ ਆਪਣੇ ਗੁੰਝਲਦਾਰ ਖ਼ਾਸੇ ਨਾਲ ਸਾਡੇ ਸਨਮੁੱਖ ਹੈ। ਇਹ ਜ਼ਰੂਰੀ ਨਹੀਂ ਕਿ ਸਾਨੂੰ ਇਸ ਗੁੰਝਲ ਦੀ ਅੰਤਿਮ ਸਮਝ ਆ ਜਾਵੇ, ਪਰ ਪਹਿਲਾਂ ਨਾਲੋਂ ਸਾਡੀ ਸਮਝ ਬਿਹਤਰ ਤਾਂ ਹੋ ਹੀ ਸਕਦੀ ਹੈ।

**ਪੰਜਾਬ ਦੇ ਸਿਰ ਉਤੇ ਅੱਜ ਫਿਰ ਸੰਕਟ ਮੰਡਰਾ ਰਿਹਾ ਹੈ। ਤਿੱਖੀ, ਤੀਬਰ ਅਤੇ ਤੇਜ਼ੀ ਨਾਲ ਹੋ ਰਹੀ ਉਥਲ-ਪੁਥਲ ਦੇ ਬਾਵਜੂਦ ਅਜੇ ਤੱਕ ਇਸ ਸੰਕਟ ਦੀ ਕੋਈ ਤੰਦ ਫੜੀ ਨਹੀਂ ਜਾ ਸਕੀ। ਸਿਆਸੀ ਚਾਲਾਂ ਚੱਲਣ ਵਾਲੇ ਇਕ ਵਾਰ ਫਿਰ ਸ਼ਹਿ ਕੇ ਬੈਠ ਗਏ ਹਨ ਅਤੇ ਇਨ੍ਹਾਂ ਸਿਆਸੀ ਚਾਲਾਂ ਨੂੰ ਉਡਾਉਣ ਦਾ ਯਤਨ ਕਰਨ ਵਾਲੇ ਖੁਦ ਸਵੈ-ਮੰਥਨ ਵੱਲ ਅਹੁਲਣ ਦੀ ਥਾਂ ਸਰਗਰਮੀ ਦਾ ਸਾਰਾ ਧੁਰਾ ਸਿਆਸੀ ਚਾਲਾਂ ਦੁਆਲੇ ਹੀ ਕੇਂਦਰਤ ਕਰ ਰਹੇ ਹਨ। ਇਸ ਸਿਆਸੀ ਅਤੇ ਧਾਰਮਿਕ ਸੰਕਟ ਦੇ ਪਿਛੋਕੜ ਵਿਚ ਦੋ ਸਿੱਖ ਵਿਦਵਾਨਾਂ- ਕਰਮਜੀਤ ਸਿੰਘ ਤੇ ਬਲਕਾਰ ਸਿੰਘ ਨੇ ਖਾਸ ਨੁਕਤਾ-ਨਿਗ੍ਹਾ ਤੋਂ ਟਿੱਪਣੀਆਂ ਕੀਤੀਆਂ ਹਨ ਜਿਨ੍ਹਾਂ ਵਿਚ ਇਸ ਸੰਕਟ ਦੀਆਂ ਤਹਿਆਂ ਤੱਕ ਪੁੱਜਣ ਵਾਲੇ ਰਾਹਾਂ ਦੀ ਸੂਹ ਪੈ ਰਹੀ ਹੈ। -ਸੰਪਾਦਕ**

# ਮੌਜੂਦਾ ਸੰਕਟ ਦਾ ਮੁੱਖ ਕਾਰਨ ਪੰਥਕ ਸੋਚ ਤੋਂ ਦੂਰੀ

ਸਿੱਖ ਪੰਥ ਦਾ ਰਾਜਨੀਤਕ ਕਲਚਰ ਬਹੁਤ ਗੁੰਝਲਦਾਰ ਹੈ, ਦਿਲਚਸਪ ਵੀ ਹੈ ਅਤੇ ਅਕਾਦਮਿਕ ਮੁਹਾਵਰੇ ਵਿਚ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਵੀ ਹੈ। ਇਹ ਕਲਚਰ ਧਾਰਮਿਕ ਸਭਿਆਚਾਰ ਨਾਲੋਂ ਰੂਹਾਨੀ ਸਭਿਆਚਾਰ ਦੇ ਵੱਧ ਨੇੜੇ ਹੈ ਜਿਸ ਕਰ ਕੇ ਇਸ ਦੇ ਗਿਆਨ-ਪ੍ਰਬੰਧ ਦੇ ਬਹੁਤ ਸਾਰੇ ਪਹਿਲੂ ਹੋਰਨਾਂ ਨਾਲੋਂ ਵੱਖਰੇ ਅਤੇ ਵਿਸ਼ੇਸ਼ ਹਨ ਅਤੇ ਸਤਹੀ ਸੋਚ ਵਾਲੇ ਵਿਦਵਾਨਾਂ ਦੀ ਪਕੜ ਵਿਚ ਨਹੀਂ ਆ ਸਕਦੇ। ਆਜ਼ਾਦੀ ਤੋਂ ਪਹਿਲਾਂ ਚੱਲੇ ਅੰਦੋਲਨਾਂ ਵਿਚ ਨਹਿਰੂ, ਟੈਗੋਰ, ਗਾਂਧੀ, ਅੰਬੇਦਕਰ ਸਮੇਤ ਸਿਆਸਤਦਾਨਾਂ ਅਤੇ ਨੀਤੀਵਾਨਾਂ ਦੀ




ਕਰਮਜੀਤ ਸਿੰਘ
ਫੋਨ: +91-99150-91063

ਲੰਮੀ ਕਤਾਰ ਹੈ ਜਿਨ੍ਹਾਂ ਨੂੰ ਇਸ ਵਿਲੱਖਣਤਾ ਦੀ ਪਛਾਣ ਅਤੇ ਸਮਝ ਸੀ। ਇਥੋਂ ਤਕ ਕਿ ਖੱਬੇ ਪੱਖੀ ਸਿਆਸਤਦਾਨ ਵੀ ਇਸ ਹਕੀਕਤ ਨੂੰ ਸਵੀਕਾਰ ਕਰਦੇ ਸਨ। ਬੰਗਾਲੀ ਲੇਖਕ ਅਤੇ ਆਜ਼ਾਦੀ ਸੰਗਰਾਮੀਏ ਸਚਿੰਦਰ ਨਾਥ ਸਾਨਿਆਲ ਨੇ ਗ਼ਦਰ ਪਾਰਟੀ ਦਾ ਇਤਿਹਾਸ ਲਿਖਦਿਆਂ ਆਪਣੀ ਕਿਤਾਬ 'ਬੰਦੀ ਜੀਵਨ' ਵਿਚ ਸਿੱਖ ਮਾਨਸਿਕਤਾ ਦੇ ਕੁਝ ਝਲਕਾਰੇ ਪੇਸ਼ ਕੀਤੇ ਹਨ।

ਵਿਦਵਾਨਾਂ ਅਤੇ ਸਿਆਸਤਦਾਨਾਂ ਨੂੰ ਹੈਰਾਨ ਕਰਨ ਵਾਲਾ ਇਹ ਤੱਥ ਸਮਝਣ ਵਿਚ ਬਹੁਤ ਮੁਸ਼ਕਿਲ ਆ ਰਹੀ ਹੈ ਕਿ ਆਖਰਕਾਰ ਸੁੱਚੇ ਜਜ਼ਬਾਤ ਦਾ ਉਹ ਸਰਸਬਜ਼ ਚਸ਼ਮਾ ਜਾਂ ਭਾਈ ਨੰਦ ਲਾਲ ਦੇ ਲਫ਼ਜ਼ਾਂ ਵਿਚ 'ਜਾਂ ਫਰੋਜ਼ਿ ਨਹਿਰ' (ਆਤਮਕ ਗਿਆਨ ਦੀ ਵਗਦੀ ਨਦੀ) ਕਿੱਥੇ ਹੈ ਜਿਸ ਕਰ ਕੇ ਆਜ਼ਾਦੀ ਦੀ ਜੰਗ ਵਿਚ ਫਾਂਸੀਆਂ ਉਤੇ ਚੜ੍ਹਨ ਵਾਲੇ ਅਤੇ ਲੰਮੀਆਂ ਕੈਦਾਂ ਕੱਟਣ ਵਾਲਿਆਂ ਵਿਚ 80 ਫ਼ੀਸਦੀ ਸਿੱਖ ਹੀ ਸਨ। ਇਥੋਂ ਤਕ ਕਿ ਪੰਜਾਬ 'ਚ ਨਕਸਲੀ ਅੰਦੋਲਨ ਵਿਚ ਸ਼ਹੀਦ ਹੋਣ ਵਾਲੇ 81 ਵਿਚੋਂ ਬਹੁਤੇ ਸਿੱਖ ਸਨ।

ਇਕ ਹੋਰ ਗੰਭੀਰ ਤੱਥ ਡੂੰਘੇ ਧਿਆਨ ਦੀ ਮੰਗ ਕਰਦਾ ਹੈ ਕਿ ਸਿੱਖ ਕੌਮ ਹਰ ਰੋਜ਼ ਅਰਦਾਸ ਵਿਚ ਦੋ ਵਾਰ 'ਸਰਬੱਤ ਦਾ ਭਲਾ' ਮੰਗਦੀ ਹੈ, ਪਰ ਨਾਲ ਹੀ ਇਸੇ ਮੰਚ ਉਤੇ ਖਲੋ ਕੇ ਉਹ ਆਪਣੀ ਆਜ਼ਾਦ ਅਤੇ ਨਿਆਰੀ ਹਸਤੀ ਨੂੰ ਕਾਇਮ ਰੱਖਣ ਲਈ ਵੀ ਵਚਨਬੱਧ ਹੈ। ਇਤਿਹਾਸ ਵਿਚ ਅਨੇਕਾਂ ਮਿਸਾਲਾਂ ਹਨ ਜਦੋਂ ਸਿੱਖਾਂ ਨੇ ਹਰ ਔਖੀ-ਸੌਖੀ ਘੜੀ ਇਨ੍ਹਾਂ ਦੋਵਾਂ ਹਕੀਕਤਾਂ ਦੇ ਨਾਜ਼ੁਕ ਤਵਾਜ਼ਨ ਨੂੰ ਬਣਾਈ ਰੱਖਿਆ। ਸ. ਪ੍ਰਕਾਸ਼ ਸਿੰਘ ਬਾਦਲ ਇਥੇ ਹੀ ਮਾਰ ਖਾ ਗਏ। ਉਹ ਇਸ ਸੰਵੇਦਨਸ਼ੀਲ ਸੰਤੁਲਨ ਨੂੰ ਸੰਭਾਲ ਕੇ ਨਹੀਂ ਰੱਖ ਸਕੇ ਅਤੇ ਸ਼ਾਇਦ ਉਨ੍ਹਾਂ ਨੂੰ ਇਸ ਦੀਆਂ ਬਾਰੀਕ, ਅਣਦਿਸਦੀਆਂ ਅਤੇ ਅਹਿਮ ਪਰਤਾਂ ਦੀ ਅੰਤਰਮੁਖੀ ਸਮਝ ਵੀ ਨਹੀਂ। 'ਸਰਬੱਤ ਦੇ ਭਲੇ' ਦਾ ਨਾਅਰਾ ਮਾਰਦੇ ਮਾਰਦੇ ਉਹ ਹੁਣ 'ਸਰਬੱਤ' ਨਾਲੋਂ ਵੀ ਦੂਰ ਹਨ ਅਤੇ ਆਪਣੀ ਕੌਮ ਨਾਲੋਂ ਵੀ ਟੁੱਟੇ ਨਜ਼ਰ ਆ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਦੁਖਦਾਇਕ ਘਟਨਾਵਾਂ ਪਿਛੋਂ ਜਦੋਂ ਉਹ ਸ਼ਨਿਚਰਵਾਰ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਚੱਲ ਰਹੇ ਸਨ ਤਾਂ ਕਿਸੇ ਡੂੰਘੀ ਪੀੜ ਦੀ ਝਲਕ ਉਨ੍ਹਾਂ ਦੇ ਚਿਹਰੇ ਤੋਂ ਸਾਫ਼ ਪੜ੍ਹੀ ਜਾ ਸਕਦੀ ਸੀ। ਹੁਣ ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਹੋਵੇਗਾ ਕਿ ਖੂਹ ਦੀ ਤਹਿ ਵਿਚ ਬੈਠ ਕੇ ਸਾਰੇ ਅਸਮਾਨ ਨੂੰ ਵੇਖਿਆ ਨਹੀਂ ਜਾ ਸਕਦਾ।

ਇਕ ਹੋਰ ਸਵਾਲ ਵੀ ਹੈ ਕਿ ਬਾਦਲ ਕੋਲ ਸਿਆਸੀ ਚਤੁਰਾਈਆਂ ਦਾ ਖ਼ਜ਼ਾਨਾ ਵੀ ਸੀ, ਤਜਰਬੇ ਵੀ ਤੇ ਤਾਕਤ ਵੀ। ਸਬਰ-ਸੰਤੋਖ ਨਾਲ ਤਾਂ ਉਨ੍ਹਾਂ ਕਈ ਮਜ਼ਬੂਤ ਸਿਆਸੀ ਜੰਦਰੇ ਵੀ ਖੋਲ੍ਹੇ ਤੇ ਭੰਨੇ, ਪਰ ਉਹ ਮਾਰ ਕਿੱਥੇ ਖਾ ਰਹੇ ਹਨ? ਜਵਾਬ ਹੈ ਕਿ ਬਾਦਲ ਨੇ ਹੁਣ ਤਕ ਸਿਰਫ਼ ਦੋ ਚੀਜ਼ਾਂ ਉਤੇ ਹੀ ਆਪਣੀ ਬਾਜ਼ ਅੱਖ ਰੱਖੀ- ਵੋਟ ਅਤੇ ਵੋਟਰ। ਇਹ ਦੋਵੇਂ ਕੀਮਤੀ ਚੀਜ਼ਾਂ ਉਨ੍ਹਾਂ ਨੇ ਹਾਸਲ ਵੀ ਕੀਤੀਆਂ, ਪਰ ਵੋਟਰ ਅੰਦਰ, ਖਾਸ ਕਰ ਕੇ ਸਿੱਖ ਵੋਟਰ ਦੇ ਧੁਰ ਅੰਦਰ ਹੋਰ ਕੀ ਕੁਝ ਰਿੱਝ-ਪੱਕ ਰਿਹਾ ਹੈ, ਉਸ ਵੱਲ ਸ਼ਾਇਦ ਹੀ ਉਨ੍ਹਾਂ ਕਦੇ ਧਿਆਨ ਦਿੱਤਾ ਹੋਵੇ। ਉਨ੍ਹਾਂ ਪੰਜਾਬ ਦੀ ਗੱਲ ਕੀਤੀ, ਪੰਜਾਬੀਅਤ ਦਾ ਝੰਡਾ ਵੀ ਬੁਲੰਦ ਕੀਤਾ, ਪਰ ਪੰਥਕ ਜਜ਼ਬੇ ਦੀ ਸੰਭਾਲ ਤੇ ਇਸ ਦੀ ਰਾਖੀ ਵੱਲ ਜੇ ਕੁਝ ਧਿਆਨ ਵੀ ਦਿੱਤਾ ਤਾਂ ਉਹ ਓਪਰਾ, ਰਸਮੀ ਤੇ ਕੇਵਲ ਮੂੰਹ ਰੱਖਣਾ ਸੀ। ਦੂਜੇ ਪਾਸੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਾਲੀ ਪੰਥਕ



ਸੋਚ ਦੀ ਰਾਜਨੀਤੀ ਨੂੰ ਪੰਥਕ ਜਜ਼ਬੇ ਦੇ ਨਾਲ ਨਾਲ ਤੁਰਨ, ਉਸ ਦੀ ਰਾਖੀ ਕਰਨ ਅਤੇ ਉਸ ਨੂੰ ਨਵੇਂ ਨਵੇਂ ਮੋੜ ਦੇਣ ਦੀ ਸਮਝ ਤੇ ਜਾਚ ਸੀ।


ਜਿੱਥੋਂ ਤਕ 'ਪੰਜਾਬੀਅਤ' ਦਾ ਸਬੰਧ ਹੈ, ਇਸ ਸ਼ਬਦ ਦੇ ਅਰਥਾਂ ਤੇ ਪਾਸਾਰ ਬਾਰੇ ਵੀ ਘੱਟ ਹੀ ਬਹਿਸ ਹੋਈ ਹੈ। ਸਰਬੱਤ ਦੇ ਭਲੇ ਦਾ ਸਿਧਾਂਤ ਸਿੱਖ ਪੰਥ ਨਾਲ ਤਾਂ ਜੁੜਿਆ ਹੀ ਹੈ, ਪਰ ਅੱਗੇ ਜਾ ਕੇ ਇਹ ਕਿਸਾਨੀ ਨਾਲ ਵੀ ਜੁੜਦਾ ਹੈ ਅਤੇ ਹੋਰ ਅੱਗੇ ਜਾ ਕੇ ਸਮੂਹ ਪੰਜਾਬੀਆਂ ਨਾਲ ਇਸ ਦੀਆਂ ਗੂੜ੍ਹੀਆਂ ਤੇ ਪਿਆਰ ਭਰੀਆਂ ਸਾਂਝਾਂ ਵੀ ਹਨ। ਪੰਥਕ ਜਜ਼ਬੇ ਦੇ ਬਾਗ਼ ਵਿਚ ਹੀ ਪੰਜਾਬੀਅਤ ਦੇ ਸਾਰੇ ਫੁੱਲ ਖਿੜ ਸਕਦੇ ਹਨ। ਇਸ ਤੋਂ ਦੂਰ ਹੋ ਕੇ ਨਾ ਕੋਈ ਅਕਾਲੀ ਰਹਿ ਸਕਦਾ ਹੈ, ਨਾ ਹੀ ਸਿੱਖ ਅਖਵਾ ਸਕਦਾ ਹੈ ਅਤੇ ਨਾ ਹੀ ਪੰਜਾਬੀਅਤ ਦੀ ਸੁੱਚੀ ਭਾਵਨਾ ਪੈਦਾ ਹੋ ਸਕਦੀ ਹੈ। 'ਪੰਜਾਬ ਵੱਸਦਾ ਗੁਰਾਂ ਦੇ ਨਾਂ ਤੇ' ਦੀ ਟਿੱਪਣੀ ਵੀ ਅਜਿਹੇ ਨਜ਼ਰੀਏ ਨੂੰ ਪੇਸ਼ ਕਰਦੀ ਹੈ ਜਿਸ ਵਿਚੋਂ ਅੰਤਰ-ਦ੍ਰਿਸ਼ਟੀਆਂ ਦੀਆਂ ਬੇਅੰਤ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਇਸ ਦੀ ਪ੍ਰਤੱਖ ਮਿਸਾਲ ਹੈ ਜਿੱਥੇ ਕਈ ਭਾਸ਼ਾਵਾਂ, ਧਰਮਾਂ ਤੇ ਸਭਿਆਚਾਰਾਂ ਦੇ ਰੂਹਾਨੀ ਫੁੱਲ ਖਿੜੇ ਹਨ। ਇਸ ਲਈ ਅਜਿਹੇ ਮਹਾਨ ਗ੍ਰੰਥ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਵਿਚ ਜੇ ਲਾਪ੍ਰਵਾਹੀ ਤੇ ਦੇਰੀ ਹੋਈ ਅਤੇ ਦੋਸ਼ੀਆਂ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ ਤਾਂ ਸਮੁੱਚਾ ਪੰਥ ਬਾਦਲ ਸਾਹਿਬ ਨੂੰ ਸਵਾਲਾਂ ਦੇ ਘੇਰੇ ਵਿਚ ਲੈ ਆਇਆ ਹੈ ਜਿਨ੍ਹਾਂ ਕੋਲ ਸਰਕਾਰ ਵੀ ਹੈ, ਵਿਸ਼ਾਲ ਪੁਲਿਸ ਤੰਤਰ ਵੀ ਹੈ ਅਤੇ ਜੋ ਫ਼ਖ਼ਰ-ਏ-ਕੌਮ ਤੇ ਪੰਥ ਰਤਨ ਵੀ ਹੈ। ਤਾਜ਼ਾ ਘਟਨਾਵਾਂ ਤਾਂ ਸ਼ਿਖਰ ਹੀ ਹਨ ਜਦੋਂਕਿ ਪਿਛਲੇ ਦੋ-ਤਿੰਨ ਵਰ੍ਹਿਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਸੜਨ, ਰੁਮਾਲਿਆਂ ਨੂੰ ਅੱਗ ਲੱਗਣ ਅਤੇ ਸਰੂਪ ਵਾਲੇ ਅਸਥਾਨ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਹੁੰਦੀਆਂ ਰਹੀਆਂ ਹਨ ਪਰ ਇਹ ਨਜ਼ਰਅੰਦਾਜ਼ ਕੀਤੀਆਂ ਜਾਂਦੀਆਂ ਰਹੀਆਂ। ਇਨ੍ਹਾਂ ਦੀ ਗੰਭੀਰ ਜਾਂਚ ਸ਼ਾਇਦ ਹੀ ਕਦੇ ਹੋਈ ਹੋਵੇ। ਕੀ ਘਰ ਦੇ ਮਾਲਕ ਨੂੰ ਪਤਾ ਨਹੀਂ ਹੋਣਾ ਚਾਹੀਦਾ ਕਿ ਉਸ ਦੀ ਛੱਤ ਕਿੱਥੋਂ ਚੋਂਦੀ ਹੈ?

ਇਕ ਵਾਰ ਮੁੜ ਜਥੇਦਾਰ ਟੌਹੜਾ ਵਾਲੀ ਪੰਥਕ ਸਿਆਸਤ ਵੱਲ ਮੁੜਦੇ ਹਾਂ ਜੋ ਦੱਸਦੀ ਹੈ ਕਿ ਅੱਜ ਅਕਾਲੀ ਦਲ ਦੀ ਸੋਚ ਅਤੇ ਜਜ਼ਬੇ ਵਿਚ, ਉਸ ਦੀ ਗੁਫ਼ਤਾਰ ਤੇ ਰਫ਼ਤਾਰ ਵਿਚ, ਉਹੋ ਜਿਹੀ ਸ਼ਾਇਰਾਨਾ ਤਰਜ਼-ਏ-ਜ਼ਿੰਦਗੀ ਨਹੀਂ ਜੋ ਜਥੇਦਾਰ ਟੌਹੜਾ ਨੇ ਸਾਂਭ ਕੇ ਰੱਖੀ ਸੀ। ਪੰਥਕ ਜਜ਼ਬੇ ਉਤੇ ਕੁਝ ਕੁ ਟੱਬਰਾਂ ਦਾ ਹੀ ਕਬਜ਼ਾ ਕਿਉਂ ਹੋ ਗਿਆ? ਵਿਕਾਸ ਦੀਆਂ ਗੱਲਾਂ ਇਨਸਾਫ਼ ਤੇ ਬਰਾਬਰੀ ਦੇ ਜਜ਼ਬੇ ਨਾਲ ਕਿਉਂ ਨਹੀਂ ਜੁੜ ਰਹੀਆਂ? ਟੌਹੜਾ-ਮਾਨਸਿਕਤਾ ਵਿਚ ਜ਼ਰੂਰ ਕੋਈ ਅਜਿਹੀ ਗੱਲ ਸੀ ਜਿਸ ਨੇ ਪੰਥਕ ਸ਼ਾਨ, ਪਛਾਣ ਅਤੇ ਪੰਥ ਦੀ ਮੁੱਖ ਧਾਰਾ ਨੂੰ ਜਿਉਂਦਿਆਂ ਰੱਖਿਆ ਅਤੇ ਉਸ ਵਿਚ ਤਾਜ਼ਗੀ ਵੀ ਬਣਾਈ ਰੱਖੀ; ਪਰ ਬਾਦਲ ਰਾਜਨੀਤੀ ਤੇ ਰਣਨੀਤੀ ਪੰਥਕ ਇਤਿਹਾਸ ਨੂੰ ਭੁਲ ਕੇ ਦੁਨੀਆਂਦਾਰੀ ਦੀ ਖੇਡ ਵਿਚ ਮਸਤ ਹੈ। ਟੌਹੜਾ ਰਾਜਨੀਤੀ ਪੰਥਕ ਪਿਆਰ ਦੀ ਪਿਆਸੀ ਹੋਣ ਕਰ ਕੇ ਅੰਤਿਮ ਹਾਰ ਕਦੇ ਵੀ ਨਹੀਂ ਸੀ ਮੰਨਦੀ। ਇਹ ਗੱਲ ਉਸ ਵੱਲੋਂ ਬੀ.ਬੀ.ਸੀ. ਨੂੰ ਦਿੱਤੀ ਆਖਰੀ ਇੰਟਰਵਿਊ ਵਿਚ ਵੀ ਸਪਸ਼ਟ ਹੋ ਜਾਂਦੀ ਹੈ। ਪੰਜਾਬ ਦੇ ਉਬਲਦੇ ਸਿਆਸੀ ਪਾਣੀਆਂ ਵਿਚ ਵੀ, ਜੋ ਉਸ ਦੇ ਪੈਰ ਜੰਮੇ ਰਹੇ ਤਾਂ ਇਸ ਦਾ ਵੱਡਾ ਕਾਰਨ ਇਹ ਸੀ ਕਿ ਉਹ ਆਪਣੇ ਭਾਈਚਾਰੇ ਦੇ ਵੱਡੇ ਹਿੱਸਿਆਂ ਨਾਲੋਂ ਕਦੇ ਵੀ ਟੁੱਟਿਆ ਨਹੀਂ ਸੀ। ਉਹ ਲਗਦੀ ਵਾਹ ਆਪਣੇ ਭਾਈਚਾਰੇ ਦੇ ਠੰਢੇ-ਤੱਤੇ ਅਤੇ ਕਮਜ਼ੋਰ ਹਿੱਸਿਆਂ ਨਾਲ ਸਾਂਝ ਬਣਾਈ ਰੱਖਦਾ ਸੀ। ਉਹ ਕੰਧਾਂ ਤੋਂ ਵੀ ਸਲਾਹ ਲੈਂਦਾ ਸੀ। ਕਿਤਾਬਾਂ ਦੇ ਆਸ਼ਕਾਂ ਨਾਲ ਵੀ ਉਸ ਦੀ ਡੂੰਘੀ ਦੋਸਤੀ ਸੀ। ਬਾਦਲ ਦੇ ਆਪਣੇ ਲਫ਼ਜ਼ਾਂ ਵਿਚ ਹੀ, ਉਹ ਕਿਤਾਬ ਤੇ ਕਿਤਾਬਾਂ ਵਾਲਿਆਂ ਤੋਂ ਦੂਰ ਹੀ ਰਹਿੰਦੇ ਹਨ। ਸਿਆਣਿਆਂ ਨੇ ਲਿਖਿਆ ਹੈ ਕਿ ਕਿਤਾਬ 'ਖਾਮੋਸ਼ ਗੁਰੂ' ਹੁੰਦੀ ਹੈ; ਪਰ ਬਾਦਲ ਸ਼ਬਦ ਦੀ ਤਾਕਤ, ਪ੍ਰਭਾਵ ਤੇ ਮਹਾਨਤਾ ਤੋਂ ਕਿਉਂ ਦੂਰ ਹਨ, ਜਦੋਂਕਿ ਗੁਰੂ ਸਾਹਿਬਾਨ ਨੇ ਤਾਂ ਸਾਨੂੰ ਜੋੜਿਆ ਹੀ 'ਸ਼ਬਦ' ਨਾਲ ਹੈ।

ਆਜ਼ਾਦੀ ਤੋਂ ਪਿਛੋਂ ਜਿਹੜੇ ਦੋ ਸਿਆਸਤਦਾਨ ਸਿੱਖਾਂ ਦੀ ਸਰਬੱਤ ਚੇਤੰਨਤਾ ਦੇ ਨਜ਼ਦੀਕ ਰਹੇ ਅਤੇ ਉਸ ਦੀ ਰਾਖੀ ਵੀ ਕਰਦੇ ਰਹੇ ਤੇ ਜੂਝਦੇ ਵੀ ਰਹੇ, ਉਨ੍ਹਾਂ ਵਿਚੋਂ ਇਕ ਮਾਸਟਰ ਤਾਰਾ ਸਿੰਘ ਅਤੇ ਦੂਜੇ ਜਥੇਦਾਰ ਟੌਹੜਾ ਹਨ। ਇਹ ਦੋਵੇਂ ਨੀਤੀਵਾਨ ਭਾਵੇਂ ਸੱਤਾ ਵਿਚ ਹੁੰਦੇ, ਭਾਵੇਂ ਨਾ; ਪਰ ਪੰਜਾਬ ਦੀ ਕੋਈ ਵੀ ਸਿਆਸਤ ਉਨ੍ਹਾਂ ਬਿਨਾਂ ਅਧੂਰੀ, ਨੀਰਸ ਅਤੇ ਫਿਕੀ-ਫਿਕੀ ਹੁੰਦੀ। ਉਨ੍ਹਾਂ ਬਿਨਾਂ ਕੋਈ ਸਿਆਸੀ ਸਮੀਕਰਨ ਬਣ ਹੀ ਨਹੀਂ ਸੀ ਸਕਦਾ। ਕੀ ਅਜਿਹਾ ਸਿਹਰਾ ਤੇ ਮਾਣ ਸ. ਬਾਦਲ ਨੂੰ ਮਿਲ ਸਕੇਗਾ? ਇਤਿਹਾਸ ਇਸ ਦਾ ਫ਼ੈਸਲਾ ਦੇਰ ਨਾਲ ਦੇਵੇਗਾ, ਪਰ ਬਾਦਲ ਸਾਹਿਬ, ਉਨ੍ਹਾਂ ਦੇ ਵਾਰਸ ਤੇ ਸਮਰਥਕਾਂ ਨੂੰ ਢੁੱਕਵਾਂ ਜਵਾਬ ਹੁਣੇ ਦੇਣਾ ਬਣਦਾ ਹੈ।

# ਦੇਸ਼ ਅਤੇ ਸਿੱਖ ਸਿਆਸਤ ਨੂੰ ਸਿੱਖ ਮਾਡਲ ਦੀ ਲੋੜ

ਮੌਜੂਦਾ ਪੰਜਾਬੀ ਸੂਬਾ, ਭਾਰਤੀ ਵਿਧਾਨ ਦੇ ਅਧੀਨ ਜਿਹੋ ਜਿਹਾ ਉਨ੍ਹਾਂ ਹਾਕਮਾਂ ਵਿਚ ਸੰਭਵ ਹੋ ਸਕਦਾ ਸੀ, ਉਹੋ ਜਿਹਾ ਬਣ ਗਿਆ ਪਰ ਜੇ ਸਿੱਖ ਲੀਡਰਸ਼ਿਪ ਸੁਚੱਜੀ ਹੁੰਦੀ ਤਾਂ ਇਸ ਦਾ ਖੇਤਰ ਹੋਰ ਵਿਸ਼ਾਲ ਹੋ ਸਕਦਾ ਸੀ। ਪੰਜਾਬ ਵਿਚ ਰਾਜ ਸਿੱਖਾਂ ਦਾ ਹੀ ਰਹਿਣਾ ਹੈ ਅਤੇ ਸਿੱਖਾਂ ਵਿਚੋਂ ਵੀ ਜੱਟਾਂ ਦੇ ਰਾਜ ਦੀ ਸੰਭਾਵਨਾ ਵੱਧ ਹੈ। ਇਸ ਨਾਲ ਬਹੁਤ ਸਾਰੀਆਂ ਸਿਆਸੀ ਸਮੱਸਿਆਵਾਂ ਮੂੰਹ ਅੱਡੀ ਖੜ੍ਹੀਆਂ ਹਨ। ਪੰਜਾਬ ਦੀਆਂ ਸਿਆਸੀ ਪਾਰਟੀਆਂ ਨੂੰ ਹਿਸਾਬ ਦੇਣਾ ਪਵੇਗਾ ਕਿ ਕਿਸੇ ਸਮੇਂ ਸਾਰੇ ਖੇਤਰਾਂ ਵਿਚੋਂ ਮੋਹਰੀ ਪੰਜਾਬ ਅੱਜ ਨਸ਼ਾਖੋਰੀ,



ਬਲਕਾਰ ਸਿੰਘ (ਪ੍ਰੋ.)
ਫੋਨ: +91-93163-01328

ਰਿਸ਼ਵਤਖੋਰੀ ਅਤੇ ਗੁੰਡਾਗਰਦੀ ਨੂੰ ਛੱਡ ਕੇ ਬਾਕੀ ਸਭ ਖੇਤਰਾਂ ਵਿਚ ਫਾਡੀ ਕਿਉਂ ਰਹਿ ਗਿਆ ਹੈ? ਹੁਣ ਇਹ ਸੱਚ ਸਾਹਮਣੇ ਆ ਗਿਆ ਹੈ ਕਿ ਗੁੰਡਾਗਰਦੀ ਨੂੰ ਸਿਆਸਤ ਨਾਲੋਂ ਵੱਖ ਕੀਤੇ ਬਿਨਾਂ ਕੋਈ ਵਿਕਾਸ ਜਾਂ ਸੁਧਾਰ ਸੰਭਵ ਨਹੀਂ। ਅਮੀਰੀ ਦੀ ਸਿਆਸਤ ਦਾ ਅੰਤ ਹੋਣਾ ਚਾਹੀਦਾ ਹੈ। ਇਹ ਮਹਿਸੂਸ ਤਾਂ ਸਭ ਨੂੰ ਹੋਣ ਲੱਗ ਪਿਆ ਹੈ ਪਰ ਲੋੜ ਇਸ ਨੂੰ ਅਮਲ ਵਿਚ ਲਿਆਉਣ ਲਈ ਯਤਨ ਕਰਨ ਦੀ ਹੈ। ਮਹਿਜ਼ ਵਿਰੋਧ ਦੀ ਸਿਆਸਤ ਵਿਚ ਸਮਾਂ ਅਤੇ ਪੈਸਾ ਬਰਬਾਦ ਕਰਨ ਦੀ ਥਾਂ ਅਜਿਹੇ ਮੁੱਦਿਆਂ ਨੂੰ ਆਮ ਲੋਕਾਂ ਤਕ ਲੈ ਕੇ ਜਾਣ ਦੀ ਲੋੜ ਹੈ। ਇਸ ਦੀ ਸ਼ੁਰੂਆਤ ਪੰਜਾਬ ਤੋਂ ਹੋਣੀ ਚਾਹੀਦੀ ਹੈ, ਕਿਉਂਕਿ ਪੰਜਾਬ ਦੇ ਚੇਤੰਨ ਲੋਕਾਂ ਨੇ ਹਮੇਸ਼ਾਂ ਹੀ ਹਰ ਖੇਤਰ ਵਿਚ ਪਹਿਲ ਕੀਤੀ ਹੈ। ਹਰ ਪੰਜਾਬੀ ਨੂੰ ਮੁੱਦਿਆਂ ਦੀ ਸਿਆਸਤ ਵਾਸਤੇ ਇਸ ਲਈ ਤਿਆਰ ਕੀਤੇ ਜਾਣ ਦੀ ਲੋੜ ਹੈ, ਕਿਉਂਕਿ ਜਜ਼ਬਾਤ ਦੇ ਸ਼ੋਸ਼ਣ ਦੀ ਸਿਆਸਤ ਦਾ ਪਹਿਲਾਂ ਹੀ ਬਹੁਤ ਮੁੱਲ ਤਾਰਿਆ ਜਾ ਚੁੱਕਾ ਹੈ।

ਇਸ ਵੇਲੇ ਪੰਜਾਬ ਵਿਚ ਇਕ ਖਾਸ ਕਿਸਮ ਦੀ ਮਾਯੂਸੀ, ਉਦਾਸੀ ਅਤੇ ਬੇਵਸੀ ਪਸਰ ਰਹੀ ਹੈ। ਇਸ ਦੇ ਹੋਰ ਵੀ ਬਥੇਰੇ ਕਾਰਨ ਹੋਣਗੇ, ਪਰ ਸਭ ਤੋਂ ਵੱਡਾ ਕਾਰਨ ਸੌੜੀ ਸਿਆਸਤ ਅਤੇ ਭ੍ਰਿਸ਼ਟ ਸਿਆਸਤਦਾਨ ਹੀ ਹਨ। ਲੋਕ ਭਲਾਈ ਲਈ ਸੇਵਾ ਭਾਵਨਾ ਦਾ ਜਜ਼ਬਾ ਸਿਆਸਤ ਦੀ ਭੇਟ ਚੜ੍ਹ ਗਿਆ ਹੈ। ਸਿਆਸਤ ਵੀ ਬਾਕੀ ਧੰਦਿਆਂ ਵਾਂਗ ਧੰਦਾ ਬਣ ਰਹੀ ਹੈ। ਹਰ ਕਿਸਮ ਦੇ ਅਪਹਰਣ ਨੂੰ ਸਿਆਸਤ ਮੰਨ ਲਿਆ ਗਿਆ ਹੈ। ਹਿੱਤਾਂ ਦਾ ਅਪਹਰਣ, ਨੈਤਿਕਤਾ ਦਾ ਅਪਹਰਣ, ਜਜ਼ਬਾਤ ਦਾ ਅਪਹਰਣ ਅਤੇ ਸੰਸਥਾਵਾਂ ਦਾ ਅਪਹਰਣ ਸਿਆਸੀ ਸ਼ੁਗਲ ਵਾਂਗ ਸਭ ਦੇ ਸਾਹਮਣੇ ਹੈ। ਪੰਜਾਬ ਦੇ ਹਿੱਤਾਂ ਦੀ ਬਲੀ ਭਾਰਤ ਦੀ ਇਕਸਾਰ ਖ਼ੁਸ਼ਹਾਲੀ ਲਈ ਜ਼ਰੂਰੀ ਮੰਨ ਲਈ ਗਈ ਹੈ। ਪੰਜਾਬ ਵਿਰੋਧੀਆਂ ਦੀ ਸਿਆਸਤ ਵੀ ਪੰਜਾਬੀ ਸਿਆਸਤ ਦਾ ਹਿੱਸਾ ਹੁੰਦੀ ਜਾ ਰਹੀ ਹੈ। ਇਸ ਪ੍ਰਸੰਗ ਵਿਚ ਸਿੱਖ ਸਿਆਸਤਦਾਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਮਝੌਤਿਆਂ ਦੀ ਵੀ ਕੋਈ ਸੀਮਾ ਅਤੇ ਪ੍ਰਸੰਗਿਕਤਾ ਵੀ ਹੁੰਦੀ ਹੈ। ਹੱਥ ਮਿਲਾਉਣ ਦੀ ਸਿਆਸਤ ਨੂੰ ਚਰਨਾਂ ਉਤੇ ਡਿੱਗੇ ਰਹਿਣ ਦੀ ਸਿਆਸਤ ਮੰਨ ਲੈਣਾ, ਪੰਜਾਬ ਨੂੰ ਕਦੇ ਰਾਸ ਨਹੀਂ ਆਇਆ। ਪ੍ਰਾਪਤ ਜਮਹੂਰੀ ਸਿੱਖ ਸਿਆਸਤ ਨੂੰ ਸਿੱਖ ਤੰਤਰ ਦਾ ਰੰਗ ਸਿੱਖ ਸਿਆਸਤਦਾਨਾਂ ਨੇ ਦੇਣਾ ਸੀ, ਪਰ ਉਨ੍ਹਾਂ ਨੇ ਜ਼ਿੰਮੇਵਾਰੀ ਨਹੀਂ ਨਿਭਾਈ। ਇਸ ਤੋਂ ਬਿਲਕੁਲ ਉਲਟ ਨਿਜੀ ਸਿਆਸੀ ਇਜਾਰੇਦਾਰੀ ਕਾਇਮ ਕਰਨ ਨੂੰ ਪੰਥਕ ਐਲਾਨਣ ਦੀ ਵਧੀਕੀ ਹੁੰਦੀ ਰਹੀ ਹੈ। ਪੰਜਾਬ ਦੇ ਚੇਤੰਨ ਵਰਗ ਨੇ ਵੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਈ, ਸਿੱਟੇ ਵਜੋਂ ਪੰਜਾਬ ਸੰਕਟਗ੍ਰਸਤ ਹੋ ਗਿਆ ਹੈ।


ਮੌਜੂਦਾ ਹਾਲਾਤ ਵਿਚ ਸਿੱਖ ਰੰਗ ਵਿਚ ਸਿਆਸੀ ਪੈਂਤੜਾ ਲੈਣ ਅਤੇ ਸਿੱਖ ਦਾਅਵਿਆਂ 'ਤੇ ਸੁਜੱਗਤਾ ਨਾਲ ਪਹਿਰਾ ਦੇਣ ਦਾ ਸਮਾਂ ਆ ਗਿਆ ਹੈ। ਗੁਰੂ ਸਾਹਿਬਾਨ ਨੇ 1708 ਈਸਵੀ ਤਕ ਸਿੱਖ ਲੋਕਤੰਤਰ ਦੀ ਜ਼ਿੰਮੇਵਾਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਪੰਥ ਨੂੰ ਸੌਂਪ ਦਿੱਤੀ ਸੀ। ਲਿਹਾਜ਼ਾ, ਸਿੱਖ ਰੰਗ ਵਾਲੀ ਲੋਕ ਹਿਤੈਸ਼ੀ ਸਿਆਸਤ ਦੀ ਬਹਾਲੀ ਲਈ ਪ੍ਰਾਪਤ ਮੌਕਿਆਂ ਨੂੰ ਸਿੱਖ ਜ਼ਿੰਮੇਵਾਰੀ ਸਮਝਣਾ ਚਾਹੀਦਾ ਹੈ। ਜਮਹੂਰੀਅਤ ਦੇ ਉਸਰੱਈਆਂ ਨੂੰ ਸਮਝਣਾ ਪਵੇਗਾ ਕਿ ਜੋ ਆਪਣੀ ਰੱਖਿਆ ਆਪ ਨਹੀਂ ਕਰ ਸਕਦਾ, ਉਸ ਕੋਲੋਂ ਸੁਰੱਖਿਅਤ ਰਹਿਣ ਦਾ ਹੱਕ ਆਪਣੇ ਆਪ ਖੁੱਸ ਜਾਂਦਾ ਹੈ। ਇਹ ਇਤਿਹਾਸ ਵਿਚ ਵਾਰ ਵਾਰ ਵਾਪਰਦਾ ਰਿਹਾ ਹੈ। ਇਸ ਵਿਚੋਂ ਨਿਕਲਣ ਲਈ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਬੰਦੇ ਦੇ ਨਹੀਂ, ਬਾਣੀ ਸਿਧਾਂਤਕੀ ਦੇ ਲੜ ਲਾਇਆ ਸੀ। ਵਰਤਮਾਨ ਸਿਆਸੀ ਸਥਿਤੀ ਵਿਚ ਪੰਜਾਬ ਨੂੰ ਇਸ ਗੁਰੂ ਜੁਗਤਿ ਦੇ ਸਨਮੁਖ ਹੋਣਾ ਪੈਣਾ ਹੈ। ਸਿਆਸੀ ਚੌਧਰ ਦੀ ਗੱਲ ਬਹੁਤ ਦੂਰ ਰਹਿ ਗਈ ਹੈ। ਹੁਣ ਤਾਂ ਸਿਰ ਬਚਾਉਣ ਦੇ ਲਾਲੇ ਪਏ ਹੋਏ ਹਨ। ਸ਼ਾਹ ਮੁਹੰਮਦ ਦੇ ਬੋਲ ਫਿਰ ਸਾਰਥਕ ਲੱਗਣ ਲੱਗ ਪਏ ਹਨ:

ਧਾੜ ਬੁਰਛਿਆਂ ਦੀ ਸਾਡੇ ਪੇਸ਼ ਆਈ,
ਕੋਈ ਅਕਲ ਦਾ ਕਰੋ ਇਲਾਜ ਯਾਰੋ।

ਜੰਗਾਂ ਤਾਂ ਸਦਾ ਨਾਬਰੀ ਸੁਰ ਵਾਲਿਆਂ ਨੇ ਹੀ ਲੜੀਆਂ ਹਨ। ਧਰਮ ਨਿਰਪੱਖ ਸਿਆਸਤ ਅਤੇ ਧਰਮ ਆਧਾਰਿਤ ਸਿਆਸਤ ਵਿਚੋਂ ਕਿਸੇ ਇਕ ਨੂੰ ਚੁਣਨ ਲੱਗਿਆਂ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਦੇਸ਼ ਦੇ ਹਿੱਤ ਵਿਚ ਕੀ ਹੈ? ਇਸ ਹਾਲਤ ਵਿਚ ਪੰਜਾਬ ਦੇ ਰੋਲ ਨੂੰ ਧਿਆਨ ਨਾਲ ਵੇਖਿਆ ਜਾ ਰਿਹਾ ਹੈ, ਕਿਉਂਕਿ ਪੰਜਾਬ ਦੀ ਲੜਾਕੂ ਸਮਰੱਥਾ ਦੇ ਸਭ ਭੇਤੀ ਹਨ। ਇਸ ਨੂੰ ਪਾੜ ਕੇ ਰੱਖਣ ਦੀ ਲੋੜ ਨਹੀਂ ਪੈਣੀ, ਕਿਉਂਕਿ ਇਹ ਸ਼ੁਭ ਕਾਰਜ ਪੰਜਾਬੀ ਸਿਆਸਤਦਾਨ ਆਪ ਹੀ ਕਰੀ ਜਾ ਰਹੇ ਹਨ। ਅਕਾਲੀਅਤ ਦੇ ਨਾਂ 'ਤੇ ਜੋ ਸਿਆਸੀ ਧੜੇ ਬਣ ਗਏ ਹਨ, ਉਹ ਪੰਜਾਬ ਦੀ ਸਿਆਸੀ ਭੂਮਿਕਾ ਨੂੰ ਖੁੰਢਾ ਕਰ ਰਹੇ ਹਨ। ਇਸ ਵੇਲੇ ਦੀ ਲੋੜ ਸਿਆਸਤ ਨੂੰ ਨਿਜੀ ਚੌਧਰ ਦੀ ਥਾਂ ਜ਼ਿੰਮੇਵਾਰੀ ਦੀ ਨੈਤਿਕਤਾ ਨਾਲ ਜੋੜਨ ਦੀ ਹੈ। ਇਸ ਪਾਸੇ ਸਿੱਖ ਸੁਰ ਵਿਚ ਤੁਰਨ ਦੀ ਪਹਿਲ ਅਕਾਲੀ ਸਿਆਸਤਦਾਨਾਂ ਨੂੰ ਕਰਨੀ ਚਾਹੀਦੀ ਹੈ। ਇਸ ਵਿਚ ਰੁਕਾਵਟ ਸਿੱਖ ਸਿਆਸਤਦਾਨਾਂ ਅੰਦਰੋਂ ਸਿੱਖ ਰੀਝ ਦਾ ਮਰ ਜਾਣਾ ਹੈ। ਸਿਆਸੀ ਗਰਜ਼ਾਂ ਦੀ ਬਲੀ ਬਹੁਤ ਕੁਝ ਚੜ੍ਹ ਚੁੱਕਾ ਹੈ। ਇਸ ਨਾਲ ਉਹ ਸਾਰੇ ਰਾਹ ਜਿਨ੍ਹਾਂ ਨੂੰ ਸਿਧਾਂਤਕ, ਰਵਾਇਤੀ ਅਤੇ ਇਤਿਹਾਸਕ ਮਾਨਤਾ ਅਤੇ ਮਹੱਤਤਾ ਹਾਸਲ ਸੀ, ਇਕ ਵਾਰ ਬੇਲੋੜੇ, ਬੇਅਸਰ ਅਤੇ ਸਮਾਂ ਵਿਹਾ ਗਏ ਲੱਗਣ ਲੱਗ ਪਏ ਹਨ। ਅਜੇ ਵੀ ਜੇ ਸਮਝ ਨਹੀਂ ਆ ਰਹੀ ਤਾਂ ਫਿਰ ਇਹੀ ਕਹਿਣਾ ਪਵੇਗਾ ਕਿ 'ਜਾ ਕਉ ਕਰਤਾ ਆਪ ਖੁਹਾਏ ਖਸ ਲਏ ਚੰਗਿਆਈ'। ਅਜਿਹੀ ਹਾਲਤ ਸਿੱਖ ਲੀਡਰਾਂ ਨੇ ਆਪ ਸਹੇੜ ਲਈ ਹੈ। ਹੋਰ ਵੀ ਬਹੁਤ ਸਾਰੀਆਂ ਸਿਆਸਤੀ ਪਰਤਾਂ ਹਨ ਜਿਹੜੀਆਂ ਰੂਹ ਦੀ ਪੱਧਰ ਉਤੇ ਕਿਸੇ ਨੂੰ ਵੀ ਸ਼ਰਮਿੰਦਾ ਕਰ ਸਕਦੀਆਂ ਹਨ, ਪਰ ਮਾਇਆ ਨਾਲ ਬਿੰਦੀ ਹੋ ਗਈ ਸਿਆਸੀ ਮਾਨਸਿਕਤਾ ਹੀ ਮਸਲਾ ਬਣੀ ਹੋਈ ਹੈ। ਅਕਾਲੀ ਇਸ ਬਾਰੇ ਨਾ ਸੁਣਨ ਨੂੰ ਤਿਆਰ ਹਨ ਅਤੇ ਨਾ ਹੀ ਇਹ ਸੱਚ ਸਮਝਣ ਨੂੰ। ਇਸ ਹਾਲਤ ਵਿਚ ਵਿਰਾਸਤੀ ਅਕਾਲੀਅਤ ਦਾਅ 'ਤੇ ਲੱਗ ਗਈ ਹੈ।

ਅਕਾਲੀਅਤ ਦੀ ਨਿਹਿਤ ਊਰਜਾ ਨੂੰ ਅਕਾਲੀਵਾਦ ਵਜੋਂ ਸਿਧਾਂਤਕੀ ਵਿਚ ਢਾਲੇ ਬਿਨਾਂ ਇਹ ਸਿੱਖ ਸੱਚ ਸਾਹਮਣੇ ਨਹੀਂ ਲਿਆਂਦਾ ਜਾ ਸਕਦਾ ਕਿ ਦੇਸ਼ ਦੀ ਸਿਆਸਤ ਨੂੰ ਸਿੱਖ ਮਾਡਲ ਦੀ ਲੋੜ ਹੈ, ਕਿਉਂਕਿ ਇਸ ਰਾਹੀਂ ਰਾਏ ਦੇ ਵਿਰੋਧ ਨਾਲ ਨਿਭਦਿਆਂ ਸਹਿਜ ਸਥਾਪਨ ਦੀ ਸਿਆਸਤ ਕੀਤੀ ਜਾ ਸਕਦੀ ਹੈ, ਪਰ ਇਹ ਮਾਡਲ ਅਕਾਲੀਆਂ ਨੇ ਆਪ ਹੀ ਨਹੀਂ ਵਰਤਿਆ, ਤੇ ਇਸ ਨਾਲ ਅਕਾਲੀਵਾਦ ਦੀ ਸਥਾਪਤੀ ਦਾ ਰਾਹ ਸਾਹਮਣੇ ਹੀ ਨਹੀਂ ਆਇਆ। ਵਰਤਮਾਨ ਸੰਕਟ ਦੀ ਘੁੰਮਣਘੇਰੀ ਵਿਚੋਂ ਅਕਾਲੀ ਸਿਆਸਤਦਾਨ ਇਸ ਰਾਹ ਪੈ ਕੇ ਹੀ ਬਾਹਰ ਨਿਕਲ ਸਕਦੇ ਹਨ। ਸਿੱਖ ਸਿਧਾਂਤਾਂ, ਰਵਾਇਤਾਂ ਤੋਂ ਅੱਖਾਂ ਮੀਟਣਾ ਅਤੇ ਗੁਰੂ ਦੀ ਬਾਣੀ ਤੋਂ ਬੇਮੁਖੀ ਭਾਰੀ ਪੈ ਸਕਦੀ ਹੈ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

# ਬਾਦਲਾਂ ਤੋਂ ਬਾਗੀ ਹੋਣ ਦਾ ਵੇਲਾ

ਕੈਸਾ ਇਤਫ਼ਾਕ ਹੈ। ਪੂਰੇ ਤੇਰਾਂ ਸਾਲ ਪਹਿਲਾਂ ਅਕਤੂਬਰ 2002 ਸੀ, ਉਦੋਂ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਹੁੰਦਿਆਂ ਬਾਦਲ ਦਲ ਤੋਂ ਬਾਗੀ ਹੋਇਆ ਸੀ। ਹੁਣ 2015 ਦੇ ਅਕਤੂਬਰ ਵਿਚ ਬਾਦਲ ਦਲ ਤੋਂ ਕਿਨਾਰਾ ਕਰਦੇ ਜਾ ਰਹੇ ਕਈ ਸ਼੍ਰੋਮਣੀ ਕਮੇਟੀ ਮੈਂਬਰਾਂ ਦੀਆਂ ਖਬਰਾਂ ਪੜ੍ਹ ਕੇ ਮੈਨੂੰ ਆਪਣੇ ਉਹ ਦਿਨ ਯਾਦ ਆ ਗਏ, ਜਦੋਂ ਮੈਨੂੰ ਵੀ ਪੰਥ-ਪ੍ਰਸਤਾਂ ਦੀਆਂ ਵਧਾਈਆਂ ਦੀ ਲਾਈਨ ਲੱਗੀ ਸੀ। ਬੀਤੇ ਸਮੇਂ ਦਾ ਵਰਤਮਾਨ ਨਾਲ ਟਾਕਰਾ ਕਰਦਿਆਂ, ਬੰਦਾ ਹੈਰਾਨ ਹੋ ਉਠਦਾ ਹੈ। ਇਸ ਅਕਤੂਬਰ ਮਹੀਨੇ ਜਿਸ ਡੇਰੇਦਾਰ ਦੇ ਮੁਆਫੀਨਾਮੇ ਤੋਂ ਵਿਗੜੇ ਪੰਥਕ ਹਾਲਾਤ ਸਦਕਾ ਸ਼੍ਰੋਮਣੀ ਕਮੇਟੀ ਮੈਂਬਰ, ਇਕ ਪਿਛੋਂ ਇਕ ਬਗਾਵਤ ਕਰ ਰਹੇ ਨੇ, ਇਸੇ ਡੇਰੇਦਾਰ ਬਾਬੇ ਦੀ ਉਸ ਦਿਨ ਡੱਬਵਾਲੀ ਸ਼ਹਿਰ ਵਿਚ ਚੁਰ ਚੁਰ ਚੱਲ ਰਹੀ ਸੀ ਕਿ ਉਸ ਦੇ ਪੈਰੋਕਾਰਾਂ ਨੇ ਰਾਮ ਚੰਦਰ ਛਤਰਪਤੀ ਨਾਂ ਦੇ ਪੱਤਰਕਾਰ ਨੂੰ ਗੋਲੀ ਮਰਵਾ ਦਿੱਤੀ ਹੈ।

ਸੰਨ 2002 ਦੇ ਅਕਤੂਬਰ ਮਹੀਨੇ ਦੀ 23 ਤੇ 24 ਤਰੀਕ ਦੀ ਵਿਚਕਾਰਲੀ ਰਾਤ ਸੀ, ਜਦੋਂ ਮੈਂ ਹਰਿਆਣਾ ਵਿਚਲੇ ਚੌਟਾਲਾ ਫਾਰਮ ਤੋਂ ਆਜ਼ਾਦ ਹੋਇਆ ਸਾਂ। ਕਿਲ੍ਹੇ ਜਿਹੇ ਫਾਰਮ ਦੇ ਦੋਹਾਂ ਵੱਡੇ ਗੇਟਾਂ 'ਤੇ ਹਰਿਆਣਾ ਪੁਲਿਸ ਦਾ ਪਹਿਰਾ ਹੋਣ ਕਰ ਕੇ, ਮੈਂ ਆਪਣੇ ਦੋ ਸਾਥੀ ਮੈਂਬਰਾਂ ਦੀ ਮਦਦ ਨਾਲ ਅੱਧੀ ਰਾਤੀਂ ਬਾਹਰ ਨਿਕਲਿਆ ਸਾਂ।

ਸਮੇਂ ਦਾ ਗੇੜ ਦੇਖੋ- ਡੇਰੇਦਾਰ ਦੀਆਂ ਵੋਟਾਂ ਲਈ ਬਿਹਬਲ ਹੋ ਕੇ ਚੱਕਰਵਿਊ ਵਿਚ ਫਸਿਆ ਜਾਪਦਾ ਸੁਖਬੀਰ ਬਾਦਲ, ਉਦੋਂ ਸਾਨੂੰ ਐਸ.ਜੀ.ਪੀ.ਸੀ. ਮੈਂਬਰਾਂ ਨੂੰ ਖੁੱਡੇ ਵਿਚ ਤਾੜਨ ਵਾਂਗ ਜਿਨ੍ਹਾਂ ਚੌਟਾਲਿਆਂ ਦੇ ਮਹੱਲ ਵਿਚ ਵਾੜ ਆਇਆ ਸੀ, ਅੱਜ ਉਹੀ ਚੌਟਾਲੇ ਇਸ ਸਾਧ ਨੂੰ ਆਪਣਾ 'ਦੁਸ਼ਮਣ' ਮੰਨਦੇ ਹਨ। ਇਸੇ ਕਿੜ ਸਦਕਾ, ਚੌਟਾਲਿਆਂ ਨੇ ਬਾਦਲਾਂ ਦੇ ਉਲਟ ਜਾ ਕੇ ਇਸ ਸਾਧ ਦੇ 'ਮੁਆਫੀਨਾਮੇ' ਤੇ 'ਰੱਦਨਾਮੇ' ਦਾ ਵਿਰੋਧ ਕਰ ਰਹੇ ਸਿੱਖਾਂ ਦੀ ਹਮਾਇਤ ਕੀਤੀ ਹੈ।

ਚਲੋ ਖੈਰ! ਇਹ ਸਾਰਾ ਬਿਰਤਾਂਤ ਮੈਂ ਕਈ ਸਾਲ ਪਹਿਲਾਂ ਲਿਖੇ ਦੋ ਲੇਖਾਂ ਵਿਚ ਕਰ ਚੁੱਕਾ ਹਾਂ ਕਿ ਚੌਟਾਲਿਆਂ ਦੇ ਜੰਗਲ ਜਿਹੇ ਵਿਚ ਸਥਿਤ ਫਾਰਮ ਤੋਂ 5-6 ਮੀਲ ਪੈਦਲ ਚੱਲ ਕੇ ਤੇ ਫਿਰ ਇਕ ਰਾਹ ਜਾਂਦੇ ਟਰੈਕਟਰ 'ਤੇ ਬਹਿ ਕੇ, ਕਿਵੇਂ ਡੱਬਵਾਲੀ ਪਹੁੰਚਿਆ ਸਾਂ। ਹਥਲੇ ਲੇਖ ਵਿਚ ਤਾਂ ਮੈਂ ਬਾਦਲ ਦਲ ਤੋਂ ਬਾਗੀ ਹੋਣ ਪਿਛੋਂ ਆਈਆਂ 'ਮੁਸੀਬਤਾਂ' ਦੀ ਕਥਾ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਬਾਗੀਆਂ ਦੀ 'ਘਰ ਵਾਪਸੀ' ਕਰਨ-ਕਰਾਉਣ ਲਈ ਕੈਸੀਆਂ ਪੇਸ਼ਕਸ਼ਾਂ ਹੁੰਦੀਆਂ ਨੇ; ਤੇ ਉਨ੍ਹਾਂ ਨੂੰ ਕਿਹੋ ਜਿਹੇ ਹਾਲਾਤ ਵਿਚੋਂ ਗੁਜ਼ਰਨਾ ਪੈਂਦਾ ਹੈ। ਉਦੋਂ ਐਨੀਆਂ ਮਹਿੰਗੀਆਂ ਤੇ 'ਉਮਰ ਭਰ ਦੀਆਂ ਰੋਟੀਆਂ' ਸਮਝੀਆਂ ਜਾਂਦੀਆਂ 'ਸ਼ਾਹੀ ਆਫਰਾਂ' ਠੁਕਰਾਉਣ ਲਈ ਕਿੰਨਾ ਵੱਡਾ ਜਿਗਰਾ ਤੇ ਸਿਦਕ ਚਾਹੀਦਾ ਹੁੰਦਾ ਹੈ ਇਕ ਬਾਗੀ ਨੂੰ, ਇਹ ਉਹੀ ਜਾਣ ਸਕਦਾ ਹੈ, ਜਿਸ ਦਾ ਕਦੀ ਅਜਿਹੇ 'ਕੁੱਤੇ ਕੰਮਾਂ' ਨਾਲ ਵਾਹ ਪਿਆ ਹੋਵੇ। ਅਜਿਹੇ ਮੌਕਿਆਂ 'ਤੇ ਵਿਕਾਊ ਬੰਦੇ ਆਪਣਾ ਮੁੱਲ ਵੀ ਪੁਆ ਲੈਂਦੇ ਨੇ, ਪਰ ਕਿਸੇ ਸਿਧਾਂਤ ਨੂੰ ਪ੍ਰਣਾਏ ਸਿਦਕੀ ਮਰਦ ਆਪਣੇ ਅੱਗੇ ਇਹ ਮਾਟੋ ਰੱਖਦੇ ਹਨ:

ਜੱਗ ਦੀ ਬਦਲ ਬਦਲ ਫਿਰ ਬਦਲੇ
ਸਰਮਦ ਨਾ ਸੁਕਰਾਤ ਬਦਲਦੇ।

ਬਾਦਲ ਦਲ ਤੋਂ ਬੰਦ-ਖਲਾਸੀ ਦੀ ਤਰੀਕ 24 ਅਕਤੂਬਰ ਤੋਂ ਲੈ ਕੇ ਉਸ ਵਰ੍ਹੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਦੂਸਰੇ ਅਹੁਦੇਦਾਰਾਂ ਦੀ ਚੋਣ ਵਾਸਤੇ ਨਿਯਤ ਮਿਤੀ 12 ਨਵੰਬਰ ਤੱਕ, 20 ਦਿਨ ਕਿਵੇਂ ਗੁਜ਼ਾਰੇ, ਇਨ੍ਹਾਂ ਦਿਨਾਂ ਦੀ ਦਾਸਤਾਂ ਪੁਰਾਣੇ ਜ਼ਖਮਾਂ ਵਾਂਗ ਮੁੜ ਹਰੀ ਹੋ ਗਈ, ਜਦ ਮੈਂ ਐਸ.ਜੀ.ਪੀ.ਸੀ. ਮੈਂਬਰਾਂ ਦੇ ਅਸਤੀਫਿਆਂ ਬਾਰੇ ਪੜ੍ਹਿਆ। ਮੈਨੂੰ ਉਹ ਸਮਾਂ ਯਾਦ ਆਇਆ ਜਦ ਬਾਦਲ ਦਲ ਦੇ ਸੀਨੀਅਰ ਆਗੂਆਂ ਵੱਲੋਂ ਆਪਣੇ ਘਰ ਦੇ ਲਗਾਤਾਰ ਮਾਰੇ ਜਾ ਰਹੇ ਗੇੜਿਆਂ ਤੋਂ ਤੰਗ ਆ ਕੇ ਮੈਂ ਰੂਪੋਸ਼ ਹੋ ਗਿਆ ਸਾਂ।

24-25 ਅਕਤੂਬਰ 2002 ਦੀ ਰਾਤ ਨੂੰ ਆਪਣੇ ਪਿੰਡ ਪਹੁੰਚ ਕੇ, ਮੈਂ ਦੂਜੇ ਦਿਨ ਆਮ ਵਾਂਗ ਹੀ ਢਾਹਾਂ ਕਲੇਰਾਂ ਹਸਪਤਾਲ (ਬੰਗੇ) ਜਾਣਾ ਸ਼ੁਰੂ ਕਰ ਦਿੱਤਾ ਜਿਥੇ ਮੈਂ ਆਪਣੀ ਰੋਜ਼ੀ-ਰੋਟੀ ਲਈ ਜੌਬ ਕਰਦਾ ਸਾਂ। ਨਵਾਂ ਸ਼ਹਿਰ ਵਿਚੀਂ ਲੰਘਣ ਵੇਲੇ ਮੈਂ ਇਕ ਬਿਆਨ ਲਿਖ ਕੇ ਅਖਬਾਰਾਂ ਦੇ ਪੱਤਰਕਾਰਾਂ ਤੱਕ ਪਹੁੰਚਦਾ ਕਰ ਦਿੱਤਾ ਜਿਸ ਵਿਚ ਮੈਂ ਕੁਝ ਅਜਿਹੀ ਇਬਾਰਤ ਲਿਖੀ ਕਿ ਮੈਂ ਕਿਸੇ ਡਰ, ਦਬਾਅ ਜਾਂ ਲਾਲਚ ਅਧੀਨ ਵੋਟ ਨਹੀਂ ਪਾਉਣੀ, ਸਗੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਮੌਕੇ ਮੈਂ ਆਪਣੀ ਮਰਜ਼ੀ ਨਾਲ ਵੋਟ ਪਾਵਾਂਗਾ। ਦੂਜੇ ਦਿਨ ਦੀਆਂ ਅਖਬਾਰਾਂ ਵਿਚ ਮੇਰਾ ਬਿਆਨ ਕਾਹਦਾ ਛਪਿਆ, ਤਰਥੱਲੀ ਹੀ ਮੱਚ ਗਈ। ਧੜਾ-ਧੜ ਵਧਾਈਆਂ ਦੇ ਫੋਨ ਆਉਣ ਲੱਗ ਪਏ। ਨਾਲ ਹੀ ਬਾਦਲ ਦਲੀਆਂ ਦੇ ਮੈਨੂੰ 'ਪਤਿਆਉਣ' ਵਾਲੇ ਸੁਨੇਹੇ ਵੀ ਮਿਲਣੇ ਸ਼ੁਰੂ ਹੋ ਗਏ।

ਜਿਥੋਂ ਤੱਕ ਮੈਨੂੰ ਯਾਦ ਹੈ ਕਿ ਹਰਿਆਣੇ ਤੋਂ ਆ ਕੇ ਮਸੀਂ 4-5 ਰਾਤਾਂ ਹੀ ਆਪਣੇ ਘਰੇ ਚੈਨ ਨਾਲ ਸੁੱਤਾ ਹੋਵਾਂਗਾ। ਵਧਾਈਆਂ ਤੇ ਮੁਫਤ ਦੀਆਂ ਭਾਂਤ-ਸੁਭਾਂਤੀਆਂ ਸਲਾਹਾਂ ਦੇਣ ਵਾਲਿਆਂ ਨੇ ਮੇਰੀ ਮੱਤ ਹੀ ਮਾਰ ਲਈ। ਇਕ ਦਿਨ ਸਵੇਰੇ ਹੀ ਪ੍ਰੇਮ ਸਿੰਘ ਚੰਦੂਮਾਜਰਾ ਆਪਣੇ ਕੁਝ ਸਾਥੀਆਂ ਨਾਲ ਸਾਡੇ ਘਰੇ ਪਹੁੰਚ ਗਏ ਜੋ ਉਦੋਂ ਗੁਰਚਰਨ ਸਿੰਘ ਟੌਹੜਾ ਵਾਲੇ ਸਰਬ ਹਿੰਦ ਅਕਾਲੀ ਦਲ ਦੀ ਸੋਭਾ ਵਧਾ ਰਹੇ ਸਨ। ਮੇਰੇ ਸਾਧਾਰਨ ਜਿਹੇ ਘਰ ਵੱਲ ਦੇਖਦਿਆਂ ਉਨ੍ਹਾਂ ਮੇਰੀ ਪਿੱਠ ਥਾਪੜ ਕੇ ਆਖਿਆ, "ਆਹ ਤਾਂ ਗੁਰੂ ਕਾ ਭਾਈ ਲਾਲੋ, ਹੰਕਾਰੀ ਮਲਿਕ ਭਾਗੋ ਨੂੰ ਛੱਡ ਕੇ ਆਇਆ ਐ ਬਈ।"

ਜਿੰਨਾ ਚਿਰ ਸ. ਚੰਦੂਮਾਜਰਾ ਤੇ ਉਨ੍ਹਾਂ ਦੇ ਨਾਲ ਆਏ ਸਾਥੀ ਮੇਰੇ ਕੋਲ ਬੈਠੇ ਰਹੇ, ਉਨ੍ਹਾਂ ਸਭ ਨੇ ਬਾਦਲਾਂ ਦੀ ਬਦਖੋਈ ਵਾਲੇ ਰਿਕਾਰਡ ਉਤੋਂ ਸੂਈ ਨਹੀਂ ਸੀ ਚੁੱਕੀ।

ਸੁੱਖ-ਸਬੀਲੀ ਵਾਲੀ ਇਸ ਮਿਲਣੀ ਤੋਂ ਬਾਅਦ ਜਿਉਂ ਜਿਉਂ ਸ਼੍ਰੋਮਣੀ ਕਮੇਟੀ ਦੇ ਨਿਰਧਾਰਤ ਇਜਲਾਸ ਦੀ ਤਰੀਕ ਨੇੜੇ ਆਉਂਦੀ ਗਈ, ਤਿਉਂ ਤਿਉਂ ਮੇਰਾ 'ਕਾਫੀਆ ਤੰਗ' ਹੁੰਦਾ ਗਿਆ। ਬੰਗਾ, ਬਲਾਚੌਰ ਤੇ ਨਵਾਂ ਸ਼ਹਿਰ ਹਲਕਿਆਂ ਦੇ ਅਕਾਲੀ ਆਗੂ ਮੇਰੇ ਮਗਰ ਲੱਗ ਗਏ। ਸਵੇਰੇ ਸ਼ਾਮ ਸਾਡੇ ਘਰ ਵਹੀਰਾਂ ਘੱਤੀ ਆਉਣ। ਇਕੋ ਹੀ ਗੱਲ 'ਚਲੋ ਜੀ ਤੁਹਾਨੂੰ ਬਾਦਲ ਸਾਹਿਬ ਨੇ ਬੁਲਾਇਆ ਹੈ।' ਇਸ ਸਿਰ-ਖਪਾਈ ਤੋਂ ਬਚਣ ਲਈ ਮੈਂ ਰੂਪੋਸ਼ ਹੋਣ ਦਾ ਫੈਸਲਾ ਕਰ ਲਿਆ।

ਆਪਣੇ ਸਲਾਹੂ ਮਿੱਤਰ ਗਿਆਨੀ ਹਰਬੰਸ ਸਿੰਘ ਭਾਰਟਾ ਦੇ ਇਕ ਐਨ.ਆਰ.ਆਈ. ਦੋਸਤ ਦੀ ਕੋਠੀ ਨਵਾਂ ਸ਼ਹਿਰ ਖਾਲੀ ਪਈ ਸੀ। ਸੋ, ਉਥੇ ਮੈਂ ਗੁਪਤਵਾਸ ਕਰ ਲਿਆ। ਪੂਰੀਆਂ ਸੁੱਖ-ਸਹੂਲਤਾਂ ਵਾਲੀ ਕੋਠੀ ਵਿਚ ਸਵੇਰੇ ਸ਼ਾਮ ਰੋਟੀ ਪਾਣੀ ਮੈਨੂੰ ਗਿਆਨੀ ਹਰਬੰਸ ਸਿੰਘ ਦੇ ਜਾਂਦੇ। ਅਸੀਂ ਦੋਵੇਂ ਜਣੇ ਗਈ ਰਾਤ ਤੱਕ ਮੌਕੇ ਦੀ ਪੰਥਕ ਸਿਆਸਤ ਜਾਂ ਗੁਰਬਾਣੀ ਦੇ ਗੋਹਜ-ਗਿਆਨ ਬਾਰੇ ਚਰਚਾ ਕਰਦੇ ਰਹਿੰਦੇ। ਸਾਡੇ ਦੋਹਾਂ ਤੋਂ ਸਿਵਾ ਇਸ ਟਿਕਾਣੇ ਬਾਰੇ ਕਿਸੇ ਨੂੰ ਨਹੀਂ ਸੀ ਪਤਾ। ਮੈਂ ਤਾਂ ਇਥੇ ਅਨੰਦ ਮੰਗਲ ਕਰ ਰਿਹਾ ਸਾਂ, ਪਰ ਸਾਡੇ ਘਰ ਦੇ ਜੀਅ, ਅਕਾਲੀ ਲੀਡਰਾਂ ਨਾਲ ਮੱਥਾ ਮਾਰ ਮਾਰ ਖਫ਼ਾ ਹੋਏ ਪਏ ਸਨ। ਕਦੇ ਸਾਡੇ ਘਰ ਕ੍ਰਿਪਾਲ ਸਿੰਘ ਬਡੂੰਗਰ ਪਹੁੰਚ ਜਾਂਦੇ, ਕਦੇ ਜਗੀਰ ਕੌਰ। ਕੋਈ ਮੇਰੇ ਬਾਰੇ ਦੱਸ ਦੇਣ ਲਈ ਮੇਰੀ ਪਤਨੀ ਦੇ ਹਾੜੇ ਕੱਢੀ ਜਾਂਦਾ ਤੇ ਕੋਈ ਮੇਰੇ ਬੱਚਿਆਂ ਨੂੰ ਪੁਚਕਾਰ ਕੇ ਸੂਹ ਕੱਢਣ ਦੀ ਕੋਸ਼ਿਸ਼ ਕਰਦਾ, ਪਰ ਕਿਸੇ ਨੂੰ ਵੀ ਸਫਲਤਾ ਨਾ ਮਿਲੀ।

ਬੀਬੀ ਜਗੀਰ ਕੌਰ ਤਾਂ ਹੱਸਦਿਆਂ ਮੇਰੀ ਬੇਟੀ ਨੂੰ ਇਹ ਕਹਿੰਦਿਆਂ ਪੰਜ ਸੌ ਰੁਪਏ ਦਾ ਪਿਆਰ ਦੇ ਆਏ- ਅਖੇ, ਤੇਰੇ ਵਿਆਹ ਨੂੰ ਜਿਹੜਾ ਅਸੀਂ ਸ਼ਗਨ ਦੇਣਾ ਸੀ, ਉਹ ਤੇਰੇ ਭਾਪੇ ਨੇ ਸ਼ੈਤਾਨੀ ਕਰ ਕੇ ਹੁਣੇ ਈ ਲੈ ਲਿਆ। ਅਕਾਲੀ ਲੀਡਰਾਂ ਦੇ ਕੌਡੀ-ਫੇਰੇ ਤੋਂ ਤੰਗ ਆਈ ਮੇਰੀ ਪਤਨੀ ਨੇ ਖਿਝ ਕੇ ਉਲਟਾ ਘਰ ਆਏ ਆਗੂਆਂ ਨੂੰ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਮੇਰਾ ਘਰ ਵਾਲਾ ਤੁਸੀਂ ਲੁਕਾਇਆ ਹੋਇਆ ਹੈ ਕਿਤੇ। ਘਰੇ ਕੌਣ ਕੌਣ ਆਇਆ, ਉਸ ਨੇ ਕੀ ਕੀ ਕਿਹਾ, ਇਹ ਸਾਰੀ ਰਿਪੋਰਟ ਮੈਨੂੰ ਰਾਤ ਨੂੰ ਗਿਆਨੀ ਭਾਰਟਾ ਤੋਂ ਮਿਲ ਜਾਂਦੀ।

ਆਪਣੇ ਆਪ ਨੂੰ ਘਰ ਗ੍ਰਹਿਸਥੀ ਦੇ ਧੰਦਿਆਂ ਤੱਕ ਹੀ ਸੀਮਤ ਰੱਖਣ ਵਾਲੀ ਮੇਰੀ ਪਤਨੀ ਨੇ ਥੋੜ੍ਹਾ ਖੁਸ਼ ਹੁੰਦਿਆਂ ਇਕ ਦਿਨ ਮੈਨੂੰ ਦੱਸਿਆ, ਅਖੇ, ਅੱਜ ਸ. ਬਾਦਲ ਨੇ ਫੋਨ 'ਤੇ ਮੇਰੀਆਂ ਬਹੁਤ ਮਿੰਨਤਾਂ ਕੀਤੀਆਂ। ਕਹਿੰਦੇ, ਬੀਬਾ ਸਾਨੂੰ 'ਕਾਕਾ ਜੀ' ਬਾਰੇ ਦੱਸ ਦਿਓ, ਉਹ ਕਿਥੇ ਨੇ? ਉਹ ਜੋ ਮੰਗਣ, ਅਸੀਂ ਦੇਣ ਨੂੰ ਤਿਆਰ ਹਾਂ। ਜੇ ਕਹੋ ਤਾਂ ਵੱਡੀ ਬੱਸ ਸਮੇਤ ਪਰਮਿਟ ਸਵੇਰੇ ਤੁਹਾਡੇ ਘਰ ਆ ਜਾਵੇਗੀ, ਪਰ ਸਾਨੂੰ ਇਕ ਵਾਰ ਮਿਲਾ ਦਿਓ 'ਜਥੇਦਾਰ ਸਾਬ' ਨਾਲ!' ਮੈਨੂੰ ਆਪਣੀ 'ਕੀਮਤ' ਸੁਣ ਕੇ ਸੁਆਦ ਆ ਗਿਆ:

ਬਿਕਨੇ ਪਰ ਆ ਹੀ ਜਾਉ ਤੋ
ਕੀਮਤੇਂ ਘਟ ਜਾਤੀ ਹੈਂ ਅਕਸਰ।
ਨਾ ਬਿਕਨੇ ਕਾ ਇਰਾਦਾ ਹੋ ਤੋ
ਕੀਮਤੇਂ ਔਰ ਬੜ੍ਹ ਜਾਤੀ ਹੈਂ।

ਪੌਣੇ ਕੁ ਮਹੀਨੇ ਦੇ ਆਪਣੇ ਇਸ 'ਅਗਿਆਤ ਵਾਸ' ਦੌਰਾਨ ਮੈਂ ਬਾਦਲ ਦਲੀਆਂ ਦੇ ਅੜਿੱਕੇ ਆਉਣੋਂ ਤਾਂ ਬਚਿਆ ਰਿਹਾ, ਪਰ ਇਕ ਦਿਨ ਅਚਾਨਕ 'ਸਰਕਾਰੀ ਮਸ਼ੀਨਰੀ' ਦੇ ਘੇਰੇ ਵਿਚ ਆ ਗਿਆ। ਮੈਨੂੰ ਅੱਜ ਤੱਕ ਨਹੀਂ ਪਤਾ ਲੱਗਾ ਕਿ ਮੇਰੇ ਲੁਕ-ਛਿਪ ਕੇ ਢਾਹਾਂ ਹਸਪਤਾਲੋਂ ਦਵਾਈ ਲੈਣ ਗਏ ਦਾ ਪੁਲਿਸ ਨੂੰ ਕਿਵੇਂ ਪਤਾ ਲੱਗਾ ਹੋਵੇਗਾ? ਉਨ੍ਹੀਂ ਦਿਨੀਂ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ, ਜੋ ਵਿੰਗੇ-ਟੇਢੇ ਢੰਗ ਨਾਲ ਟੌਹੜਾ ਸਾਹਿਬ ਦੀ ਮਦਦ ਕਰ ਰਹੇ ਸਨ। ਸਰਕਾਰੀ ਤੰਤਰ ਨੂੰ ਮੇਰੇ ਬਾਰੇ ਇਹ ਤਾਂ ਪਤਾ ਸੀ ਕਿ ਮੈਂ ਬਾਦਲ ਦਲ ਨੂੰ ਤਿਆਗ ਆਇਆ ਹਾਂ, ਪਰ ਮੈਂ ਇਹ ਕਿਤੇ ਵੀ ਜ਼ਿਕਰ ਨਹੀਂ ਸੀ ਕੀਤਾ ਕਿ ਮੈਂ ਵੋਟ ਕਿਸ ਨੂੰ ਪਾਉਣੀ ਹੈ। ਸੋ, ਮੇਰੀ ਇਕ ਵੋਟ ਟੌਹੜਾ ਸਾਹਿਬ ਦੇ ਖੇਮੇ ਨਾਲ ਜੋੜਨ ਲਈ ਕੈਪਟਨ ਸਾਹਿਬ ਦੇ ਆਦੇਸ਼ਾਂ 'ਤੇ ਸਰਕਾਰੀ ਤੰਤਰ ਵੀ ਮੇਰੀ ਪੈੜ ਨੱਪ ਰਿਹਾ ਸੀ। ਤੇਜ਼ ਬੁਖਾਰ ਹੋਣ ਕਰ ਕੇ ਮੈਂ ਆਪਣੇ ਦੋਸਤ ਦੀ ਕਾਰ ਵਿਚ ਢਾਹਾਂ ਕਲੇਰਾਂ ਹਸਪਤਾਲ ਗਿਆ। ਡਾਕਟਰ ਹਾਲੇ ਸਟੈਥੋਸਕੋਪ ਨਾਲ ਮੇਰੀ ਛਾਤੀ ਚੈਕ ਕਰ ਰਿਹਾ ਸੀ ਕਿ ਕਲਿਨਿਕ ਵਿਚ ਐਸ. ਐਸ. ਪੀ. ਨਵਾਂ ਸ਼ਹਿਰ ਆਣ ਵੜੇ। ਆਉਂਦਿਆਂ ਹੀ ਉਨ੍ਹਾਂ ਡਾਕਟਰੀ ਅਮਲੇ ਨੂੰ 'ਸੌਰੀ' ਕਹਿ ਕੇ ਕਮਰੇ 'ਚੋਂ ਬਾਹਰ ਜਾਣ ਲਈ ਹੁਕਮ ਸੁਣਾ ਦਿੱਤਾ।

'ਵਾਹ ਨੀ ਸਿਆਸਤੇ ਤੇਰੇ ਰੰਗ! ਵੋਟ ਬਦਲੇ ਬੰਦੇ ਨੂੰ ਕਿਹੜੇ ਕਿਹੜੇ ਜਲਵੇ ਦਿਖਾ ਦਿੰਦੀ ਹੈ!!'

ਜ਼ਿਲ੍ਹੇ ਦਾ ਐਸ.ਐਸ.ਪੀ. ਮੇਰੇ ਲਈ ਤਤਕਾਲੀ ਮੁੱਖ ਮੰਤਰੀ ਦਾ ਮਿਲਣੀ-ਪੈਗਾਮ ਲੈ ਕੇ ਆਇਆ ਹੋਇਆ ਸੀ। ਉਧਰ ਮੇਰੇ ਘਰ, ਸਾਬਕਾ ਮੁੱਖ ਮੰਤਰੀ ਮੈਨੂੰ ਵੱਡੀ ਬੱਸ ਦੀ ਪੇਸ਼ਕਸ਼ ਕਰ ਰਿਹਾ ਸੀ। ਵਾਹ ਵਾਹ! ਕੈਸਾ ਹੁਸੀਨ ਤੇ ਮਜ਼ੇਦਾਰ ਸਮਾਂ ਸੀ ਉਹ!

ਕੈਪਟਨ ਸਾਹਿਬ ਨੂੰ ਮਿਲਣ ਜਾਣ ਤੋਂ ਮੈਂ ਇਸ ਕਰ ਕੇ ਇਨਕਾਰ ਕਰ ਦਿੱਤਾ, ਕਿਉਂਕਿ ਮੈਂ ਕਿਹੜਾ ਆਪਣਾ 'ਮੁੱਲ' ਪੁਆਉਣਾ ਚਾਹੁੰਦਾ ਸਾਂ। ਪੁਲਿਸ ਅਫਸਰ ਨੂੰ ਸਹਿਜ ਨਾਲ ਸਮਝਾ ਦਿੱਤਾ ਕਿ ਮੈਂ ਸ. ਬਾਦਲ ਦੀ ਬ-ਨਿਸਬਤ ਜਥੇਦਾਰ ਟੌਹੜਾ ਨੂੰ ਪੰਥਕ ਸੋਚ ਵਾਲਾ ਆਗੂ ਸਮਝਦਾ ਹਾਂ, ਇਸ ਕਰ ਕੇ ਕੈਪਟਨ ਸਾਹਿਬ ਨੂੰ ਦੱਸ ਦਿਓ ਕਿ ਉਹ ਚਿੰਤਾ ਨਾ ਕਰਨ, ਮੈਂ 12 ਨਵੰਬਰ ਨੂੰ ਵੋਟ ਟੌਹੜਾ ਸਾਹਿਬ ਨੂੰ ਹੀ ਪਾਉਣੀ ਹੈ।

ਹੁਣ ਅਸਤੀਫੇ ਦੇਣ ਵਾਲੇ ਮੈਂਬਰਾਂ ਦਾ ਤਾਂ ਪਤਾ ਨਹੀਂ ਊਠ ਕਿਸ ਕਰਵਟ ਬੈਠੇਗਾ, ਪਰ ਮੈਨੂੰ ਫ਼ਖ਼ਰ ਹੈ ਕਿ ਮੈਂ ਨਹੀਂ ਮੁੜ ਕੇ ਬਾਦਲ ਦਲ ਵੱਲ ਮੂੰਹ ਕੀਤਾ। ਇਥੋਂ ਤੱਕ ਕਿ ਮੈਂ ਜਥੇਦਾਰ ਟੌਹੜਾ ਦੇ ਬਾਦਲ ਦਲ ਨਾਲ ਰਲੇਵੇਂ ਵਿਰੁਧ ਅਖਬਾਰਾਂ ਵਿਚ ਕਈ ਲੇਖ ਲਿਖੇ ਸਨ।

## ਸੰਪਾਦਕ ਦੀ ਡਾਕ

# 'ਖੂਹ ਪੁੱਟੀਏ' ਅਤੇ 'ਕੁੱਪੀ ਬਈ ਕੁੱਪੀ'

**ਸੰਪਾਦਕ ਜੀ,**

ਪੰਜਾਬ ਟਾਈਮਜ਼ ਦੇ 17 ਅਤੇ 24 ਅਕਤੂਬਰ 2015 ਵਿਚ ਕਾਲਮ 'ਸ਼ਬਦ ਝਰੋਖਾ' ਹੇਠ ਛਪੇ 'ਖੂਹ ਪੁੱਟੀਏ' ਅਤੇ 'ਕੁੱਪੀ ਬਈ ਕੁੱਪੀ' ਲੇਖਾਂ ਵਿਚ ਬਲਜੀਤ ਬਾਸੀ ਨੇ ਲਿਖਿਆ ਹੈ ਕਿ 'ਕਕਸ਼' ਦਾ ਅਰਥ 'ਕੱਖ' ਹੈ। ਇਹ ਠੀਕ ਹੈ ਕਿ ਇਸ ਸ਼ਬਦ ਦੇ ਅਰਥ 'ਕੱਖ' ਵੀ ਹੁੰਦੇ ਹਨ ਪਰ ਸ਼ਬਦ-ਕੋਸ਼ਾਂ ਵਿਚ 'ਕਕਸ਼' ਸ਼ਬਦ ਦਾ ਅਰਥ; ਛੁਪਣ ਦਾ ਸਥਾਨ, ਅੰਦਰੂਨੀ ਕਮਰਾ, ਨਿਜੀ ਕਮਰਾ (Cabin), ਸਧਾਰਨ ਕਮਰਾ, ਖੋਲ ਅਤੇ ਗੁਫਾ ਆਦਿ ਵੀ ਲਿਖਿਆ ਹੋਇਆ ਹੈ। ਇਸ ਗੱਲ ਵੱਲ ਉਨ੍ਹਾਂ ਦਾ ਧਿਆਨ ਨਹੀਂ ਗਿਆ ਜਾਂ ਸ਼ਾਇਦ ਇਸ ਪਾਸੇ ਉਹ ਜਾਣ-ਬੁੱਝ ਕੇ ਹੀ ਨਹੀਂ ਸਨ ਆਉਣਾ ਚਾਹੁੰਦੇ। ਉਪਰੋਕਤ 'ਕਕਸ਼' ਸ਼ਬਦ ਤੋਂ ਹੀ ਹਿੰਦੀ ਸ਼ਬਦ 'ਕਕਸ਼ਾ' (ਜਮਾਤ) ਬਣਿਆ ਹੈ। ਜਿਵੇਂ ਕੁੱਪ ਜਾਂ ਕੁੱਪੀ ਵਿਚ ਕੋਈ ਚੀਜ਼ ਪਾ ਕੇ ਜਾਂ ਸੰਭਾਲ ਕੇ ਰੱਖੀ ਜਾਂਦੀ ਹੈ, ਇਸੇ ਤਰ੍ਹਾਂ ਕਕਸ਼ ਜਾਂ ਕਮਰਾ ਵੀ ਸਾਡੀ ਸੰਭਾਲ ਕਰਦਾ ਹੈ। ਆਪਣੇ ਛੁਪਣ ਦੇ ਸਥਾਨ (ਖੋਲ) ਵਿਚ ਚਲੇ ਜਾਣ ਕਾਰਨ 'ਕਕਸ਼ਪ' ਸ਼ਬਦ ਦਾ ਅਰਥ 'ਕੱਛੂਕੁੰਮਾ' ਹੈ। ਉਂਜ 'ਕੁੱਪ' ਸ਼ਬਦ 'ਕੁਤੁਪ' ਤੋਂ ਬਣਿਆ ਹੈ।

ਬਲਜੀਤ ਬਾਸੀ ਦਾ ਇਹ ਕਿਆਫ਼ਾ ਬਿਲਕੁਲ ਸਹੀ ਹੈ ਕਿ ਕੂਪ (ਖੂਹ), ਕੁੱਪ ਤੇ ਕੁੱਪੀ ਆਦਿ ਸ਼ਬਦ ਇੱਕੋ ਸ੍ਰੋਤ ਤੋਂ ਬਣੇ ਜਾਪਦੇ ਹਨ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਸਾਰੇ ਸ਼ਬਦਾਂ ਦੀਆਂ ਧੁਨੀਆਂ ਸਮਾਨ ਹਨ ਤੇ ਇਹ ਕੇਵਲ ਲਗਾਂ-ਮਾਤਰਾਂ ਹੀ ਹਨ ਜਿਨ੍ਹਾਂ ਕਾਰਨ ਇਨ੍ਹਾਂ ਦੇ ਅਰਥ ਬਦਲਦੇ ਹਨ। ਪਰ ਧੁਨੀਆਂ ਦੇ ਅਰਥਾਂ ਵੱਲ ਤਾਂ ਉਹ ਆਉਂਦੇ ਹੀ ਨਹੀਂ, ਉਹ ਤਾਂ ਸ਼ਬਦਾਂ ਦੇ ਅਰਥਾਂ ਤੱਕ ਹੀ ਸੀਮਤ ਹਨ। ਇੱਥੋਂ ਹੀ ਸਾਰੀ ਉਲ਼ਝਣ ਪੈਦਾ ਹੁੰਦੀ ਹੈ। ਉਨ੍ਹਾਂ ਦੇ ਕਹਿਣ ਮੂਜਬ ਖੂਹ ਅਤੇ ਕੁੱਪੀ ਸ਼ਬਦਾਂ ਦੇ ਅਰਥਾਂ ਵਿਚ ਸਮਾਨਤਾ ਹੈ, ਪਰ ਕਿਵੇਂ? ਕੀ ਖੂਹ ਤੇ ਕੁੱਪੀ ਵੀ ਕੱਖਾਂ ਦੀ ਸੰਭਾਲ ਕਰਦੇ ਹਨ? ਦਰਅਸਲ ਉਹ 'ਕਕਸ਼' ਸ਼ਬਦ ਦਾ ਅਰਥ 'ਕੱਖ' ਕਰੀ ਬੈਠੇ ਹਨ, ਇਸ ਲਈ ਉਹ ਕੱਖਾਂ ਦੁਆਲੇ ਹੀ ਘੁੰਮੀ ਜਾ ਰਹੇ ਹਨ। 'ਕਕਸ਼' ਦਾ ਅਰਥ ਇੱਥੇ ਖੋਲ, ਗੁਫਾ, ਟੋਆ, ਕਮਰਾ ਜਾਂ ਛੁਪਣ-ਸਥਾਨ ਆਦਿ ਹੈ, 'ਕੱਖ' ਨਹੀਂ। ਇਸੇ ਲਈ ਉਹ ਇਨ੍ਹਾਂ ਅਰਥਾਂ ਵੱਲ ਆ ਹੀ ਨਹੀਂ ਰਹੇ। ਉਂਜ ਕੰਮ ਹੈ ਵੀ ਸਿਰੜ ਦਾ।

'ਕੂੱਪ' ਸ਼ਬਦ ਦਾ ਅਰਥ ਦੱਸਦਿਆਂ ਉਹ ਕਹਿੰਦੇ ਹਨ, 'ਕੁ' ਸ਼ਬਦ ਦਾ ਅਰਥ- ਨਿਘਾਰ, ਗਿਰਾਵਟ, ਨਿਵਾਣ ਆਦਿ ਹੈ ਅਤੇ 'ਅਪ' ਸ਼ਬਦ ਦਾ ਅਰਥ ਪਾਣੀ ਹੈ। ਉਨ੍ਹਾਂ ਅਨੁਸਾਰ 'ਆਬ' ਸ਼ਬਦ ਤੋਂ ਹੀ 'ਅਪ' ਸ਼ਬਦ ਬਣਿਆ ਹੈ। 'ਅਪ' ਸ਼ਬਦ ਦਾ ਭਾਵ 'ਜਲ' ਕਿਵੇਂ ਹੋਇਆ? ਇਹ ਅਰਥ ਕਿੱਥੇ ਲਿਖਿਆ ਹੋਇਆ ਹੈ? ਇਹ ਵੀ ਉਹੀ ਦੱਸਣ ਕਿ ਆਬ (ਫ਼ਾਰਸੀ) ਸ਼ਬਦ ਪਹਿਲਾਂ ਆਇਆ ਹੈ ਕਿ ਸੰਸਕ੍ਰਿਤ ਦਾ 'ਅਪ' ਸ਼ਬਦ? (ਭਾਵੇਂ ਉਪਰੋਕਤ ਅਰਥਾਂ ਅਨੁਸਾਰ 'ਅਪ' ਕੋਈ ਸ਼ਬਦ ਹੀ ਨਹੀਂ ਹੈ) ਅਰਥਾਤ ਇਸ ਗੱਲ ਦਾ ਨਿਰਣਾ ਵੀ ਉਹ ਆਪ ਹੀ ਕਰ ਲੈਣ ਕਿ ਭਾਰਤ 'ਚ ਪਹਿਲਾਂ ਸੰਸਕ੍ਰਿਤ ਆਈ ਹੈ ਕਿ ਫਾਰਸੀ? ਉਨ੍ਹਾਂ ਅਨੁਸਾਰ 'ਆਬ' ਤੋਂ 'ਅਪ' ਸ਼ਬਦ ਬਣਿਆ ਹੈ, ਇਹ ਵੀ ਇੱਕ ਨਵੀਂ 'ਖੋਜ' ਹੈ।

'ਕੁ' ਸ਼ਬਦ ਦੇ ਵੀ ਉਨ੍ਹਾਂ ਦੇ ਕੀਤੇ ਹੋਏ ਉਪਰੋਕਤ ਅਰਥ ਗਲਤ ਹਨ। ਆਮ ਵਰਤੋਂ ਅਨੁਸਾਰ 'ਕੁ' ਵੀ ਹਿੰਦੀ, ਪੰਜਾਬੀ ਭਾਸ਼ਾਵਾਂ ਦਾ ਇੱਕ ਅਗੇਤਰ ਹੈ ਅਤੇ ਇਸ ਦੇ ਅਰਥ ਹਨ- ਬੁਰਾ। ਕੁਸੱਤ, ਕੁਪੱਤ, ਕੁਲੱਖਣਾ ਆਦਿ ਸ਼ਬਦ ਇਸ ਅਗੇਤਰ ਤੋਂ ਹੀ ਬਣੇ ਹਨ। 'ਕ' ਧੁਨੀ ਦੇ ਦੋ ਅਰਥ ਹਨ। ਧੁਨੀਆਂ ਦੇ ਅਰਥਾਂ ਦੇ ਇਸ ਵਖਰੇਵੇਂ ਕਾਰਨ ਇੱਥੇ 'ਕੁ' ਸ਼ਬਦ ਨਾਲ ਬਣੇ ਕੂੱਪ, ਕੂਪ ਜਾਂ ਕੁੱਪੀ ਆਦਿ ਸ਼ਬਦਾਂ ਦੇ ਅਰਥ ਹੋਰ ਹਨ। ਕਿਰਪਾ ਕਰਕੇ ਨਿਰਾਧਾਰ ਕਿਆਫੇ ਨਾ ਲਾਏ ਜਾਣ। ਹਰ ਗੱਲ ਦਾ ਸਬੂਤ ਦੇਣਾ ਚਾਹੀਦਾ ਹੈ। ਸੰਸਕ੍ਰਿਤ ਮੂਲ ਵਾਲੇ ਸ਼ਬਦਾਂ ਦਾ ਸਬੂਤ ਉਹ ਸੰਸਕ੍ਰਿਤ, ਪ੍ਰਾਕਿਰਤਾਂ ਜਾਂ ਅਪਭ੍ਰੰਸ਼ਾਂ ਵਿਚੋਂ ਦੇਣ। 'ਅਪ' ਸ਼ਬਦ ਇੱਕ ਅਗੇਤਰ ਹੈ, ਜਿਸ ਦਾ ਅਰਥ 'ਬੁਰਾ' ਹੁੰਦਾ ਹੈ, ਜਿਵੇਂ ਅਪਮਾਨ, ਅਪਸ਼ਬਦ, ਅਪਜਸ ਆਦਿ, ਪਾਣੀ ਨਹੀਂ। ਅੰਗਰੇਜ਼ੀ ਦੇ Hive ਸ਼ਬਦ ਨੂੰ ਵੀ ਉਹ ਧੱਕੇ ਨਾਲ ਹੀ 'ਕੁੱਪ' ਸ਼ਬਦ ਨਾਲ ਜੋੜ ਰਹੇ ਹਨ। ਹਾਂ, ਕੱਪ (Cup) ਸ਼ਬਦ ਦੀਆਂ ਧੁਨੀਆਂ ਅਤੇ ਉਨ੍ਹਾਂ ਦੇ ਅਰਥਾਂ ਦੀ ਸਮਾਨਤਾ ਹਿੰਦ-ਆਰਿਆਈ ਭਾਸ਼ਾਵਾਂ ਦੀ ਸਾਂਝ ਕਾਰਨ ਕੁਝ ਨਾ ਕੁਝ ਜ਼ਰੂਰ ਹੋ ਸਕਦੀ ਹੈ।

'ਦੀਪ' ਸ਼ਬਦ ਵਿਚ ਵੀ 'ਪ' ਜਾਂ 'ਅਪ' ਧੁਨੀਆਂ ਦੇ ਅਰਥ ਪਾਣੀ ਕਿਵੇਂ ਹੋਏ? ਦੀਪ (ਦਵੈ+ਪ ਜਾਂ ਅਪ) ਸ਼ਬਦ ਦੀ ਵਿਆਖਿਆ ਕਰਦਿਆਂ ਸ੍ਰੀ ਬਾਸੀ ਨੇ ਲਿਖਿਆ ਹੈ ਕਿ ਇਸ ਵਿਚ 'ਦਵੈ' ਸ਼ਬਦ ਦੇ ਅਰਥ 'ਦੋ' ਹਨ ਅਤੇ 'ਅਪ' (ਇੱਥੇ 'ਅਪ' ਨਹੀਂ 'ਪ' ਦੀ ਧੁਨੀ ਹੈ) ਦੇ ਅਰਥ ਪਾਣੀ ਹਨ। ਇਹ ਗੱਲ ਵੀ ਸਰਾਸਰ ਗਲਤ ਹੈ। ਉਨ੍ਹਾਂ ਨੂੰ ਲਿਖਣ ਤੋਂ ਪਹਿਲਾਂ ਇਹ ਗੱਲ ਸੋਚਣੀ ਚਾਹੀਦੀ ਸੀ ਕਿ ਦੀਪ 'ਦੋਂਹ' ਪਾਸਿਆਂ ਤੋਂ ਪਾਣੀ ਵਿਚ ਘਿਰਿਆ ਹੁੰਦਾ ਹੈ ਕਿ 'ਚਹੁੰ' ਪਾਸਿਆਂ ਤੋਂ? ਇੱਥੇ ਵੀ ਕੇਵਲ 'ਪ' ਦੀ ਧੁਨੀ ਤੇ ਉਸ ਦੇ ਵਿਸ਼ੇਸ਼ ਅਰਥ ਹਨ, ਜਿਨ੍ਹਾਂ ਦੇ ਮੇਲ ਤੋਂ 'ਦੀਪ' ਸ਼ਬਦ ਬਣਿਆ ਹੈ। ਪਾਣੀ ਦੇ ਅਰਥਾਂ ਵਾਲਾ 'ਅਪ' ਨਾਂ ਦਾ ਕੋਈ ਸ਼ਬਦ ਨਹੀਂ ਹੈ। ਕਿਰਪਾ ਕਰਕੇ ਟਪਾਰਾਂ ਨਾ ਲਾਈਆਂ ਜਾਣ। 'ਦਵੈ' ਦੇ ਅਰਥ ਜ਼ਰੂਰ ਦੋ ਹਨ ਪਰ 'ਦੋ' ਦੇ ਅਰਥ ਇੱਥੇ ਹੋਰ ਪਾਸੇ ਲੱਗਦੇ ਹਨ, ਪਾਣੀ ਲਈ ਨਹੀਂ।

ਨੋਟ: ਮੈਂ ਧੁਨੀਆਂ ਦੇ ਅਰਥਾਂ 'ਤੇ ਖੋਜ ਕਰ ਰਿਹਾ ਹਾਂ ਅਤੇ ਮੇਰੀ ਇਹ ਖੋਜ ਲਗਭਗ ਮੁਕੰਮਲ ਹੈ ਅਤੇ ਅੱਜ-ਕੱਲ੍ਹ ਮੈਂ 'ਸ਼ਬਦ ਕਿਵੇਂ ਬਣੇ?' (ਧੁਨੀਆਂ ਦੇ ਅਰਥਾਂ 'ਤੇ ਆਧਾਰਿਤ) ਨਾਂ ਦੀ ਕਿਤਾਬ ਲਿੱਖ ਰਿਹਾ ਹਾਂ। ਧੁਨੀਆਂ ਦੇ ਇਹ ਅਰਥ ਪੂਰੀ ਦੁਨੀਆਂ ਵਿਚ ਪਹਿਲੀ ਵਾਰ ਕੀਤੇ ਜਾ ਰਹੇ ਹਨ। ਉਪਰੋਕਤ ਕਾਰਨ ਕਰਕੇ ਮੈਂ ਇਸ ਪੱਤਰ ਵਿਚ ਖੁੱਲ੍ਹ ਕੇ ਧੁਨੀਆਂ ਦੇ ਅਰਥਾਂ ਬਾਰੇ ਚਰਚਾ ਨਹੀਂ ਕਰ ਸਕਿਆ। ਉਮੀਦ ਹੈ ਤੁਸੀਂ ਮੇਰੀ ਇਸ ਮਜਬੂਰੀ ਨੂੰ ਅਣਗੌਲ਼ਦਿਆਂ ਮੇਰਾ ਇਹ ਪੱਤਰ ਆਪਣੇ ਪਰਚੇ ਵਿਚ ਜ਼ਰੂਰ ਛਾਪ ਦਿਓਗੇ। ਮੈਂ ਕੋਸ਼ਿਸ਼ ਕਰਾਂਗਾ ਕਿ ਉਨ੍ਹਾਂ ਦੇ ਪਿਛਲੇ ਲੇਖਾਂ ਦੀ ਵੀ ਚੀਰ-ਫਾੜ ਕੀਤੀ ਜਾਵੇ।

*-ਜਸਵੀਰ ਸਿੰਘ ਲੰਗੜੋਆ*
*ਫੋਨ: 91-98884-03052*
*ਕੁ.ਲਾਮ ਰੋਡ, ਗਲੀ ਨੰ. 5,*
*ਹਰਿਗੋਬਿੰਦ ਨਗਰ, ਨਵਾਂਸ਼ਹਿਰ।*

# ਧਰਮ ਅਤੇ ਰਾਜਨੀਤੀ

ਜਿਸ ਜੋਰ ਸ਼ੋਰ ਨਾਲ ਅਕਾਲੀ ਦਲ ਮੀਰੀ-ਪੀਰੀ ਸ਼ਬਦਾਂ ਨਾਲ ਸਿੱਖ ਵੋਟਰ ਨੂੰ ਭਰਮਾਉਂਦਾ ਰਿਹਾ ਹੈ, ਬਿੱਲੀ ਆਖਰ ਥੈਲਿਓਂ ਬਾਹਰ ਆ ਹੀ ਗਈ। ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਅਤੇ ਪੰਜਾਬ ਵਿਚ ਅਕਾਲੀ ਦਲ, ਜਿੰਦੂਆ ਤੇ ਰਸ-ਬਿੰਦੂਆ ਦੋਵੇਂ ਸਕੇ ਭਰਾ ਹਨ। ਅਫਵਾਹ ਦੇ ਆਧਾਰ 'ਤੇ ਮੰਦਰ ਵਿਚੋਂ ਐਲਾਨ ਕਰਕੇ ਜਿਵੇਂ ਦਾਦਰੀ ਵਿਖੇ ਮੁਸਲਮਾਨ ਪਰਿਵਾਰ ਦੇ ਕਤਲ, ਦਲਿਤ ਪਰਿਵਾਰ ਨੂੰ ਜਿਊਂਦਾ ਸਾੜਨ, ਨਾਮਵਰ ਸਾਹਿਤਕਾਰਾਂ ਦੇ ਕਤਲਾਂ ਬਾਅਦ ਪ੍ਰਧਾਨ ਮੰਤਰੀ ਚੁਪ ਰਹੇ, ਵੀ.ਕੇ. ਸਿੰਘ ਦਾ ਬਿਆਨ ਛਪਿਆ, "ਕੋਈ ਕੁੱਤੇ ਨੂੰ ਪੱਥਰ ਮਾਰੇ ਤਾਂ ਕੇਂਦਰ ਕਿਵੇਂ ਜਿਮੇਵਾਰ?"

2007 ਵਿਚ ਸਿਰਸਾ ਡੇਰਾ ਮੁਖੀ ਨੂੰ ਛੇਕਣਾ, 2015 ਵਿਚ ਖਿਮਾ ਕਰਨਾ, ਮਹੀਨੇ ਅੰਦਰ ਫਿਰ ਛੇਕਣਾ, ਕਿਸ ਕਿਸਮ ਦਾ ਧਰਮੀ-ਪ੍ਰਯੋਗਵਾਦ ਹੈ? ਜਿਨ੍ਹਾਂ ਪੰਜ ਪਿਆਰਿਆਂ ਨੇ ਤਖਤਾਂ ਦੇ ਜਥੇਦਾਰਾਂ ਨੂੰ ਤਲਬ ਕੀਤਾ, ਉਨ੍ਹਾਂ ਦੀ ਮਨਸ਼ਾ ਦੂਸ਼ਿਤ ਪ੍ਰਬੰਧ ਨੂੰ ਸਾਫ ਕਰਨਾ ਹੈ। ਇਨ੍ਹਾਂ ਪੰਜ ਪਿਆਰਿਆਂ ਨੇ ਅੰਮ੍ਰਿਤ ਛਕਾਉਣ ਅਤੇ ਮੋਢਿਆਂ ਉਪਰ ਨਿਸ਼ਾਨ ਸਾਹਿਬ ਝੁਲਾ ਕੇ ਨਗਰ ਕੀਰਤਨਾਂ ਦੀ ਅਗਵਾਈ ਕਰਨ ਦੀਆਂ ਜ਼ਿਮੇਵਾਰੀਆਂ ਨਿਭਾਈਆਂ ਹਨ। ਇਨ੍ਹਾਂ ਨੂੰ ਸਸਪੈਂਡ ਕਰਨਾ, ਦੂਰ ਬਦਲੀਆਂ ਕਰਨੀਆਂ ਦਸਮ ਪਾਤਸ਼ਾਹ ਦੀ ਪੰਚ-ਪ੍ਰਧਾਨੀ ਪ੍ਰਥਾ ਦਾ ਨਿਰਾਦਰ ਹੈ।

ਇਕ ਸਦੀ ਪਹਿਲਾਂ ਹੂਬਹੂ ਇਹੋ ਜਿਹੇ ਹਾਲਾਤ ਮਹੰਤਾਂ ਨੇ ਪੈਦਾ ਕੀਤੇ ਸਨ ਤਾਂ ਸਿੰਘ ਸਭਾ ਲਹਿਰ ਨੇ ਜਨਮ ਲਿਆ ਸੀ। ਉਦੋਂ ਅਕਾਲੀ ਲੀਡਰਾਂ ਨੇ ਸੰਤ ਅਤਰ ਸਿੰਘ ਨੂੰ ਦੱਸਿਆ, ਬਾਬਾ ਜੀ, ਮਹੰਤ ਗੁਰੂਘਰਾਂ ਵਿਚੋਂ ਨਿਕਲ ਗਏ, ਸ਼ੁਕਰਾਨੇ ਦੀ ਅਰਦਾਸ ਕਰੋ। ਬਾਬਾ ਜੀ ਨੇ ਕਿਹਾ, ਮਹੰਤ ਚੰਗੇ ਹੋਣਗੇ ਜਿਹੜੇ ਨਿਕਲ ਗਏ। ਤੁਹਾਨੂੰ ਕੱਢਣਾ ਬੜਾ ਔਖਾ ਹੋਵੇਗਾ।

ਸਜ਼ਾਵਾਂ ਦੇਣ ਦੀ ਥਾਂ ਅਕਾਲੀ ਦਲ ਪੜ੍ਹਿਆ ਵਿਚਾਰੇ ਤਾਂ ਭਲਾ ਹੋਵੇ।

*-ਡਾ. ਹਰਪਾਲ ਸਿੰਘ ਪੰਨੂ*
*ਪ੍ਰੋਫੈਸਰ ਸਿੱਖ ਅਧਿਐਨ*
*ਪੰਜਾਬੀ ਯੂਨੀਵਰਸਿਟੀ, ਪਟਿਆਲਾ*

# ਫਿਲਮ 'ਵੇਕਿੰਗ ਅਪ ਇਨ ਓਕ ਕਰੀਕ' ਨੇ ਕੀਤਾ ਸਭ ਨੂੰ ਸੁੰਨ

**ਸ਼ਿਕਾਗੋ (ਬਿਊਰੋ):** ਲੰਘੇ ਸਨਿਚਰਵਾਰ ਮੁਸਲਿਮ ਐਜੂਕੇਸ਼ਨ ਸੈਂਟਰ, ਮਾਰਟਿਨ ਗਰੂਵ ਵਿਚ ਦਸਤਾਵੇਜ਼ੀ ਫਿਲਮ 'ਵੇਕਿੰਗ ਅਪ ਇਨ ਓਕ ਕਰੀਕ' ਵਿਖਾਈ ਗਈ, ਜਿਸ ਨੂੰ ਵੇਖ ਕੇ ਵੱਖ ਵੱਖ ਭਾਈਚਾਰਿਆਂ ਦੇ ਲੋਕ ਸੁੰਨ ਹੋ ਕੇ ਰਹਿ ਗਏ।

ਕੋਈ 34 ਮਿੰਟ ਦੀ ਇਸ ਫਿਲਮ ਦਾ ਨਿਰਮਾਣ ਪੈਟਰੀਸ ਓ ਨੀਲ ਨੇ ਕੀਤਾ ਹੈ ਜਿਸ ਵਿਚ ਅਮਰੀਕਾ ਵਸਦੇ ਸਿੱਖਾਂ ਦੀ ਦਾਸਤਾਂ ਬਿਆਨੀ ਗਈ ਹੈ। ਜਾਹਰ ਹੈ ਕਿ ਫਿਲਮ ਦਾ ਮਕਸਦ ਲੋਕਾਂ ਨੂੰ ਚੌਕੰਨੇ ਕਰਨਾ ਹੈ।

ਇਸ ਮੌਕੇ ਓਕ ਕਰੀਕ ਦੇ ਮੇਅਰ ਸਟੀਵ ਸਕੈਫਿਡੀ ਨੇ ਦੱਸਿਆ ਕਿ ਇਹ ਫਿਲਮ ਨਿਆਂ ਵਿਭਾਗ ਵਲੋਂ ਪੁਲਿਸ ਏਜੰਸੀਆਂ ਨੂੰ ਜਾਣਕਾਰੀ ਦੇਣ ਲਈ ਦਿਖਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਫਿਲਮ 'ਨੌਟ ਇਨ ਆਵਰ ਟਾਊਨ' ਨਸਲੀ ਹਿੰਸਾ ਤੇ ਬੁਲਿੰਗ ਵਰਗੀਆਂ ਵਾਰਦਾਤਾਂ ਤੋਂ ਜਾਣੂ ਕਰਵਾਉਂਦੀ ਤੇ ਚੇਤੰਨ ਕਰਦੀ ਹੈ। ਐਫ ਬੀ ਆਈ ਇਸ ਨੂੰ ਨਸਲਪ੍ਰਸਤੀ ਵਿਰੁਧ ਸੁਨੇਹਾ ਦੇਣ ਲਈ ਵਰਤਦੀ ਹੈ। ਇਨ੍ਹਾਂ ਫਿਲਮਾਂ ਬਾਰੇ ਜਾਣਕਾਰੀ www.cops.usdoj.gov ਜਾਂ www.niot.org ਤੋਂ ਲਈ ਜਾ ਸਕਦੀ ਹੈ।



ਉਸਾਰੂ ਪੱਖ ਇਹ ਵੀ ਸੀ ਕਿ ਫਿਲਮ ਤੋਂ ਬਾਅਦ ਸੁਆਲ-ਜਵਾਬ ਦਾ ਸਮਾਂ ਰੱਖਿਆ ਗਿਆ ਸੀ ਜਿਸ ਵਿਚ ਓਕ ਕਰੀਕ ਦੇ ਮੇਅਰ ਸਟੀਵ ਸਕੈਫਿਡੀ, ਗੁਰੂ ਘਰ ਵਲੋਂ ਰਾਹੁਲ ਦੁਬੇ, ਸਾਊਥ ਏਸ਼ੀਅਨ ਅਮੈਰਿਕਨ ਪਾਲਿਸੀ ਐਂਡ ਰਿਸਰਚ ਇੰਸਟੀਚਿਊਟ ਵਲੋਂ ਬੀਬੀ ਰੀਮਾ ਕਪੂਰ ਅਤੇ ਮੁਸਲਿਮ ਬਾਰ ਐਸੋਸੀਏਸ਼ਨ ਐਂਡ ਚੇਅਰ ਸ਼ਿਕਾਗੋ ਵਲੋਂ ਰੱਬੀਆ ਖਾਨ ਨੇ ਉਤਰ ਦਿੱਤੇ। ਪੀੜਤ ਪਰਿਵਾਰਾਂ ਬਾਰੇ ਲੋਕਾਂ ਨੇ ਜਾਣਨ ਦੀ ਉਤਸੁਕਤਾ ਦਿਖਾਈ। ਉਨ੍ਹਾਂ ਨੂੰ ਮ੍ਰਿਤਕਾਂ ਦੇ ਜੀਵਨ ਬਾਰੇ ਵੀ ਦੱਸਿਆ ਗਿਆ। ਇਕ ਸਵਾਲ ਦੇ ਜਵਾਬ ਵਿਚ ਮੇਅਰ ਸਕੈਫਿਡੀ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ, ਇਸ ਖਾਤਰ ਘੱਟਗਿਣਤੀਆਂ ਨੂੰ ਚਾਹੀਦਾ ਹੈ ਕਿ ਉਹ ਪਬਲਿਕ ਵਿਚ ਵਿਚਰਨ ਅਤੇ ਸਥਾਨਕ ਜਥੇਬੰਦੀਆਂ ਦੇ ਮੈਂਬਰ ਬਣਨ। ਇਸ ਦੇ ਨਾਲ ਸ਼ਹਿਰਾਂ ਵਿਚ ਲੱਗਦੇ ਤਰ੍ਹਾਂ ਤਰ੍ਹਾਂ ਦੇ ਮੇਲਿਆਂ ਵਿਚ ਸ਼ਮੂਲੀਅਤ ਕਰਨ, ਗਵਾਂਢੀਆਂ ਨਾਲ ਜਾਣ-ਪਛਾਣ ਬਣਾਉਣ। ਹੋਰਨਾਂ ਭਾਈਚਾਰਿਆਂ ਦਾ ਅੰਗ ਬਣ ਕੇ ਵਿਚਰਨ, ਨਾ ਕਿ ਅਲੱਗ ਰਹਿਣ ਦੀ ਕੋਸ਼ਿਸ਼ ਕਰਨ।

ਮੇਅਰ ਨੇ ਕਿਹਾ ਕਿ ਉਹ ਇਸ ਘਟਨਾ ਤੋਂ ਪਹਿਲਾਂ ਵੀ ਓਕ ਕਰੀਕ ਵਿਚ ਵੱਸਦੇ ਸਨ ਅਤੇ ਹੁਣ ਉਹ ਇਕ ਤਰ੍ਹਾਂ ਨਾਲ ਸਿੱਖ ਭਾਈਚਾਰੇ ਦੇ ਪਰਿਵਾਰ ਦਾ ਮੈਂਬਰ ਬਣ ਕੇ ਵਿਚਰ ਰਹੇ ਹਨ, ਤੇ ਉਨ੍ਹਾਂ ਨੂੰ ਸਿੱਖ ਧਰਮ ਬਾਰੇ ਕਾਫੀ ਜਾਣਕਾਰੀ ਮਿਲੀ ਹੈ। ਸਭ ਧਰਮਾਂ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਹੋਰਨਾਂ ਧਰਮਾਂ ਦੇ ਭਾਈਚਾਰਿਆਂ ਨਾਲ ਮੇਲ-ਮਿਲਾਪ ਵਧਾਉਣ ਅਤੇ ਇਕ ਦੂਜੇ ਨੂੰ ਆਪਣੇ ਧਰਮ ਅਤੇ ਸਭਿਅਤਾ ਬਾਰੇ ਜਾਣਕਾਰੀ ਦੇਣ।

ਇਸ ਮੌਕੇ ਸਿੱਖ ਭਾਈਚਾਰੇ ਦੀ ਤਰਫੋਂ ਠਾਕਰ ਸਿੰਘ ਬਸਾਤੀ, ਭਾਈ ਹਰਜੰਤ ਸਿੰਘ, ਅਮਰੀਕ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਬਸਾਤੀ ਸ਼ਾਮਲ ਹੋਏ। ਸਿੱਖ ਭਾਈਚਾਰੇ ਨੂੰ ਡਾ. ਜਾਵੇਦ ਭੱਟੀ ਨੇ ਸੱਦਿਆ ਸੀ, ਜਿਨ੍ਹਾਂ ਦੀ ਸਿੱਖਾਂ ਨਾਲ ਕਾਫੀ ਨੇੜਤਾ ਹੈ। ਇਸ ਮੌਕੇ ਸ. ਬਸਾਤੀ ਨੇ ਓਕ ਕਰੀਕ ਗੋਲੀ ਕਾਂਡ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੀ ਔਖੀ ਘੜੀ ਅਮਰੀਕਨ ਲੋਕਾਂ ਨੇ ਸਿੱਖ ਭਾਈਚਾਰੇ ਦਾ ਜੋ ਸਾਥ ਦਿੱਤਾ, ਉਹ ਉਸ ਲਈ ਹਮੇਸ਼ਾ ਅਹਿਸਾਨਮੰਦ ਰਹਿਣਗੇ। ਮੰਚ ਸੰਚਾਲਨ ਉਮਰ ਮੁਜ਼ੱਫਰ ਨੇ ਕੀਤਾ। ਸੈਂਟਰ 'ਚ ਕਰੀਬ 200 ਲੋਕਾਂ ਦੇ ਬੈਠਣ ਲਈ ਮੇਜ ਕੁਰਸੀਆਂ ਅਤੇ ਖਾਣ-ਪੀਣ ਦਾ ਪ੍ਰਬੰਧ ਸੀ।

## ਬੇਅਦਬੀ ਦੀਆਂ ਘਟਨਾਵਾਂ ਸਵਾਰਥੀ ਤੱਤਾਂ ਦੀ ਸਾਜਿਸ਼: ਗਲੋਬਲ ਸਿੱਖ ਕੌਂਸਲ

**ਨਿਊ ਯਾਰਕ (ਬਿਊਰੋ):** ਗਲੋਬਲ ਸਿੱਖ ਕੌਂਸਲ ਨੇ ਪੰਜਾਬ ਅਤੇ ਰਾਜਸਥਾਨ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਉਤੇਤੜਿਤੀ ਵਾਪਰੀਆਂ ਘਟਨਾਵਾਂ ਦੀ ਸਖਤ ਲਫਜ਼ਾਂ ਵਿਚ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਸਭ ਜਥੇਦਾਰਾਂ ਵਲੋਂ ਡੇਰਾ ਮੁਖੀ ਨੂੰ ਦਿਤੀ ਗਈ ਮੁਆਫੀ ਤੇ ਫਿਰ ਉਸ ਨੂੰ ਰੱਦ ਕਰਨ ਦੇ ਮਾਮਲੇ ਤੋਂ ਸਿੱਖ ਕੌਮ ਦਾ ਧਿਆਨ ਪਾਸੇ ਹਟਾਉਣ ਲਈ ਕੀਤਾ ਗਿਆ ਹੈ।

ਕੌਂਸਲ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਜਥੇਦਾਰਾਂ ਦੇ ਇਸ ਸ਼ਾਤਰ ਫੈਸਲੇ ਪਿਛੋਂ ਦੁਨੀਆਂ ਭਰ ਦੇ ਸਿੱਖਾਂ ਵਿਚ ਰੋਹ ਫੈਲਿਆ। ਬੇਅਦਬੀ ਤੋਂ ਰੋਹ ਵਿਚ ਆਏ ਸਿੱਖਾਂ ਉਪਰ ਗੋਲੀਆਂ ਚਲਾਈਆਂ ਗਈਆਂ ਅਤੇ ਤਸ਼ੱਦਦ ਕੀਤਾ ਗਿਆ। ਇਸ ਸਭ ਨਾਲ ਸੱਚ ਸਾਹਮਣੇ ਆਉਣ ਲੱਗਾ।

ਕੌਂਸਲ ਨੇ ਦੋਸ਼ ਲਾਇਆ ਹੈ ਕਿ ਬੇਅਦਬੀ ਦੀਆਂ ਇਹ ਘਟਨਾਵਾਂ ਸਿਰਫਿਰੇ ਲੋਕਾਂ ਦੀ ਸ਼ਰਾਰਤ ਨਹੀਂ ਹਨ ਸਗੋਂ ਬਿਪਰਵਾਦੀ ਅਤੇ ਸ਼ਾਤਰ ਸਿਆਸਤਦਾਨਾਂ ਵਲੋਂ ਪੰਜਾਬ ਦੇ ਹਾਲਾਤ ਨੂੰ ਵਿਗਾੜਨ ਅਤੇ ਡੇਰਾ ਮੁਖੀ ਬਾਰੇ ਫੈਸਲੇ ਤੋਂ ਸਿੱਖ ਕੌਮ ਦਾ ਧਿਆਨ ਪਾਸੇ ਹਟਾਉਣ ਦੀ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਹਨ। ਕੌਂਸਲ ਨੇ ਪੰਜਾਬ ਸਰਕਾਰ ਨੂੰ ਸਲਾਹ ਦਿਤੀ ਹੈ ਕਿ ਸਿੱਖ ਭਾਵਨਾਵਾਂ ਨੂੰ ਧਿਆਨ ਵਿਚ ਰਖਦਿਆਂ ਬੇਅਦਬੀ ਲਈ ਜ਼ਿੰਮੇਵਾਰ ਤੱਤਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਜਿੰਨੀ ਜਲਦੀ ਹੋ ਸਕੇ, ਕਾਨੂੰਨ ਦੇ ਕਟਹਿਰੇ ਵਿਚ ਖੜਾ ਕੀਤਾ ਜਾਵੇ।

## ਮਾਲਦੀਵ ਦਾ ਉਪ ਰਾਸ਼ਟਰਪਤੀ ਗ੍ਰਿਫਤਾਰ

**ਮਾਲੇ:** ਮਾਲਦੀਵ ਦੇ ਉਪ ਰਾਸ਼ਟਰਪਤੀ ਅਹਿਮਦ ਅਦੀਬ ਨੂੰ ਰਾਸ਼ਟਰਪਤੀ ਅਬਦੁੱਲਾ ਯਾਮੀਨ ਦੀ ਹੱਤਿਆ ਕਰਨ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਗਿਆ ਹੈ। ਯਾਮੀਨ ਪਿਛਲੇ ਮਹੀਨੇ ਕਿਸ਼ਤੀ (ਸਪੀਡ ਬੋਟ) ਵਿਚ ਹੋਏ ਬੰਬ ਧਮਾਕੇ ਵਿਚ ਵਾਲ-ਵਾਲ ਬਚ ਗਏ ਸਨ।


Ashutosh SALES INC

ALL TYPES OF WEDDING CARDS

Ashutosh Cards

HINDU, PUNJABI, MUSLIM, CHRISTIAN WEDDING CARDS

Designer Wedding Cards and All Types of Wedding Items, 150 Varieties of cards in stock, We Print Locally

We print RSVP, Place card, Thank you card & Program books

2972, SHAMROCK CIRCLE, ELGIN, IL 60124
Contact : PRAFUL SHAH
Cell : 847-409-7279
Email : Ashucard28@gmail.com
www.ashucards.com

ਕੰਪਨੀ ਡਰਾਈਵਰਾਂ ਦੀ ਲੋੜ ਹੈ

ਇੰਡੀਅਨਐਪੋਲਿਸ, ਇੰਡੀਆਨਾ ਤੋਂ ਪੈਨਸਿਲਵੇਨੀਆ, ਨਿਊ ਜਰਸੀ, ਨਿਊ ਯਾਰਕ, ਮੈਰੀਲੈਂਡ ਅਤੇ ਇੰਡੀਅਨਐਪੋਲਿਸ ਵਾਪਸੀ ਦੇ ਰੂਟ ਲਈ ਡਰਾਈਵਰ ਚਾਹੀਦੇ ਹਨ।
*ਸਭ ਡਰਾਈ ਫਰੇਟ, ਹੱਥ ਲਾਉਣ ਦੀ ਲੋੜ ਨਹੀਂ
*ਅਦਾਇਗੀ ਪ੍ਰਤੀ ਗੇੜਾ/ਪ੍ਰਤੀ ਮੀਲ ਹਰ ਹਫਤੇ

ਸੰਪਰਕ ਕਰੋ: ਐਮ ਟੀ ਸੀ: 317-762-0222



Company Drivers Needed

Need Company drivers from Indianapolis, IN to PA, NJ, NY, MD and back to Indianapolis, IN.
*All dry freight no touch *Pay by trip or per/Mile every week

Contact MTC 317-762-0222

MWOSE & DHALIWAL ATTORNEYS AT LAW

IMMIGRATION
CRIMINAL DEFENSE
BUSINESS LAW
CIVIL LITIGATION
REAL ESTATE

ਇਮੀਗ੍ਰੇਸ਼ਨ
ਫੌਜਦਾਰੀ ਵਕਾਲਤ
ਬਿਜਨਸ ਲਾਅ
ਦੀਵਾਨੀ ਵਕਾਲਤ
ਰੀਅਲ ਐਸਟੇਟ



FREE CONSULTATION!

ਲੋੜੀਂਦੀ ਸਲਾਹ ਅੱਜ ਹੀ ਮੁਫਤ ਲਓ

317-222-1567

ਅਟਾਰਨੀ ਐਟ ਲਾਅ

ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵੀ ਬੋਲਦੇ ਹਾਂ

CONTACT US TO SET UP AN INTERVIEW PUNJABI, HINDI, AND URDU SPOKEN
WWW.MDLEGALTEAM.COM
CONTACTUS@MDLEGALTEAM.COM

LICENSED TO PRACTICE IN INDIANA, MICHIGAN, FLORIDA AND IMMIGRATION LAW IN ALL 50 STATES.

OFFICE LOCATION:
1426 W. 29TH ST., SUITE 201B
INDIANAPOLIS, IN 46208
Fax: 317-288-1842

# ਸਰਬ ਧਰਮ ਸੰਮੇਲਨ ’ਚ ਸਿੱਖਾਂ ਨੇ ਦਿੱਤਾ ਸੇਵਾ ਤੇ ਸਰਬਤ ਦੇ ਭਲੇ ਦਾ ਸੁਨੇਹਾ

**ਸਾਲਟ ਲੇਕ ਸਿਟੀ, ਯੂਟਾ (ਬਿਊਰੋ):** ਛੇਵੀਂ ਪੰਜ ਰੋਜ਼ਾ ਪਾਰਲੀਮੈਂਟ ਆਫ ਵਰਲਡ ਰਿਲੀਜਨਜ਼ ਇਥੇ 15 ਤੋਂ 19 ਅਕਤੂਬਰ ਤੱਕ ਹੋਈ ਜਿਸ ਵਿਚ ਪ੍ਰਬੰਧਕਾਂ ਅਨੁਸਾਰ 73 ਦੇਸ਼ਾਂ ਤੋਂ ਜਾਣੇ ਅਤੇ ਅਣਜਾਣੇ ਧਰਮਾਂ ਦੇ ਕਰੀਬ 10 ਹਜ਼ਾਰ ਲੋਕ ਸ਼ਾਮਲ ਹੋਏ। ਧਰਮਾਂ ਦੇ ਇਨ੍ਹਾਂ ਨੁਮਾਇੰਦਿਆਂ ਨੇ ਇਸ ਮੁੱਦੇ ਉਤੇ ਮਿਲ ਬਹਿ ਕੇ ਵਿਚਾਰ ਕੀਤੀ ਕਿ ਅਸੀਂ ਮਨੁੱਖਤਾ ਦੀ ਨਬਜ਼ ਮੁੜ ਕਿਵੇਂ ਫੜ੍ਹ ਸਕਦੇ ਹਾਂ।



*ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਮਾਡਲ*

ਪਾਰਲੀਮੈਂਟ ਵਿਚ ਸ਼ਾਮਲ ਧਾਰਮਿਕ ਆਗੂਆਂ ਨੇ ਤਕਰੀਰਾਂ, ਗੋਸ਼ਟੀਆਂ, ਪੈਨਲ ਵਿਚਾਰ-ਵਟਾਂਦਰਿਆਂ, ਕਲਾ, ਸੰਗੀਤ, ਜਾਣਕਾਰੀ ਬੂਥਾਂ ਅਤੇ ਨੁਮਾਇਸ਼ਾਂ ਰਾਹੀਂ ਸਦਭਾਵਨਾ, ਅਮਨ ਤੇ ਨਿਆਂ ਲਈ ਰਲ ਕੇ ਕੰਮ ਕਰਨ ਦਾ ਤਹੱਈਆ ਕੀਤਾ। ਪ੍ਰੋਗਰਾਮ ਇਕ ਬਹੁਤ ਹੀ ਖੁੱਲ੍ਹੇ ਡੁੱਲ੍ਹੇ ਕਨਵੈਨਸ਼ਨ ਸੈਂਟਰ ਸਾਲਟ ਪੈਲੇਸ ਵਿਖੇ ਕੀਤਾ ਗਿਆ।

ਅਮਰੀਕਾ ਅਤੇ ਬਾਹਰਲੇ ਦੇਸ਼ਾਂ ਤੋਂ ਕਰੀਬ 300 ਸਿੱਖਾਂ ਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ। ਇਨ੍ਹਾਂ ਵਿਚ ਉਘੇ ਨਾਮ ਲੰਦਨ ਤੋਂ ਲਾਰਡ ਇੰਦਰਜੀਤ ਸਿੰਘ ਅਤੇ ਚੰਡੀਗੜ੍ਹ ਤੋਂ ਰਿਟਾਇਰਡ ਆਈ ਏ ਐਸ ਅਫਸਰ ਗੁਰਤੇਜ ਸਿੰਘ ਸਨ। ਸਿੱਖ ਨੁਮਾਇੰਦਿਆਂ ਨੇ ਪ੍ਰੋਗਰਾਮਾਂ ਦਾ ਆਪਣਾ ਹਿੱਸਾ ਪੇਸ਼ ਕੀਤਾ ਅਤੇ ਕਰੀਬ 50 ਵਿਅਕਤੀਆਂ ਨੇ ਸਿੱਖ ਅਕੀਦਿਆਂ ਅਤੇ ਸਿੱਖ ਸਰੂਪ ਬਾਰੇ ਜਾਣਕਾਰੀ ਸਾਂਝੀ ਕੀਤੀ। ਅਮੈਰਿਕਨ ਸਿੱਖ ਕੌਂਸਲ ਨੇ ਇਕ ਜਾਣਕਾਰੀ ਬੂਥ ਲਾ ਕੇ ਉਸ ਉਤੇ ਸਿੱਖ ਸਾਹਿਤ, ਪੈਂਫਲਟ, ਤਸਵੀਰਾਂ ਅਤੇ ਸਿੱਖ ਧਰਮ ਬਾਰੇ ਕਿਤਾਬਾਂ ਦੀ ਨੁਮਾਇਸ਼ ਲਾਈ। ਕੌਂਸਲ ਨੇ ਪੰਜਾਬ ਤੋਂ ਪੱਗਾਂ ਦੇ 5 ਥਾਨ ਮੰਗਵਾ ਕੇ ਦਸਤਾਰ ਸਜਾਉਣ ਦਾ ਬੂਥ ਵੀ ਲਾਇਆ। ਕਨਵੈਨਸ਼ਨ ਦੌਰਾਨ ਇਹ ਉਪਰਾਲਾ ਸਭ ਤੋਂ ਵੱਧ ਹਰਮਨ ਪਿਆਰਾ ਰਿਹਾ। ਕਨਵੈਨਸ਼ਨ ਹਾਲ ਦੇ ਬਰਾਮਦਿਆਂ ਵਿਚ ਵੱਖ ਵੱਖ ਧਰਮਾਂ ਦੇ ਮਰਦ ਤੇ ਔਰਤਾਂ ਸਿਰਾਂ ਉਤੇ ਦਸਤਾਰਾਂ ਸਜਾਈ ਇਕ ਵੱਖਰਾ ਹੀ ਨਜ਼ਾਰਾ ਪੇਸ਼ ਕਰ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਅਗਲੇ ਦਿਨ ਉਹ ਕਨਵੈਨਸ਼ਨ ਵਿਚ ਆਪਣੇ ਤਰੀਕੇ ਨਾਲ ਦਸਤਾਰਾਂ ਸਜਾ ਕੇ ਪਹੁੰਚਣਗੇ। ਕੌਂਸਲ ਦੇ ਇਸ ਉਪਰਾਲੇ ਦੀ ਕਾਫੀ ਸ਼ਲਾਘਾ ਹੋਈ।



ਸਿੱਖ ਭਾਈਚਾਰੇ ਵਲੋਂ ਪੰਜੇ ਦਿਨ ਕਰੀਬ 5 ਹਜ਼ਾਰ ਮਹਿਮਾਨਾਂ ਲਈ ਗੁਰੂ ਕਾ ਲੰਗਰ ਵਰਤਾਇਆ ਗਿਆ। ਇਸ ਖਾਤਰ ਡਾ. ਮਨੋਹਰ ਸਿੰਘ ਗਰੇਵਾਲ ਦੀ ਚੇਅਰਮੈਨੀ ਅਧੀਨ ਸਥਾਨਕ ਭਾਈਚਾਰੇ ਦੇ ਮੈਂਬਰਾਂ ਨੂੰ ਲੈ ਕੇ ਇਕ ਲੰਗਰ ਕਮੇਟੀ ਬਣਾਈ ਗਈ ਸੀ। ਇਸ ਵਿਚ ਲਾਸ ਏਂਜਲਸ, ਸ਼ਿਕਾਗੋ, ਅਟਲਾਂਟਾ, ਬਰਮਿੰਘਮ (ਯੂ ਕੇ) ਦੇ ਟਰਸਟੀ ਨੁਮਾਇੰਦੇ ਸ਼ਾਮਲ ਕੀਤੇ ਗਏ ਸਨ। ਲੰਗਰ ਵਿਚ ਭਾਂਤ-ਸੁਭਾਂਤੇ ਖਾਣੇ ਲਾਸ ਏਂਜਲਸ ਤੋਂ ਉਚੇਚੇ ਆਏ ਬਾਵਰਚੀਆਂ ਨੇ ਸ. ਸਰਬਜੀਤ ਸਿੰਘ ਅਤੇ ਸਥਾਨਕ ਰੈਸੋਟਰੈਂਟ ਮਾਲਕਾਂ ਦੀ ਨਿਗਰਾਨੀ ਹੇਠ ਤਿਆਰ ਕੀਤੇ। ਲੰਗਰ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਦੇ ਭਾਈ ਸੁਖਬੀਰ ਸਿੰਘ ਦੀ ਨਿਗਰਾਨੀ ਹੇਠ ਵਰਤਾਇਆ ਗਿਆ ਜੋ ਆਪਣੇ ਨਾਲ 70 ਸੇਵਾਦਾਰ ਇੰਗਲੈਂਡ ਤੋਂ ਲੈ ਕੇ ਆਏ ਸਨ।







ਚਿੱਟੇ ਬਾਣਿਆਂ ਵਿਚ ਸਜੇ ਸੇਵਾਦਾਰਾਂ ਨੇ ਮਹਿਮਾਨਾਂ ਨੂੰ ਇਹ ਦਰਸਾ ਦਿੱਤਾ ਕਿ ਗੁਰੂ ਕਾ ਲੰਗਰ ਸਾਡੇ ਧਰਮ ਵਿਚ ਕਿੰਨੇ ਪਿਆਰ ਤੇ ਸਤਿਕਾਰ ਨਾਲ ਛਕਾਇਆ ਜਾਂਦਾ ਹੈ। ਕਰੀਬ ਡੇਢ ਸੌ ਸੇਵਾਦਾਰ ਸਥਾਨਕ ਭਾਈਚਾਰੇ ਅਤੇ ਨਜ਼ਦੀਕੀ ਸਕੂਲਾਂ/ਕਾਲਜਾਂ ਤੋਂ ਡਾ. ਬਲਵੰਤ ਸਿੰਘ ਹੰਸਰਾ ਦੇ ਤਾਲਮੇਲ ਨਾਲ ਲਿਆਂਦੇ ਗਏ। ਹਰ ਸੇਵਾਦਾਰ ਨੂੰ ਪਾਰਲੀਮੈਂਟ ਜਾਂ ਸਿੱਖ ਲੰਗਰ ਕਮੇਟੀ ਵਲੋਂ ਇਕ ਟੀ-ਸ਼ਰਟ ਮੁਫਤ ਦਿੱਤੀ ਗਈ। ਹਰ ਇੱਛਾਵਾਨ ਸੇਵਾਦਾਰ ਨੂੰ ਕੋਈ ਨਾ ਕੋਈ ਸੇਵਾ ਸੌਂਪੀ ਗਈ। ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਦੇ ਸੇਵਾਦਾਰਾਂ ਨੇ ਜੋੜਾ ਘਰ ਬਣਾਇਆ ਅਤੇ ਇਸ ਦੇ ਨਾਲ ਹੀ ਕਰੀਬ ਇਕ ਹਜ਼ਾਰ ਪਟਕੇ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਇਕ ਸੁੰਦਰ ਮਾਡਲ ਨਾਲ ਲੈ ਕੇ ਆਏ। ਉਨ੍ਹਾਂ ਸਿੱਖ ਸਿਧਾਂਤਾਂ ਬਾਰੇ ਕਿਤਾਬਚਿਆਂ ਦੀ ਇਕ ਨੁਮਾਇਸ਼ ਵੀ ਲਾਈ। ਕੁਲ ਮਿਲਾ ਕੇ ਸਿੱਖ ਭਾਈਚਾਰੇ ਨੇ ਸਰਬੱਤ ਦੇ ਭਲੇ, ਸੇਵਾ ਅਤੇ ਨਿਰਮਾਣਤਾ ਦਾ ਸੁਨੇਹਾ ਆਏ ਮਹਿਮਾਨਾਂ ਨੂੰ ਦਿੱਤਾ। ਹੋਰ ਜਾਣਕਾਰੀ ਲਈ ਡਾ. ਬਲਵੰਤ ਸਿੰਘ ਹੰਸਰਾ ਨਾਲ ਫੋਨ 847-991-7761 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ‘ਆਪਣਾ ਘਰ’ ਸੰਸਥਾ ਨੇ ਮਨਾਈ ਸਿਲਵਰ ਜੁਬਲੀ

**ਸ਼ਿਕਾਗੋ (ਬਿਊਰੋ):** ਸਥਾਨਕ ਸਮਾਜ ਸੇਵੀ ਸੰਸਥਾ ‘ਆਪਣਾ ਘਰ’ ਨੇ ਆਪਣੀ ਸਥਾਪਨਾ ਦੀ ਸਿਲਵਰ ਜੁਬਲੀ ਪਿਛਲੇ ਦਿਨੀਂ ਮਨਾਈ। ਇਸ ਸਮਾਗਮ ਵਿਚ ਨਾਮੀ ਸਮਾਜ ਸੇਵੀ, ਸੰਸਥਾ ਦੇ ਵਿਤੀ ਸਹਾਇਕ ਅਤੇ ਸਮਾਜ ਦੀਆਂ ਉਘੀਆਂ ਹਸਤੀਆਂ ਸ਼ਾਮਲ ਹੋਈਆਂ। ਜ਼ਿਕਰਯੋਗ ਹੈ ਕਿ ‘ਆਪਣਾ ਘਰ’ ਸੰਸਥਾ ਵਲੋਂ ਧਾਰਮਕ ਸੇਵਾਵਾਂ ਤੇ ਭਾਈਚਾਰਕ ਸਿੱਖਿਆ ਮੁਹੱਈਆ ਕਰਨ ਤੋਂ ਇਲਾਵਾ ਪਰਵਾਸੀ ਭਾਈਚਾਰਿਆਂ ਨੂੰ ਔਰਤਾਂ ਨਾਲ ਹਿੰਸਾ ਵਿਰੁਧ ਪ੍ਰੇਰਿਤ ਕੀਤਾ ਜਾਂਦਾ ਹੈ।







ਸਥਾਪਨਾ ਦੀ 25ਵੀਂ ਵਰ੍ਹੇਗੰਢ ਮੌਕੇ ਹੋਏ ਸਮਾਗਮ ਦੇ ਸ਼ੁਰੂ ਵਿਚ ਇਲੀਨਾਏ ਕੰਪਟਰੋਲਰ ਦੇ ਦਫਤਰ ਵਿਚ ਜਨਤਕ ਮਾਮਲਿਆਂ ਦੇ ਮੈਨੇਜਰ ਥਾਮਸ ਚੋਏ ਨੂੰ ਇਕ ਸਨਮਾਨ ਪੱਤਰ ਭੇਟ ਕੀਤਾ ਗਿਆ। ਸਨਮਾਨ ਪੱਤਰ ‘ਆਪਣਾ ਘਰ’ ਦੀ ਕਾਰਜਕਾਰੀ ਡਾਇਰੈਕਟਰ ਨੇਹਾ ਗਿੱਲ ਨੇ ਭੇਟ ਕੀਤਾ। ਜ਼ਿਕਰਯੋਗ ਹੈ ਕਿ ਉਹ ਕੰਪਟਰੋਲਰ ਦੀ ਏਸ਼ੀਅਨ ਅਮੈਰਿਕਨ ਸਲਾਹਕਾਰੀ ਕੌਂਸਲ ਦੀ ਮੈਂਬਰ ਵੀ ਹੈ। ਇਸ ਉਪਰੰਤ ‘ਆਪਣਾ ਘਰ’ ਦੇ 25 ਸਾਲ ਦੇ ਸਫਰ ਬਾਰੇ ਇਕ ਵੀਡੀਓ ਫਿਲਮ ਦਿਖਾਈ ਗਈ ਜਿਸ ਵਿਚ ‘ਆਪਣਾ ਘਰ’ ਦੇ ਚੱਲ ਰਹੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਹ ਪ੍ਰੋਗਰਾਮ ਮਾਡਲ ਪ੍ਰੋਗਰਾਮਾਂ ਵਜੋਂ ਮਾਨਤਾ ਹਾਸਲ ਕਰ ਚੁਕੇ ਹਨ। ਸੰਸਥਾ ਦਾ ਇਸ ਖੇਤਰ ਵਿਚ ਉਚਾ ਨਾਂ ਹੈ ਅਤੇ ਲੋਕ ਭਲਾਈ ਦੇ ਕੰਮਾਂ ਦੀ ਪੈਰਵੀ ਕਰਦਿਆਂ ਸਥਾਨਕ, ਕੌਮੀ ਅਤੇ ਕੌਮਾਂਤਰੀ ਪੱਧਰ ਉਤੇ ਟਰੇਨਿੰਗ ਮੁਹੱਈਆ ਕਰਦੀ ਹੈ।



ਸੰਸਥਾ ਦੇ ਪ੍ਰਧਾਨ ਸੱਈਅਦ ਰਬਾਨੀ ਨੇ ਗੈਸਟ ਆਫ ਆਨਰ ਨੋਬਲ ਇਨਾਮ ਜੇਤੂ ਤੇ ਗ੍ਰਾਮੀਣ ਬੈਂਕ ਦੇ ਬਾਨੀ ਮੁਹੰਮਦ ਯੂਨਸ ਨੂੰ ਜੀ ਆਇਆਂ ਆਖਿਆ। ਪ੍ਰੋ. ਯੂਨਸ ਨੇ ਕੁੰਜੀਵਤ ਭਾਸ਼ਣ ਦਿੰਦਿਆਂ ਗ੍ਰਾਮੀਣ ਬੈਂਕ ਦੀ ਸਥਾਪਨਾ ਤੋਂ ਲੈ ਕੇ ਇਸ ਵਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਅਤੇ ਗਰੀਬੀ ਦੂਰ ਕਰਨ ਤੇ ਔਰਤਾਂ ਨੂੰ ਮਾਲੀ ਸਹਾਇਤਾ ਦੇ ਕੇ ਉਨ੍ਹਾਂ ਦਾ ਰੁਤਬਾ ਉਚਾ ਕਰਨ ਦੇ ਮਾਮਲੇ ‘ਚ ਕੀਤੇ ਗਏ ਆਪਣੇ ਕੰਮ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਮਹਿਲਾਵਾਂ ਵਿਰੁਧ ਹਿੰਸਾ ਸਮੇਤ ਸਮਾਜ ਦੀਆਂ ਸਮੱਸਿਆਵਾਂ ਹੱਲ ਕਰਨ ਵੱਲ ਧਿਆਨ ਦੇਣ ਲਈ ਸਭ ਨੂੰ ਪ੍ਰੇਰਿਆ ਜੋ ਕਿ ਸੰਸਥਾਂ ਦੇ ਮਿਸ਼ਨ ਦਾ ਮੂਲ ਹੈ ਅਤੇ ਜੋ ਵਿਸ਼ਵ ਭਰ ਵਿਚ ਮਨੁੱਖੀ ਅਧਿਕਾਰਾਂ ਤੇ ਸਿਹਤ ਸੰਭਾਲ ਸਬੰਧੀ ਮੁੱਖ ਸਰੋਕਾਰ ਹੈ।

ਇਸ ਮੌਕੇ ਸੰਸਥਾ ਦੇ ਸੁਪੋਰਟਰਾਂ ਤੇ ਸ਼ੁਭ ਚਿੰਤਕਾਂ ਰਮਜ਼ਾਨ ਤੇ ਪਰਵੀਨ ਧਾਂਜੀ ਫੈਮਿਲੀ ਫਾਊਂਡੇਸ਼ਨ, ਡਾ. ਆਸ਼ਿਮਾ ਮਹਿਤਾ, ਡਾ. ਸ਼ਕੁੰਤਲਾ ਛਾਬੜਾ, ਡਾ. ਸੁਰਿੰਦਰ ਨੰਦ ਅਤੇ ਡੈਨੀਅਲ ਨੂਰਾਨੀ ਦਾ ਪੁਰਸਕਾਰ ਦੇ ਕੇ ਮਾਣ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਸੇ ਸਾਲ ਇੰਡੀਅਨ ਅਮੈਰਿਕਨ ਸਾਈਕੈਟਰਿਕ ਐਸੋਸੀਏਸ਼ਨ ਵਲੋਂ ਡਾ. ਸੁਰਿੰਦਰ ਨੰਦ ਨੂੰ ਘਰੇਲੂ ਹਿੰਸਾ ਖਤਮ ਕਰਨ ਲਈ ਪ੍ਰਤੀਬੱਧਤਾ ਕਰ ਕੇ ਪ੍ਰੈਜ਼ੀਡੈਂਟ ਐਵਾਰਡ ਦਿੱਤਾ ਗਿਆ ਸੀ।

46ਵੇਂ ਵਾਰਡ ਤੋਂ ਆਲਡਰਮੈਨ ਜੇਮਜ਼ ਕੈਪਲਮੈਨ ਨੇ ਆਪਣੀ ਜਜ਼ਬਾਤੀ ਤੇ ਪ੍ਰੇਰਣਾਮਈ ਨਿਜੀ ਕਹਾਣੀ ਸਰੋਤਿਆਂ ਨਾਲ ਸਾਂਝੀ ਕੀਤੀ ਕਿ ਕਿਵੇਂ ਉਹ ਲੋਕ ਸੇਵਾ ਪ੍ਰਤੀ ਉਤਸ਼ਾਹਿਤ ਹੋਏ ਅਤੇ ‘ਆਪਣਾ ਘਰ’ ਨਾਲ ਜੁੜੇ। ‘ਆਪਣਾ ਘਰ’ ਦੇ ਮੀਤ ਪ੍ਰਧਾਨ ਸਮੀਰ ਛਾਬੜੀਆ ਅਤੇ ਕੇਰਨ ਵਾਸਨ ਨੇ ਬਣਾਏ ਜਾ ਰਹੇ ਨਵੇਂ ਘਰ ਬਾਰੇ ਜਾਣਕਾਰੀ ਦਿੱਤੀ ਜਿਸ ਨਾਲ ਲੋੜਵੰਦ ਬੱਚਿਆਂ ਤੇ ਔਰਤਾਂ ਦੇ ਰਹਿਣ ਲਈ ਜਗ੍ਹਾ ਦੁੱਗਣੀ ਹੋ ਜਾਵੇ।

ਗਾਇਕ ਫਰੀਦ ਹੱਕ ਅਤੇ ਉਨ੍ਹਾਂ ਦੇ ਬੈਂਡ ਮੈਥਗੇਮਜ਼ ਨੇ ਸਰੋਤਿਆਂ ਦਾ ਗੀਤ-ਸੰਗੀਤ ਨਾਲ ਮਨੋਰੰਜਨ ਕੀਤਾ। ਪ੍ਰੋਗਰਾਮ ਦਾ ਸੰਚਾਲਨ ਏ ਬੀ ਸੀ 7 ਸ਼ਿਕਾਗੋ ਦੇ ਰਵੀ ਬੈਚਵਾਲ ਵਲੋਂ ਕੀਤਾ ਗਿਆ।

## ਪਾਕਿਸਤਾਨ ਤੋਂ ਵਤਨ ਪਰਤੀ ਗੀਤਾ

**ਨਵੀਂ ਦਿੱਲੀ:** ਤਕਰੀਬਨ 15 ਸਾਲ ਪਹਿਲਾਂ ਗਲਤੀ ਨਾਲ ਪਾਕਿਸਤਾਨ ਪਹੁੰਚੀ ਗੂੰਗੀ-ਬੋਲੀ ਲੜਕੀ ਗੀਤਾ ਭਾਰਤ ਪਰਤ ਆਈ ਹੈ। ਗੀਤਾ ਦੀ ਕਹਾਣੀ ਸਲਮਾਨ ਖਾਨ ਦੀ ਫਿਲਮ ‘ਬਜਰੰਗੀ ਭਾਈਜਾਨ’ ਰਿਲੀਜ਼ ਹੋਣ ਮਗਰੋਂ ਸਾਹਮਣੇ ਆਈ, ਜਿਸ ਵਿਚ ਫਿਲਮ ਦਾ ਹੀਰੋ ਆਪਣੇ ਮਾਪਿਆਂ ਤੋਂ ਵਿੱਛੜੀ ਲੜਕੀ ਨੂੰ ਛੱਡਣ ਪਾਕਿਸਤਾਨ ਜਾਂਦਾ ਹੈ। ਦੂਜੇ ਪਾਸੇ ਪਾਕਿਸਤਾਨ ਤੋਂ ਭਾਰਤ ਆਈ ਗੀਤਾ ਨੂੰ ਆਪਣੀ ਬੇਟੀ ਹੋਣ ਦਾ ਦਾਅਵਾ ਕਰ ਰਹੇ ਲੁਧਿਆਣੇ ਦੇ ਪਰਿਵਾਰ ਨੂੰ ਗੀਤਾ ਨੇ ਪਛਾਣਨ ਤੋਂ ਇਨਕਾਰ ਕਰਨ ਦਿੱਤਾ ਹੈ, ਜਿਸ ਮਗਰੋਂ ਜਨਾਰਦਨ ਮਹਿਤੋਂ ਪਰਿਵਾਰ ਦੇ ਲੋਕ ਮਾਯੂਸ ਹਨ। ਹੁਣ ਸਾਰਿਆਂ ਨੂੰ ਡੀ.ਐਨ.ਏ. ਟੈਸਟ ’ਤੇ ਉਮੀਦ ਹੈ।



ਦੂਜੇ ਪਾਸੇ ਭਾਰਤ ਨੇ ਇਕ ਪੰਜ ਸਾਲਾ ਪਾਕਿਸਤਾਨੀ ਬੱਚੀ ਨੂੰ ਇਲਾਜ ਲਈ ਭਾਰਤ ਦਾ ਵੀਜ਼ਾ ਦੇ ਦਿੱਤਾ ਹੈ। ਉਹ ਲੀਵਰ ਦੀ ਗੰਭੀਰ ਬਿਮਾਰੀ ਤੋਂ ਪੀੜਤ ਹੈ ਤੇ ਉਸ ਦਾ ਭਾਰਤ ਵਿਚ ਅਪਰੇਸ਼ਨ ਹੋਵੇਗਾ। ਬਾਸਮਾ ਮੁਹੰਮਦ ਫੈਸਲ ਇਸ ਸਮੇਂ ਓਮਾਨ ਵਿਚ ਰਾਇਲ ਹਸਪਤਾਲ ਵਿਚ ਭਰਤੀ ਹੈ ਤੇ ਉਸ ਦੇ ਲੀਵਰ ਦਾ ਅਪਰੇਸ਼ਨ ਚੇਨਈ ਦੇ ਗਲੋਬਲ ਹੈਲਥ ਸਿਟੀ ਵਿਚ ਹੋਣਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਹੈਡ ਗ੍ਰੰਥੀ ਦੀ ਲੋੜ ਹੈ

ਗੁਰਦੁਆਰਾ ਸਿੱਖ ਸੈਂਟਰ ਆਫ ਦੀ ਗਲਫ ਕੋਸਟ ਏਰੀਆ, ਇੰਕ. ਹਿਊਸਟਨ, ਟੈਕਸਸ (ਅਮਰੀਕਾ) ਵਾਸਤੇ ਹੈਡ ਗ੍ਰੰਥੀ ਦੀ ਲੋੜ ਹੈ

**ਯੋਗਤਾਵਾਂ**

ਉਮੀਦਵਾਰ ਪੜ੍ਹਿਆ-ਲਿਖਿਆ ਹੋਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਤੇ ਗੁਰਮਤਿ ਅਨੁਸਾਰ ਵਿਆਖਿਆ ਕਰ ਸਕਦਾ ਹੋਵੇ।

ਅੰਗਰੇਜ਼ੀ ਬੋਲ ਅਤੇ ਪੜ੍ਹ ਸਕਦਾ ਹੋਵੇ ਤਾਂ ਜੋ ਸਾਧ ਸੰਗਤ ਅਤੇ ਬੱਚਿਆਂ ਨੂੰ ਅੰਗਰੇਜ਼ੀ ਵਿਚ ਸਮਝਾ ਸਕੇ।

ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋਵੇ ਅਤੇ ਰਹਿਤ ਮਰਿਆਦਾ ਅਨੁਸਾਰ ਚੱਲਣ ਵਾਲਾ ਹੋਵੇ। ਪਹਿਲਾਂ ਹੈਡ ਗ੍ਰੰਥੀ ਵਜੋਂ ਨਿਭਾਈ ਸੇਵਾ ਦਾ ਵੇਰਵਾ ਵੀ ਚਾਹੀਦਾ ਹੈ।

ਸਾਧ ਸੰਗਤ ਵਿਚ ਏਕਤਾ ਬਣਾਈ ਰੱਖਣ ਦਾ ਸੁਭਾਅ ਹੋਵੇ। ਲੋੜ ਪੈਣ 'ਤੇ ਪੰਥ ਦੇ ਨਾਲ ਖੜ੍ਹਾ ਹੋਵੇ।

ਗ੍ਰੰਥੀ ਸਿੰਘ ਦੀ ਉਮਰ 45 ਸਾਲ ਤੋਂ ਜਿਆਦਾ ਅਤੇ ਸ਼ਾਦੀ-ਸ਼ੁਦਾ ਹੋਵੇ।

*ਚਾਹਵਾਨ ਸਿੰਘ ਇਸ ਫੋਨ ਅਤੇ ਪਤੇ ਉਤੇ ਸੰਪਰਕ ਕਰਨ:*

ਸ. ਹਰਜੀਤ ਸਿੰਘ, ਫੋਨ: 832-964-3300
ਸ. ਸੁਖਦੇਵ ਸਿੰਘ, ਫੋਨ: 832-330-9500

8819 Prairie Drive, Houston, Texas 77064 USA

## Michigan Truck Driving School

5000 Wyoming Ave., Suite# 148, Dearborn, MI 48126

ਡਿਟਰਾਇਟ ਵਿਚ ਖੁਲ੍ਹ ਗਿਆ ਹੈ

ਬਿਲਕੁਲ ਨਵਾਂ
ਟਰੱਕ ਡਰਾਈਵਿੰਗ ਸਕੂਲ

*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ




Raj Jamarai, Cell:734-644-1010
Office:734-747-4298

ਇੰਡੀਅਨ ਰਿਟਾਇਰਮੈਂਟ ਕਮਿਊਨਿਟੀ ਸ਼ਾਮਬਰਗ ਵਿਚ ਜਲਦ ਹੀ ਬਣ ਰਹੀ ਹੈ!

# VERANDAH

Master-Planned Retirement
Community Dedicated to Indian
& South-east Asian Seniors
Located in Hanover Park near Schaumburg
with easy access to Chicago




ਉਸਾਰੀ ਅਪਰੈਲ 2016 ਵਿਚ ਅਰੰਭ ਹੋਵੇਗੀ ਅਤੇ ਪਹਿਲੇ ਟਾਊਨ ਹੋਮ ਅਕਤੂਬਰ 2016 ਵਿਚ ਮੁਕੰਮਲ ਹੋ ਜਾਣਗੇ।

ਸ਼ਾਨਦਾਰ 2 ਬੈਡ ਰੂਮ/2 ਬਾਥਰੂਮ ਟਾਊਨ ਹੋਮ ਵਿਕਰੀ ਲਈ ਉਪਲਬਧ ਹਨ
Club house with common activities and Indian meals.

## BOOKINGS OPENING SOON!

visit www.IndianRetirementChicago.com for more info
Email –IndianRetirementChicago@gmail.com or call 312 952 1802

*2016 ਦੀ ਦੀਵਾਲੀ ਆਪਣੇ ਖੂਬਸੂਰਤ ਭਵਿੱਖ ਦੇ ਘਰ ਵਿਚ ਮਨਾਓ!*

# ਸਫਲ ਰਿਹਾ ਡੈਲਸ-ਫੋਰਟਵਰਥ ਕਲੱਬ ਦਾ ਖੇਡ ਮੇਲਾ

**ਡੈਲਸ, ਟੈਕਸਸ (ਹਰਜੀਤ ਸਿੰਘ ਢੇਸੀ):** ਡੈਲਸ-ਫੋਰਟਵਰਥ ਇੰਟਰਨੈਸ਼ਨਲ ਸਪੋਰਟਸ ਕਲੱਬ ਵਲੋਂ ਵਿਰਾਸਤੀ ਖੇਡਾਂ ਦਾ ਇਕ ਰੋਜ਼ਾ ਖੇਡ ਮੇਲਾ ਇਥੇ ਬਾਬ ਵੁਡਰਫ ਪਾਰਕ ਵਿਚ ਕਰਵਾਇਆ ਗਿਆ ਜਿਸ ਵਿਚ ਚੋਟੀ ਦੀਆਂ ਟੀਮਾਂ ਨੇ ਹਿੱਸਾ ਲਿਆ ਅਤੇ ਤੇਜ ਤਰਾਰ ਖਿਡਾਰੀਆਂ ਨੇ ਆਪਣੀ ਖੇਡ ਦੇ ਜੌਹਰ ਵਿਖਾਏ। ਕਲੱਬ ਨੇ ਜੇਤੂ ਖਿਡਾਰੀਆਂ ਨੂੰ ਨਕਦ ਮੇਲੇ ਵਿਚ ਕਬੱਡੀ, ਬਾਸਕਿਟਬਾਲ, ਸਾਕਰ, ਵਾਲੀਬਾਲ ਅਤੇ ਦੌੜਾਂ ਦੇ ਮੁਕਾਬਲੇ ਕਰਵਾਏ ਗਏ। ਔਰਤਾਂ ਦਾ ਮਿਊਜ਼ਿਕ ਚੇਅਰ ਦਾ ਮੁਕਾਬਲਾ ਬੜਾ ਰੌਚਕ ਰਿਹਾ। ਕਬੱਡੀ ਮੁਕਾਬਲਿਆਂ ਵਿਚ ਡੈਲਸ ਦੀ ਟੀਮ ਜੇਤੂ ਰਹੀ। ਕਬੱਡੀ ਓਪਨ ਦਾ ਪਹਿਲਾ ਇਨਾਮ ਪੈਨੀ ਸਿੱਧੂ ਅਤੇ ਦੂਜਾ ਇਨਾਮ ਯੁਨਾਈਟਿਡ ਗਰੁਪ ਦੇ ਬਗਲੀ ਬ੍ਰਦਰਜ਼, ਹਰਦੀਪ ਗੁਰਨਾ, ਬਿੱਲੂ ਬੈਣੀਪਾਲ, ਦਲਵਿੰਦਰ ਖੱਟੜਾ, ਤੇਜਵੰਤ ਸਿੰਘ ਤੇ ਅਮਰਜੀਤ ਸਿੰਘ ਵਲੋਂ ਸਪਾਂਸਰ ਕੀਤਾ ਗਿਆ ਸੀ ਜਦੋਂਕਿ ਤੀਜੇ ਇਨਾਮ ਦੇ ਸਪਾਂਸਰ ਲਾਲੀ ਸੰਧੂ ਅਤੇ ਲਾਡੀ ਚਾਹਲ ਸਨ। ਕਬੱਡੀ ਅੰਡਰ-21 ਦੇ ਪਹਿਲੇ ਇਨਾਮ ਦੇ ਸਪਾਂਸਰ ਰੰਧਾਵਾ ਬ੍ਰਦਰਜ਼ ਅਤੇ ਦੂਜੇ ਇਨਾਮ ਦੇ ਸਪਾਂਸਰ ਹੈਰੀ ਤੇ ਜੱਸੀ ਬਰਾੜ ਸਨ।

ਕਬੱਡੀ ਮੈਚਾਂ ਦਾ ਸਵਾਦ ਉਦੋਂ ਦੂਣਾ ਹੋ ਗਿਆ ਜਦੋਂ ਨਾਮੀ ਕੁਮੈਂਟੇਟਰ ਸੁਖਚੈਨ ਬਰਾੜ ਅਤੇ ਇਕਬਾਲ ਗਾਲਿਬ ਨੇ ਆਪਣੇ ਟੋਟਕਿਆਂ ਨਾਲ ਦਿਲਚਸਪ ਕੁਮੈਂਟਰੀ ਕੀਤੀ। ਕੁਮੈਂਟਰੀ ਦੇ ਨਾਲ ਨਾਲ ਉਨ੍ਹਾਂ ਦਰਸ਼ਕਾਂ ਦਾ ਮਨੋਰੰਜਨ ਵੀ ਕੀਤਾ।



ਸਿੱਖ ਯੂਥ ਆਫ ਮਰਫੀ ਨੇ ਸਾਕਰ ਦਾ ਪਹਿਲਾ ਅਤੇ ਰਿੰਕੂ ਗਿੱਲ ਤੇ ਹੈਪੀ ਬਰਾੜ ਨੇ ਦੂਜਾ ਇਨਾਮ ਦਿੱਤਾ। ਮੇਲੇ ਦੀ ਸਮਾਪਤੀ 'ਤੇ ਜੇਤੂਆਂ ਨੂੰ ਇਨਾਮ ਵੰਡੇ ਗਏ।

ਮੇਲੇ ਵਿਚ ਵੱਡੀ ਗਿਣਤੀ ਵਿਚ ਪੁੱਜੇ ਲੋਕਾਂ ਨੇ ਰਵਾਇਤੀ ਖੇਡਾਂ ਦਾ ਅਨੰਦ ਮਾਣਿਆ। ਪੰਜਾਬੀ ਪੁਸ਼ਾਕਾਂ ਵਿਚ ਸਜੇ ਮਰਦ-ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਵੇਖ ਕੇ ਪੰਜਾਬ ਦੇ ਕਿਸੇ ਮੇਲੇ ਦਾ ਭੁਲੇਖਾ ਪੈ ਰਿਹਾ ਸੀ।

ਮੇਲੇ ਦੇ ਗਰੈਂਡ ਸਪਾਂਸਰ ਮਨਪ੍ਰੀਤ ਵਾਲੀਆ; ਪਲਾਟੀਨਮ ਸਪਾਂਸਰ ਅਜਮੇਰ ਸਿੰਘ, ਸੁਰਜੀਤ ਸਿੰਘ, ਬਲਕਾਰ ਸੰਧੂ, ਸੁਖਚੈਨ ਧਾਲੀਵਾਲ; ਡਾਇਮੰਡ ਸਪਾਂਸਰ ਬਲਦੇਵ ਮੱਲ੍ਹੀ, ਕੁਲਦੀਪ ਮੱਟੂ, ਸਨੀ ਸਿੱਧੂ, ਜਰਨੈਲ ਸਿੰਘ, ਗੁਰਨਾਮ ਸੰਧਰ (ਨਾਪਾ), ਮਨੋਹਰ ਮਾਨ; ਗੋਲਡ ਸਪਾਂਸਰ ਸੋਖਾ ਭੋਪਾਲ, ਗੁਰਦੇਵ ਹੇਅਰ, ਲਾਲੀ ਸੋਹਲ, ਬੌਬੀ ਅਤੇ ਪਾਲ ਉਪਲ, ਕਮਲਜੀਤ ਸਿੰਘ, ਬੱਬੂ ਡੂੰਮਛੇੜੀ, ਗੁਰਪ੍ਰੀਤ ਬੜਿਆਲ, ਕੁਲਦੀਪ ਢਿੱਲੋਂ, ਲਾਡੀ ਕੰਗ, ਹੈਰੀ ਉਪਲ, ਬਲਜੀਤ ਭਾਟੀਆ, ਜੋਨੀ ਵਾਲੀਆ, ਵਿੱਕੀ ਸਹੋਤਾ, ਰਾਜਾ ਸੰਧੂ, ਹਰਭਜਨ ਨਿੱਜਰ, ਮੇਜਰ ਸਹੋਤਾ, ਸੁਖਪਾਲ ਮਾਨ ਅਤੇ ਬਿੰਦਰ ਮਾਨ ਸਨ।

ਕਲੱਬ ਦੇ ਪ੍ਰਬੰਧਕਾਂ-ਮਨਪ੍ਰੀਤ ਵਾਲੀਆ, ਸੋਨੂੰ ਢਿੱਲੋਂ, ਗੁਰਮੇਲ ਸਿੰਘ ਸੂਚ, ਮਹਿੰਦਰ ਸਿੰਘ, ਟਹਿਲ ਸਿੰਘ, ਗੁਰਮੇਲ ਸਿੰਘ ਢੇਸੀ, ਜੱਸੀ ਚਾਹਲ, ਅਮਰੀਕ ਸਿੰਘ, ਸਰਬਜੀਤ ਗਿੱਲ, ਜਗਰਾਜ ਸਿੰਘ, ਸੋਹਣ ਸਿੰਘ ਪਾਬਲਾ, ਰਜਿੰਦਰ ਸਿੱਧੂ, ਜੋਗਾ ਸੰਧੂ, ਜੱਸਾ ਰਾਏ, ਗੁਰਿੰਦਰ ਸਿੰਘ, ਬਲਕਾਰ ਸਿੰਘ ਸੰਧੂ, ਸੰਦੀਪ ਕੰਗ, ਪਿੰਦਾ ਅਟਵਾਲ, ਜਗਤਾਰ ਸਿੰਘ, ਜਸਪ੍ਰੀਤ ਸਿੰਘ ਅਤੇ ਬਲਰਾਜ ਸਿੰਘ ਨੇ ਮੇਲੇ ਦੇ ਸਪਾਂਸਰਾਂ, ਸਹਿਯੋਗੀਆਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਅਨੁਸਾਰ ਇਹ ਖੇਡ ਮੇਲਾ ਕਾਮਯਾਬ ਰਿਹਾ। ਉਨ੍ਹਾਂ ਖੇਡ ਮੇਲਾ ਹਰ ਸਾਲ ਕਰਵਾਉਣ ਦੀ ਗੱਲ ਆਖੀ।

*(ਹੋਰ ਤਸਵੀਰਾਂ ਸਫਾ 17 ਉਤੇ ਦੇਖੋ)*

## ਕੈਲੀਫੋਰਨੀਆ 'ਵਰਸਿਟੀ ਕਰੇਗੀ ਏਸ਼ੀਆਈ ਧਰਮਾਂ ਦਾ ਅਧਿਐਨ


**ਸੈਨ ਫਰਾਂਸਿਸਕੋ:** ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਨੇ ਦੱਖਣੀ ਏਸ਼ੀਆਈ ਧਰਮਾਂ ਤੇ ਸਭਿਆਚਾਰ ਬਾਰੇ ਗਿਆਨ ਦਾ ਵਿਸਥਾਰ ਕਰਨ ਲਈ ਸਿੱਖ, ਜੈਨ ਤੇ ਆਧੁਨਿਕ ਭਾਰਤੀ ਅਧਿਐਨ ਲਈ ਚੇਅਰ ਸਥਾਪਤ ਕਰ ਦਿੱਤੀਆਂ ਹਨ। ਯੂਨੀਵਰਸਿਟੀ ਦੇ ਸਕੂਲ ਆਫ ਹਿਊਮਨਿਟੀਜ਼ ਨੇ ਸਿੱਖ ਧਰਮ ਦੇ ਅਧਿਐਨ ਲਈ ਧਨ ਕੌਰ ਸਹੋਤਾ ਬੈਂਚ, ਜੈਨ ਧਰਮ ਦੇ ਅਧਿਐਨ ਲਈ ਸ੍ਰੀ ਪਾਸ਼ਰਵਨਾਥ ਪ੍ਰੈਜ਼ੀਡੈਂਸ਼ਲ ਬੈਂਚ ਅਤੇ ਆਧੁਨਿਕ ਭਾਰਤ ਅਧਿਐਨ ਲਈ ਸਵਾਮੀ ਵਿਵੇਕਾਨੰਦ ਧਰਮ ਸਿਵਲਾਈਜ਼ੇਸ਼ਨ ਫਾਊਂਡੇਸ਼ਨ ਪ੍ਰੈਜ਼ੀਡੈਂਸ਼ਲ ਬੈਂਚ ਦਾ ਗਠਨ ਕੀਤਾ ਹੈ।

ਪੇਸ਼ੇ ਤੋਂ ਡਾਕਟਰ ਹਰਵਿੰਦਰ ਸਹੋਤਾ ਤੇ ਆਸ਼ਾ ਸਹੋਤਾ ਨੇ ਸਿੱਖ ਧਰਮ ਦੇ ਅਧਿਐਨ ਲਈ ਆਪਣੀ ਮਾਂ ਦੀ ਯਾਦ ਵਿਚ ਧੰਨ ਕੌਰ ਸਹੋਤਾ ਪ੍ਰੈਜ਼ੀਡੈਂਸ਼ਲ ਸਟੱਡੀਜ਼ ਬੈਂਚ ਗਠਿਤ ਕੀਤੀ ਹੈ। ਇਹ ਚੇਅਰ ਸਥਾਪਤ ਹੋਣ ਨਾਲ ਅਮਰੀਕਾ ਵਿਚ ਰਹਿਣ ਵਾਲੇ ਭਾਈਚਾਰੇ ਦੇ ਲੋਕਾਂ ਨੂੰ ਸਿੱਖ ਧਰਮ ਦਾ ਅਧਿਐਨ ਕਰਨ ਦਾ ਮੌਕਾ ਮਿਲੇਗਾ।

## ਪੁਲਿਸ ਨੂੰ ਅਧੀਨ ਕਰਨ ਲਈ ਅਦਾਲਤ ਜਾਵੇਗੀ ਦਿੱਲੀ ਸਰਕਾਰ

**ਨਵੀਂ ਦਿੱਲੀ:** ਕੇਜਰੀਵਾਲ ਸਰਕਾਰ ਵੱਲੋਂ ਦਿੱਲੀ ਪੁਲਿਸ ਨੂੰ ਆਪਣੇ ਅਧੀਨ ਲਿਆਉਣ ਲਈ ਅਦਾਲਤ ਦਾ ਦਰਵਾਜ਼ਾ ਖੜਕਾਇਆ ਜਾਵੇਗਾ। ਸਰਕਾਰ ਦਾ ਮੰਨਣਾ ਹੈ ਕਿ ਦਿੱਲੀ ਪੁਲਿਸ ਰਾਜਧਾਨੀ ਵਾਸੀਆਂ ਦੀ ਸੁਰੱਖਿਆ ਕਰਨ ਵਿਚ ਨਾਕਾਮ ਹੋਈ ਹੈ। ਪਿਛਲੇ ਦਿਨੀਂ ਦੋ ਬੱਚੀਆਂ ਨਾਲ ਹੋਏ ਬਲਾਤਕਾਰ ਪਿੱਛੋਂ ਦਿੱਲੀ ਸਰਕਾਰ ਵੱਲੋਂ ਇਹ ਮੰਗ ਹੋਰ ਵੀ ਤੇਜ਼ ਕੀਤੀ ਗਈ।

Preet BOUTIQUE
ਹੁਣ ਗਰੀਨਵੁੱਡ 'ਚ ਹੀ ਨਵੀਂ ਅਤੇ ਖੁੱਲ੍ਹੀ ਥਾਂ
916 E. Main Street, #204, Greenwood, IN 46143
*Vally Vista Plaza (Near Desi Bazar)*



ਆਪਣੇ ਰੂਪ ਨੂੰ ਚਾਰ ਚੰਨ ਲਾਓ
*Designer Lehangas, Suits, Sarees, Kids Wear*
ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ
ਬੱਚਿਆਂ ਦੀਆਂ ਪੁਸ਼ਾਕਾਂ
ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ
*Gidha Bhangra Dresess On Rent*
ਸੁੰਦਰ ਅਤੇ ਵੱਖ ਵੱਖ ਸਾਈਜ਼ਾਂ ਦੇ ਰੁਮਾਲਾ ਸਾਹਿਬ, ਚੰਦੋਆ ਸਾਹਿਬ ਵੀ ਮਿਲਦੇ ਹਨ
**Call: 317-603-4018**
E-mail: preetboutique1973@gmail.com or spkaurus@yahoo.co.in
Facebook page (Preet Boutique USA & Canada)

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਅਤੇ ਮਾਤਾ ਦਮੋਦਰੀ ਜੀ ਦੇ ਸਪੁੱਤਰ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵੱਡੇ ਭਰਾ

**ਬਾਬਾ ਗੁਰਦਿੱਤਾ ਜੀ ਦੇ ਜਨਮ ਦਿਹਾੜੇ 'ਤੇ ਸਮਾਗਮ**

ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਨਾਲ ਬਾਬਾ ਗੁਰਦਿੱਤਾ ਜੀ ਦੇ ਜਨਮ ਦਿਹਾੜੇ 'ਤੇ ਇਕ ਵਿਸ਼ੇਸ਼ ਸਮਾਗਮ ਹੇਠਾਂ ਦਿੱਤੇ ਪ੍ਰੋਗਰਾਮ ਅਨੁਸਾਰ ਸ. ਅਵਤਾਰ ਸਿੰਘ ਸਪਰਿੰਗਫੀਲਡ ਦੇ ਗ੍ਰਹਿ ਵਿਖੇ ਕੀਤਾ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿਚ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

ਅਰੰਭ ਸ੍ਰੀ ਅਖੰਡ ਪਾਠ
29 ਅਕਤੂਬਰ 2015 ਸਵੇਰੇ 7 ਵਜੇ
ਭੋਗ ਸ੍ਰੀ ਅਖੰਡ ਪਾਠ
31 ਅਕਤੂਬਰ 2015 ਸਵੇਰੇ 10 ਵਜੇ
ਕੀਰਤਨ: ਸਵੇਰੇ 11 ਤੋਂ ਦੁਪਹਿਰ ਇਕ ਵਜੇ ਤੱਕ
ਗੁਰੂ ਕਾ ਲੰਗਰ: ਇਕ ਵਜੇ



*ਬਾਬਾ ਗੁਰਦਿੱਤਾ ਜੀ ਦਾ ਇੱਕ ਚਿੱਤਰ*

ਬੇਨਤੀ ਕਰਤਾ: ਅਵਤਾਰ ਸਿੰਘ ਸਪਰਿੰਗਫੀਲਡ
441 Aberfelda Dr., Springfield, OH 45504
Ph: 937-206-4674, 937-207-8920, 937-523-0112 or 937-324-5601



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800-914-1013 408-428-2300

# ਡੈਲਸ-ਫੋਰਟਵਰਥ ਇੰਟਰਨੈਸ਼ਨਲ ਸਪੋਰਟਸ ਕਲੱਬ (ਟੈਕਸਸ)

## ਖੇਡ ਮੇਲੇ ਦੀਆਂ ਕੁਝ ਯਾਦਗਾਰੀ ਤਸਵੀਰਾਂ



















*Sponsored Page*

# ਪੰਜ ਪਿਆਰਿਆਂ ਵੱਲੋਂ ਤਖਤਾਂ ਦੇ ਜਥੇਦਾਰਾਂ ਦੀਆਂ ਸੇਵਾਵਾਂ ਖਤਮ

**ਅੰਮ੍ਰਿਤਸਰ:** ਪੰਜ ਪਿਆਰਿਆਂ ਨੇ ਅਕਾਲ ਤਖਤ ਸਾਹਿਬ ਵਿਖੇ ਪੰਜਾਂ ਤਖਤਾਂ ਦੇ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕਰਨ ਦਾ ਆਦੇਸ਼ ਜਾਰੀ ਕਰ ਦਿੱਤਾ। ਸਿੱਖ ਪੰਥ ਨੂੰ ਯੋਗ ਅਗਵਾਈ ਨਾ ਦੇਣ ਦਾ ਦੋਸ਼ ਲਾਉਂਦਿਆਂ ਉਨ੍ਹਾਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਇਨ੍ਹਾਂ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕੀਤੀਆਂ ਜਾਣ। ਗੁਰਮਤੇ ਨੂੰ ਸੰਗਤ ਨੇ ਜੈਕਾਰੇ ਲਾ ਕੇ ਪ੍ਰਵਾਨਗੀ ਦਿੱਤੀ।



ਪੰਜ ਪਿਆਰਿਆਂ ਨੇ ਕਿਹਾ ਕਿ ਜੇਕਰ ਅੰਤ੍ਰਿੰਗ ਕਮੇਟੀ ਵੱਲੋਂ ਕੋਈ ਢੁਕਵੀਂ ਕਾਰਵਾਈ ਨਾ ਕੀਤੀ ਗਈ ਤਾਂ ਫਿਰ ਇਕੱਤਰਤਾ ਕਰਕੇ ਅਗਲਾ ਫੈਸਲਾ ਲਿਆ ਜਾਏਗਾ। ਜ਼ਿਕਰਯੋਗ ਹੈ ਕਿ ਪੰਜਾਂ ਤਖਤਾਂ ਦੇ ਜਥੇਦਾਰਾਂ ਨੂੰ ਰਾਜ ਦੇ ਮੌਜੂਦਾ ਹਾਲਾਤ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਨੂੰ ਸਪਸ਼ਟੀਕਰਨ ਦੇਣ ਲਈ ਤਲਬ ਕੀਤਾ ਗਿਆ ਸੀ। ਤਕਰੀਬਨ ਡੇਢ ਘੰਟੇ ਤੱਕ ਉਨ੍ਹਾਂ ਦੀ ਉਡੀਕ ਕੀਤੀ ਗਈ, ਪਰ ਕੋਈ ਸੁਨੇਹਾ ਨਾ ਆਉਣ ਤੋਂ ਬਾਅਦ ਪੰਜ ਪਿਆਰਿਆਂ ਨੇ ਗੁਰਮਤਾ ਜਾਰੀ ਕਰ ਦਿੱਤਾ।

ਅਕਾਲ ਤਖਤ ਸਾਹਿਬ ਦੇ ਪੰਜ ਪਿਆਰਿਆਂ ਭਾਈ ਸਤਨਾਮ ਸਿੰਘ ਖੰਡਾ, ਭਾਈ ਮੰਗਲ ਸਿੰਘ, ਭਾਈ ਮੇਜਰ ਸਿੰਘ, ਭਾਈ ਸਤਨਾਮ ਸਿੰਘ ਤੇ ਭਾਈ ਤਰਲੋਕ ਸਿੰਘ ਨੇ ਪਹਿਲਾਂ ਨਿਰਧਾਰਤ ਪ੍ਰੋਗਰਾਮ ਅਨੁਸਾਰ ਇਕੱਤਰਤਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਤੇ ਸੰਗਤ ਦੀ ਹਾਜ਼ਰੀ ਵਿਚ ਜਾਰੀ ਕੀਤੇ ਗਏ ਗੁਰਮਤੇ ਨੂੰ ਭਾਈ ਸਤਨਾਮ ਸਿੰਘ ਨੇ ਪੜ੍ਹ ਕੇ ਸੁਣਾਇਆ। ਗੁਰਮਤੇ ਵਿਚ ਆਖਿਆ ਗਿਆ ਹੈ, 'ਅਕਾਲ ਤਖਤ ਸਾਹਿਬ ਦੇ ਜਥੇਦਾਰ ਸਮੇਤ ਹੋਰ ਤਖਤਾਂ ਦੇ ਜਥੇਦਾਰਾਂ ਵੱਲੋਂ ਕੀਤੇ ਗਏ ਫੈਸਲਿਆਂ ਕਾਰਨ ਸਿੱਖ ਪੰਥ ਅੰਦਰ ਵੱਡੀ ਦੁਬਿਧਾ ਬਣੀ ਹੋਈ ਹੈ। ਜਥੇਦਾਰਾਂ ਨੇ ਖਾਲਸਾ ਪੰਥ ਦੀਆਂ ਰਵਾਇਤਾਂ ਵਿਰੁੱਧ ਜਾ ਕੇ ਫੈਸਲੇ ਕੀਤੇ, ਜਿਸ ਨਾਲ ਸਮੁੱਚੇ ਪੰਥ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਉਹ ਸਹੀ ਢੰਗ ਨਾਲ ਖਾਲਸਾ ਪੰਥ ਦੀ ਤਰਜਮਾਨੀ ਨਹੀਂ ਕਰ ਸਕੇ ਤੇ ਨਾ ਹੀ ਅਜੋਕੀ ਸਥਿਤੀ ਵਿਚ ਪੰਥ ਨੂੰ ਸੁਯੋਗ ਅਗਵਾਈ ਦੇ ਸਕੇ ਹਨ। ਇਸ ਕਾਰਨ ਖਾਲਸਾ ਪੰਥ ਵੱਲੋਂ ਉਨ੍ਹਾਂ ਕੋਲੋਂ ਅਸਤੀਫੇ ਮੰਗੇ ਜਾ ਰਹੇ ਹਨ।' ਉਨ੍ਹਾਂ ਗੁਰਮਤੇ ਰਾਹੀਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੂੰ ਆਦੇਸ਼ ਕੀਤਾ ਕਿ ਪੰਥ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਪੰਜਾਂ ਤਖਤਾਂ ਦੇ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕੀਤੀਆਂ ਜਾਣ। ਉਨ੍ਹਾਂ ਆਖਿਆ ਕਿ ਪੰਜ ਪਿਆਰਿਆਂ ਵੱਲੋਂ 21 ਅਕਤੂਬਰ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ, ਤਖਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਤੇ ਤਖਤ ਹਜ਼ੂਰ ਸਾਹਿਬ ਦੇ ਨੁਮਾਇੰਦੇ ਗਿਆਨੀ ਰਾਮ ਸਿੰਘ ਨੂੰ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਸਬੰਧੀ ਲਏ ਫੈਸਲੇ ਬਾਰੇ ਸਪਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ, ਪਰ ਕੋਈ ਵੀ ਜਥੇਦਾਰ ਹਾਜ਼ਰ ਨਹੀਂ ਹੋਇਆ। ਉਨ੍ਹਾਂ ਦੋਸ਼ ਲਾਇਆ ਕਿ ਜਥੇਦਾਰਾਂ ਨੇ ਪੰਥਕ ਰਵਾਇਤਾਂ ਨੂੰ ਮੁੜ ਅਣਦੇਖਿਆ ਕੀਤਾ ਹੈ। ਅੰਤ੍ਰਿੰਗ ਕਮੇਟੀ ਨੂੰ ਫੈਸਲਾ ਤੁਰੰਤ ਲਾਗੂ ਕਰਨ ਦੀ ਹਦਾਇਤ ਕਰਦਿਆਂ ਉਨ੍ਹਾਂ ਆਖਿਆ ਕਿ ਜਥੇਦਾਰਾਂ ਨੂੰ ਦਿੱਤੀਆਂ ਜਾ ਰਹੀਆਂ ਸਾਰੀਆਂ ਸਹੂਲਤਾਂ ਵੀ ਵਾਪਸ ਲੈ ਲਈਆਂ ਜਾਣ।

ਸ਼੍ਰੋਮਣੀ ਕਮੇਟੀ ਵੱਲੋਂ ਮੁਅੱਤਲ ਕਰਨ ਬਾਰੇ ਉਨ੍ਹਾਂ ਕਿਹਾ ਕਿ ਪੰਜ ਪਿਆਰਿਆਂ ਨੂੰ ਕੋਈ ਵੀ ਮੁਅੱਤਲ ਨਹੀਂ ਕਰ ਸਕਦਾ। ਜਦੋਂ ਉਹ ਸਾਧਾਰਨ ਕਰਮਚਾਰੀ ਜਾਂ ਮਨੁੱਖ ਹਨ ਤਾਂ ਉਨ੍ਹਾਂ 'ਤੇ ਇਹ ਫੈਸਲਾ ਲਾਗੂ ਹੁੰਦਾ ਹੈ, ਪਰ ਪੰਜ ਪਿਆਰਿਆਂ ਉਤੇ ਅਜਿਹੇ ਫੈਸਲੇ ਲਾਗੂ ਨਹੀਂ ਹੁੰਦੇ।

ਪੰਜ ਪਿਆਰੇ ਜਦੋਂ ਅਕਾਲ ਤਖਤ ਸਾਹਿਬ ਵਿਖੇ ਇਕੱਤਰਤਾ ਕਰ ਰਹੇ ਸਨ ਤਾਂ ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਹੋਰ ਅਮਲਾ ਵੀ ਮੌਜੂਦ ਸੀ। ਇਥੇ ਟਾਸਕ ਫੋਰਸ ਵੀ ਤਾਇਨਾਤ ਕੀਤੀ ਗਈ ਸੀ, ਪਰ ਪੰਜ ਪਿਆਰਿਆਂ ਨੂੰ ਆਉਣ ਤੇ ਮੀਟਿੰਗ ਕਰਨ ਤੋਂ ਕਿਸੇ ਨੇ ਨਹੀਂ ਰੋਕਿਆ।

## ਭੌਰ ਵੱਲੋਂ ਪੰਜ ਪਿਆਰਿਆਂ ਦੇ ਫੈਸਲੇ ਦਾ ਸਮਰਥਨ

**ਚੰਡੀਗੜ੍ਹ:** ਪੰਜ ਪਿਆਰਿਆਂ ਬਾਰੇ ਫੈਸਲਾ ਪ੍ਰਧਾਨ ਦਾ ਨਿੱਜੀ ਫੈਸਲਾ ਹੈ, ਸ਼੍ਰੋਮਣੀ ਕਮੇਟੀ ਦਾ ਨਹੀਂ ਹੈ। ਉਹ ਇਸ ਲਈ ਜਵਾਬਦੇਹ ਹਨ। ਜਦੋਂ ਅੰਤਰਿੰਗ ਕਮੇਟੀ ਕੋਈ ਫੈਸਲਾ ਕਰਦੀ ਹੈ ਤਾਂ ਉਹ ਸ਼੍ਰੋਮਣੀ ਕਮੇਟੀ ਦਾ ਫੈਸਲਾ ਹੁੰਦਾ ਹੈ। ਇਹ ਗੱਲ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਕਹੀ ਹੈ। ਉਨ੍ਹਾਂ ਜਥੇਦਾਰਾਂ ਵੱਲੋਂ ਪੰਜ ਪਿਆਰਿਆਂ ਦਾ ਫੈਸਲਾ ਨਾ ਮੰਨਣ ਉਤੇ ਕਿਹਾ ਕਿ ਜਥੇਦਾਰ ਜੋ ਮਰਜ਼ੀ ਗਲਤੀ ਕਰ ਦੇਣ, ਜਿਸ ਮਰਜ਼ੀ ਸੰਸਥਾ ਦਾ ਅਪਮਾਨ ਕਰ ਦੇਣ, ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਹੀ ਨਹੀਂ। ਅਜਿਹਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜੇਕਰ ਪੰਜ ਪਿਆਰਿਆਂ ਨੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਜਥੇਦਾਰਾਂ ਨੂੰ ਤਲਬ ਕੀਤਾ ਸੀ ਤਾਂ ਉਨ੍ਹਾਂ ਨੂੰ ਆਉਣਾ ਚਾਹੀਦਾ ਸੀ।

## ਜਥੇਦਾਰਾਂ ਨੂੰ ਤਲਬ ਨਹੀਂ ਕਰ ਸਕਦੇ ਪੰਜ ਪਿਆਰੇ



**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਪੰਜ ਪਿਆਰਿਆਂ ਕੋਲ ਜਥੇਦਾਰਾਂ ਨੂੰ ਤਲਬ ਕਰਨ ਦਾ ਕੋਈ ਹੱਕ ਨਹੀਂ ਹੈ ਤੇ ਉਨ੍ਹਾਂ ਵੱਲੋਂ ਦਿੱਤਾ ਗਿਆ ਗੁਰਮਤਾ ਸਿੱਖ ਸਿਧਾਂਤਾਂ ਅਨੁਸਾਰ ਨਹੀਂ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਸੰਚਾਰ, ਸਿੱਖ ਧਰਮ ਦਾ ਪ੍ਰਚਾਰ ਤੇ ਨਗਰ ਕੀਰਤਨਾਂ ਵਿਚ ਅਗਵਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੋਈ ਹੈ ਤੇ ਅਜਿਹੇ ਫੈਸਲੇ ਕਰਨਾ ਉਨ੍ਹਾਂ ਦੇ ਅਧਿਕਾਰ ਖੇਤਰ ਹੇਠ ਨਹੀਂ ਆਉਂਦਾ ਹੈ। ਸਿੱਖ ਇਤਿਹਾਸ ਵਿਚ ਹੁਣ ਤੱਕ ਅਜਿਹਾ ਕਦੇ ਵੀ ਨਹੀਂ ਹੋਇਆ ਹੈ ਕਿ ਪੰਜ ਪਿਆਰਿਆਂ ਵੱਲੋਂ ਤਖਤਾਂ ਦੇ ਜਥੇਦਾਰਾਂ ਨੂੰ ਤਲਬ ਕੀਤਾ ਗਿਆ ਹੋਵੇ।

# ਸ਼੍ਰੋਮਣੀ ਕਮੇਟੀ ਪ੍ਰਧਾਨ ਅੱਗੇ ਵਗ੍ਹਾ ਮਾਰਿਆ ਅਸਤੀਫਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਮੁਲਾਜ਼ਮ ਰਮਨਦੀਪ ਸਿੰਘ ਨੇ ਰੋਸ ਵਜੋਂ ਪ੍ਰਧਾਨ ਅਵਤਾਰ ਸਿੰਘ ਸਾਹਮਣੇ ਆਪਣਾ ਅਸਤੀਫਾ ਸੁੱਟਿਆ। ਅਵਤਾਰ ਸਿੰਘ ਉਸ ਵੇਲੇ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ ਕਿ ਅਚਾਨਕ ਰਮਨਦੀਪ ਸਿੰਘ ਨੇ ਆਪਣਾ ਲਿਖਤ ਅਸਤੀਫਾ ਉਨ੍ਹਾਂ ਵੱਲ ਸੁੱਟ ਦਿੱਤਾ। ਰਮਨਦੀਪ ਮੁਤਾਬਕ ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਪਿਆਰਿਆਂ ਨੂੰ ਮੁਅੱਤਲ ਕਰਨ ਤੇ ਹੋਰ ਪੰਥ ਵਿਰੋਧੀ ਫੈਸਲੇ ਲੈਣ ਦੇ ਰੋਸ ਵਜੋਂ ਅਸਤੀਫਾ ਦਿੱਤਾ ਹੈ। ਰਮਨਦੀਪ ਸਿੰਘ ਨੇ ਪ੍ਰਧਾਨ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਇਸ ਤੋਂ ਪਹਿਲਾਂ ਅਕਾਲ ਤਖਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ



ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਉਨ੍ਹਾਂ ਨੂੰ ਮੁਅੱਤਲ ਕੀਤੇ ਜਾਣ ਦੇ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਚੁੱਕੇ ਹਨ।

# ਵਿਦੇਸ਼ਾਂ ਵਿਚ ਸਿੱਖਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ

**ਲੰਡਨ:** ਪੰਜਾਬ ਪੁਲਿਸ ਦੇ ਜਬਰ ਖਿਲਾਫ ਇਥੇ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਕੀਤੇ ਜਾ ਰਹੇ ਪ੍ਰਦਰਸ਼ਨ ਦੇ ਹਿੰਸਕ ਹੋਣ ਕਾਰਨ ਇਕ ਪੁਲਿਸ ਅਧਿਕਾਰੀ ਜਖਮੀ ਹੋ ਗਿਆ, ਜਿਸ ਮਗਰੋਂ ਬਰਤਾਨੀਆ ਪੁਲਿਸ ਨੇ 20 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰ ਕਰ ਲਿਆ। ਸਿੱਖ ਲਾਈਵਜ਼ ਮੈਟਰਜ਼ ਜਥੇਬੰਦੀ ਦੇ ਸੈਂਕੜੇ ਪ੍ਰਦਰਸ਼ਨਕਾਰੀ ਧਰਨਾ ਦੇਣ ਲਈ ਇਕੱਠੇ ਹੋਏ, ਪਰ ਸ਼ਾਂਤੀਪੂਰਨ ਸ਼ੁਰੂ ਹੋਇਆ ਇਹ ਪ੍ਰਦਰਸ਼ਨ ਬਾਅਦ ਵਿਚ ਹਿੰਸਕ ਹੋ ਗਿਆ। ਇਸ ਕਾਰਨ ਪੁਲਿਸ ਨੂੰ ਮਿਡਲ ਲੰਡਨ ਵਿਚ ਭਾਰਤੀ ਮਿਸ਼ਨ ਦੇ ਨੇੜਲੇ ਇਲਾਕਿਆਂ ਦੀ ਘੇਰਾਬੰਦੀ ਕਰਨੀ ਪਈ। ਪੁਲਿਸ ਨੇ ਦੱਸਿਆ ਕਿ ਉਸ ਨੂੰ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਪ੍ਰਦਰਸ਼ਨ ਦੀ ਜਾਣਕਾਰੀ ਸੀ, ਪਰ ਪ੍ਰਦਰਸ਼ਨਕਾਰੀਆਂ ਨੇ ਸੜਕ ਬੰਦ ਕਰਕੇ ਆਵਾਜਾਈ ਰੋਕ ਦਿੱਤੀ ਜਿਸ ਕਾਰਨ ਪੁਲਿਸ ਨੂੰ ਕਾਰਵਾਈ ਕਰਨ ਲਈ ਮਜਬੂਰ ਹੋਣਾ ਪਿਆ। ਮੈਟਰੋ ਪੋਲਿਟਨ ਪੁਲਿਸ ਸਰਵਿਸ ਨੇ ਇਕ ਬਿਆਨ ਵਿਚ ਕਿਹਾ ਕਿ ਭਾਵੇਂ ਸ਼ੁਰੂ ਵਿਚ ਪ੍ਰਦਰਸ਼ਨ ਸ਼ਾਂਤੀਪੂਰਨ ਸੀ, ਪਰ ਬਾਅਦ ਵਿਚ ਉਨ੍ਹਾਂ ਨੇ ਐਡਵਿਚ ਦੀ ਸੜਕ ਜਾਮ ਕਰ ਦਿੱਤੀ। ਇਸ ਦੌਰਾਨ ਪ੍ਰਦਰਸ਼ਨਕਾਰੀ ਹਿੰਸਕ ਹੋ ਗਏ। ਇਸ ਕਾਰਨ ਇਕ ਪੁਲਿਸ ਅਧਿਕਾਰੀ ਦੇ ਸਿਰ 'ਤੇ ਸੱਟ ਵੱਜੀ ਤੇ ਉਸ ਨੂੰ ਹਸਪਤਾਲ ਵਿਚ ਭਰਤੀ ਕਰਵਾਉਣਾ ਪਿਆ।



# ਜਥੇਦਾਰਾਂ ਬਾਰੇ ਫੈਸਲੇ ਪਿੱਛੋਂ ਧਰਮ ਸੰਕਟ ਵਿਚ ਫਸਿਆ ਅਕਾਲੀ ਦਲ

**ਚੰਡੀਗੜ੍ਹ:** ਪੰਜ ਪਿਆਰਿਆਂ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਤਖਤਾਂ ਦੇ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕਰਨ ਦੇ ਦਿੱਤੇ ਹੁਕਮ ਤੇ ਲੋਕਾਂ ਵੱਲੋਂ ਉਨ੍ਹਾਂ ਨੂੰ ਦਿੱਤੀ ਜਾ ਰਹੀ ਹਮਾਇਤ ਕਾਰਨ ਅਕਾਲੀ ਲੀਡਰਸ਼ਿਪ ਬੁਰੀ ਤਰ੍ਹਾਂ ਘਿਰ ਗਈ ਹੈ। ਇਸ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਵੱਲੋਂ ਇਸ ਮਾਮਲੇ ਉਤੇ ਦਲ ਦੇ ਸੀਨੀਅਰ ਆਗੂਆਂ ਨਾਲ ਗੂੜ੍ਹ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ।



ਦੋਵੇਂ ਬਾਦਲਾਂ ਨੇ ਪਾਰਟੀ ਦੇ ਸੀਨੀਅਰ ਆਗੂਆਂ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨਾਲ ਲੰਬਾ ਸਮਾਂ ਮੀਟਿੰਗ ਕੀਤੀ। ਸਰਕਾਰ ਤੇ ਹਾਕਮ ਪਾਰਟੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਰਾਜ ਭਰ ਵਿਚ ਫੈਲੇ ਰੋਸ ਦੇ ਮੱਠਾ ਪੈਣ ਨਾਲ ਰਤਾ ਸੁੱਖ ਦਾ ਸਾਹ ਲਿਆ ਸੀ ਕਿ ਅਕਾਲ ਤਖਤ ਉਤੇ ਵਾਪਰੀਆਂ ਘਟਨਾਵਾਂ ਨੇ ਅਕਾਲੀ ਦਲ ਨੂੰ ਰਾਜਸੀ ਤੇ ਧਾਰਮਿਕ ਤੌਰ ਉਤੇ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ।ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਸਰਗਰਮੀਆਂ ਦਾ ਕੇਂਦਰ ਬਣੀ ਹੋਈ ਹੈ।

ਪੰਜ ਤਖਤਾਂ ਦੇ ਜਥੇਦਾਰਾਂ ਨੂੰ ਬਦਲਣ, ਹਾਲੀਆ ਘਟਨਾਵਾਂ ਦੇ ਪਾਰਟੀ ਉਤੇ ਪੈਣ ਵਾਲੇ ਸਿਆਸੀ ਅਸਰ ਤੇ ਭਵਿੱਖ ਦੀ ਰਾਜਸੀ ਤੇ ਧਾਰਮਿਕ ਰਣਨੀਤੀ ਨੂੰ ਅਕਾਲੀ ਦਲ ਵੱਲੋਂ ਇਕ ਤੋਂ ਬਾਅਦ ਮੀਟਿੰਗ ਕਰਕੇ ਵਿਚਾਰਿਆ ਜਾ ਰਿਹਾ ਹੈ। ਪਾਰਟੀ ਅੰਦਰਲੀ ਬਗਾਵਤ ਨੂੰ ਠੱਲ੍ਹ ਪਾਉਣ ਤੇ ਹੋਣ ਵਾਲੇ ਨੁਕਸਾਨ ਉਤੇ ਵੀ ਚਰਚਾ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਪਾਰਟੀ ਦੇ ਸੀਨੀਅਰ ਆਗੂਆਂ ਨੇ ਮੀਟਿੰਗ ਦੌਰਾਨ ਕਿਹਾ ਕਿ ਤਖਤਾਂ ਦੇ ਜਥੇਦਾਰਾਂ ਖਿਲਾਫ ਲੋਕਾਂ ਵਿਚ ਰੋਸ ਹੈ, ਜਿਸ ਨੂੰ ਸ਼ਾਂਤ ਕਰਨ ਦਾ ਹੱਲ ਲੱਭਿਆ ਜਾਣਾ ਚਾਹੀਦਾ ਹੈ।

ਅਕਾਲੀ ਆਗੂਆਂ ਨੇ ਅਕਾਲ ਤਖਤ ਸਾਹਿਬ ਦੇ ਪੰਜ ਪਿਆਰਿਆਂ ਦੀ ਕਾਰਵਾਈ ਦੀ ਤਾਂ ਭਾਵੇਂ ਹਮਾਇਤ ਨਹੀਂ ਕੀਤੀ, ਪਰ ਇਹ ਵੀ ਕਿਹਾ ਕਿ ਮੌਜੂਦਾ ਹਾਲਾਤ ਵਿਚ ਜੇ ਪੰਜ ਪਿਆਰਿਆਂ ਖਿਲਾਫ ਕੋਈ ਕਾਰਵਾਈ ਕੀਤੀ ਜਾਂਦੀ ਹੈ ਤਾਂ ਉਸ ਦਾ ਗਲਤ ਅਸਰ ਪਵੇਗਾ ਕਿਉਂਕਿ ਲੋਕਾਂ ਦੀ ਹਮਾਇਤ ਉਨ੍ਹਾਂ ਨਾਲ ਹੈ। ਦੂਜੇ ਪਾਸੇ ਜੇ ਸ਼੍ਰੋਮਣੀ ਕਮੇਟੀ ਨੇ ਪੰਜ ਪਿਆਰਿਆਂ ਦੇ 'ਨਿਰਦੇਸ਼ਾਂ' ਨੂੰ ਮੰਨ ਲਿਆ ਤਾਂ ਭਵਿੱਖ ਵਿਚ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੀਟਿੰਗ ਵਿਚ ਪਾਰਟੀ ਵਿਚਲੀ ਬਗਾਵਤ ਤੇ ਲੋਕਾਂ ਵੱਲੋਂ ਪਾਰਟੀ ਆਗੂਆਂ ਦੇ ਘਿਰਾਓ ਕੀਤੇ ਜਾਣ ਉਤੇ ਵੀ ਚਰਚਾ ਕੀਤੀ ਗਈ, ਪਰ ਜ਼ਿਆਦਾ ਧਿਆਨ ਅਕਾਲ ਤਖਤ ਦੀਆਂ ਘਟਨਾਵਾਂ ਉਤੇ ਹੀ ਰਿਹਾ।

ਸੂਤਰਾਂ ਮੁਤਾਬਕ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਅੰਤ੍ਰਿੰਗ ਕਮੇਟੀ ਦੇ ਮੈਂਬਰ, ਜੋ ਮੀਟਿੰਗ ਵਿਚ ਹਾਜ਼ਰ ਸਨ, ਨੂੰ ਕਿਹਾ ਗਿਆ ਹੈ ਕਿ ਪੰਜ ਪਿਆਰਿਆਂ ਨਾਲ ਗੱਲਬਾਤ ਦਾ ਰਾਹ ਖੋਲ੍ਹ ਕੇ ਕੋਈ ਹੱਲ ਕੱਢਣ ਦਾ ਯਤਨ ਕੀਤਾ ਜਾਵੇ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਆਪਣਾ ਨਾਮ ਗੁਪਤ ਰੱਖਦਿਆਂ ਕਿਹਾ ਕਿ ਤਾਜ਼ਾ ਪੰਥਕ ਸੰਕਟ, ਰਾਜਸੀ ਤੇ ਸਿਆਸੀ ਪੱਖਾਂ ਤੋਂ ਬੇਹੱਦ ਗੰਭੀਰ ਹੈ। ਇਸ ਲਈ ਅਕਾਲੀ ਲੀਡਰਸ਼ਿਪ ਨੂੰ ਬੜਾ ਸੋਚ-ਵਿਚਾਰ ਕੇ ਹੀ ਫੈਸਲੇ ਲੈਣੇ ਪੈਣਗੇ। ਇਕ ਸੀਨੀਅਰ ਆਗੂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਤੋਂ ਲੋਕਾਂ ਵਿਚ ਹੋ ਰਹੀਆਂ ਟਿੱਪਣੀਆਂ ਦੀ ਵੀ ਚਰਚਾ ਕੀਤੀ ਤੇ ਕਿਹਾ ਕਿ ਇਸ ਧਾਰਮਿਕ ਸੰਸਥਾ ਨੂੰ ਧਾਰਮਿਕ ਰਵਾਇਤਾਂ ਮੁਤਾਬਕ ਹੀ ਚਲਾਇਆ ਜਾਵੇ ਤਾਂ ਜ਼ਿਆਦਾ ਠੀਕ ਹੈ। ਮੀਟਿੰਗ ਵਿਚ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਬਲਵਿੰਦਰ ਸਿੰਘ ਭੂੰਦੜ, ਸੇਵਾ ਸਿੰਘ ਸੇਖਵਾਂ, ਸੁੱਚਾ ਸਿੰਘ ਲੰਗਾਹ ਆਦਿ ਮੌਜੂਦ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ 26 ਅਕਤੂਬਰ ਨੂੰ ਚੰਡੀਗੜ੍ਹ ਵਿਚ ਸੱਦੀ ਗਈ ਹੰਗਾਮੀ ਇਕੱਤਰਤਾ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਫੈਸਲਾ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਚੰਡੀਗੜ੍ਹ ਵਿਚ ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ।

## ਸਿਆਸੀ ਤਾਕਤਾਂ ਨੂੰ ਵਿਕਾਸ ਹਜ਼ਮ ਨਾ ਹੋਇਆ: ਸੁਖਬੀਰ

**ਫ਼ਿਰੋਜ਼ਪੁਰ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਬੇਅਦਬੀ ਦੇ ਮਾਮਲਿਆਂ ਦਾ ਸਿੱਧਾ ਸਬੰਧ ਪੰਜਾਬ, ਸ਼੍ਰੋਮਣੀ ਅਕਾਲੀ ਦਲ, ਅਕਾਲ ਤਖਤ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੀਆਂ ਸੰਸਥਾਵਾਂ ਨੂੰ ਕਮਜ਼ੋਰ ਕਰਨਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਮੈਂਬਰਾਂ, ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਉਤੇ ਹੋਏ ਹਮਲੇ ਸਿਆਸੀ ਸਾਜ਼ਿਸ਼ ਦਾ ਹਿੱਸਾ ਜਾਪਦੇ ਹਨ। ਕੁਝ ਸਿਆਸੀ ਤਾਕਤਾਂ ਨੂੰ ਪੰਜਾਬ ਦਾ ਵਿਕਾਸ ਹਜ਼ਮ ਨਹੀਂ ਹੋ ਰਿਹਾ। ਇਸ ਕਰਕੇ ਉਹ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਰਹੇ ਹਨ।

## ਬਾਦਲ 'ਪੰਥ ਰਤਨ' ਦੀ ਉਪਾਧੀ ਵਾਪਸ ਕਰੇ: ਬਾਜਵਾ



**ਸ੍ਰੀ ਆਨੰਦਪੁਰ ਸਾਹਿਬ:** ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਾਰਜਕਾਲ ਦੌਰਾਨ ਸਿੱਖ ਕੌਮ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋਈ ਹੈ ਤੇ ਸਿੱਖ ਸੰਸਥਾਵਾਂ ਦਾ ਰਾਜਸੀਕਰਨ ਹੋਇਆ ਹੈ, ਇਸ ਲਈ ਉਹ 'ਪੰਥ ਰਤਨ' ਅਖਵਾਉਣ ਦੇ ਹੱਕਦਾਰ ਨਹੀਂ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਅਕਾਲ ਤਖਤ ਤੋਂ ਮਿਲੀ 'ਪੰਥ ਰਤਨ ਫਖ਼ਰੇ ਕੌਮ' ਦੀ ਉਪਾਧੀ ਨੂੰ ਵਾਪਸ ਕਰਨ ਤਾਂ ਜੋ ਦੇਸਾਂ-ਵਿਦੇਸਾਂ ਵਿਚ ਵਸਦੇ ਸਿੱਖਾਂ ਦੇ ਮਨਾਂ ਨੂੰ ਸ਼ਾਂਤੀ ਮਿਲ ਸਕੇ।

# ਗੁਰਦੁਆਰਾ ਓਕ ਕਰੀਕ ਵਿਖੇ ਬੋਨ ਮੈਰੋ ਕੈਂਪ







**ਓਕ ਕਰੀਕ, ਵਿਸਕਾਨਸਿਨ (ਬਿਊਰੋ):** ਲੰਘੇ ਐਤਵਾਰ ਇਥੇ ਗੁਰਦੁਆਰਾ ਸਿੱਖ ਟੈਂਪਲ, ਓਕ ਕਰੀਕ ਵਿਖੇ ਇਕ ਬੋਨ ਮੈਰੋ ਡੋਨਰ ਕੈਂਪ ਲਾਇਆ ਗਿਆ ਜਿਸ ਵਿਚ ਮਿਲਵਾਕੀ ਦੀ ਸੰਗਤ ਵਿਚੋਂ ਕਾਫੀ ਸਾਰੇ ਦਾਨੀਆਂ ਨੇ ਇਸ ਖਾਤਰ ਆਪਣੇ ਨਾਂ ਦਰਜ ਕਰਵਾਏ।

ਇਸ ਉਪਰਾਲੇ ਦਾ ਮਕਸਦ ਇਸ ਸਮੇਂ ਟੋਰਾਂਟੋ ਦੇ ਇਕ ਹਸਪਤਾਲ ਵਿਚ ਦਾਖਲ ਜਸਨੂਰ ਸਿੰਘ ਦਿਓਲ ਦੀ ਜਾਨ ਬਚਾਉਣਾ ਹੈ ਪਰ ਇਸ ਉਪਰਾਲੇ ਰਾਹੀਂ ਉਨ੍ਹਾਂ ਲੋੜਵੰਦਾਂ ਦੀ ਵੀ ਮਦਦ ਕੀਤੀ ਜਾ ਸਕਦੀ ਹੈ ਜਿਨ੍ਹਾਂ ਦਾ ਬੋਨ ਮੈਰੋ ਗਰੁਪ ਮੇਲ ਖਾਂਦਾ ਹੈ। ਦਾਨੀਆਂ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਸ ਦੀ ਬਖਸ਼ਿਸ਼ ਨਾਲ ਜਸਨੂਰ ਦੇ ਗਰੁਪ ਨਾਲ ਮੈਚ ਕਰਦਾ ਬੋਨ ਮੈਰੋ ਮਿਲ ਜਾਵੇ। ਉਂਜ ਇਸ ਦੀ ਸੰਭਾਵਨਾ 10 ਲੱਖ ਪਿਛੇ ਇਕ ਹੀ ਹੈ।

ਹੋਰ ਜਾਣਕਾਰੀ ਲਈ ਸੁਰਿੰਦਰ ਪਾਂਗਲੀ ਨਾਲ ਫੋਨ 608-334-8232 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਅਹਿਮਦ ਵੱਲੋਂ ਅਮਰੀਕਾ ਨੂੰ ਅਲਵਿਦਾ



**ਹਿਊਸਟਨ:** ਆਪਣੀ ਬਣਾਈ ਘੜੀ ਕਾਰਨ ਚਰਚਾ ਵਿਚ ਆਇਆ ਵਿਦਿਆਰਥੀ ਅਹਿਮਦ ਮੁਹੰਮਦ ਅਮਰੀਕਾ ਨੂੰ ਅਲਵਿਦਾ ਕਹਿਣ ਜਾ ਰਿਹਾ ਹੈ। ਅਹਿਮਦ ਆਪਣੀ ਪੜ੍ਹਾਈ ਪੂਰੀ ਕਰਨ ਲਈ ਪਰਿਵਾਰ ਨਾਲ ਕਤਰ ਜਾ ਰਿਹਾ ਹੈ। ਅਹਿਮਦ ਨੂੰ 'ਕਤਰ ਫਾਊਂਡੇਸ਼ਨ ਫਾਰ ਐਜੂਕੇਸ਼ਨ, ਸਾਇੰਸ ਐਂਡ ਕਮਿਊਨਿਟੀ ਡੈਵਲਪਮੈਂਟ' ਨੇ ਸਕਾਲਰਸ਼ਿਪ ਦਿੱਤੀ ਹੈ, ਜਿਸ ਨੂੰ ਉਸ ਨੇ ਮਨਜ਼ੂਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ 14 ਸਾਲਾ ਅਹਿਮਦ ਨੂੰ ਗ੍ਰਿਫਤਾਰ ਕਰ ਲਿਆ ਸੀ। ਉਸ ਨੇ ਇਕ ਡਿਜੀਟਲ ਘੜੀ ਬਣਾਈ ਸੀ, ਜਿਸ ਨੂੰ ਉਸ ਦੀ ਟੀਚਰ ਨੇ ਗਲਤੀ ਨਾਲ ਬੰਬ ਸਮਝ ਲਿਆ ਸੀ।

ਹਾਲਾਂਕਿ ਬਾਅਦ ਵਿਚ ਉਸ ਨੂੰ ਛੱਡ ਦਿੱਤਾ ਗਿਆ ਸੀ। ਮੁਹੰਮਦ ਦੀ ਗ੍ਰਿਫਤਾਰੀ ਦੇ ਮੁੱਦੇ ਤੇ ਕਾਫੀ ਬਵਾਲ ਹੋਇਆ ਸੀ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਇਸ ਮਾਮਲੇ ਵਿਚ ਦਖਲ ਦੇਣ ਮਗਰੋਂ ਵਾਈਟ ਹਾਊਸ ਵਿਚ ਅਹਿਮਦ ਦਾ ਸਵਾਗਤ ਵੀ ਕੀਤਾ ਗਿਆ। ਕਤਰ ਜਾਣ ਦੇ ਫੈਸਲੇ ਉਤੇ ਅਹਿਮਦ ਦਾ ਕਹਿਣਾ ਹੈ ਕਿ ਕਤਰ ਸੋਹਣਾ ਦੇਸ਼ ਹੈ ਤੇ ਉਸ ਨੂੰ ਦੋਹਾ ਬਹੁਤ ਪਸੰਦ ਵੀ ਹੈ।


**Anu Attorney**
**Professional Law Group, PLLC.**

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
Attorney at Law
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



**Punjabi American Organization**
*Proudly Present*

**Diwali Dhamaka 2015**
**November 6th** (Friday)
@ Waterford Banquet
933 S Riverside Dr, Elmhurst, IL 60126 Ph: (630) 279-0270





*Singer Rohit Parekh and Pavithra Anand*

The evening will include Live Orchestra and DJ, Music, Singing, Dance, Fireworks and much more!

Tickets: VIP, Adult: $50
Kids 6-18: $25
Kids under 5 are free

*Appetizers - Dinner - 4 Hour Open Bar*

Time:
8:00 PM to Midnight

*For More Info.:*
Nahia Walia 847-687-9074
Davinder Singh 847-708-3439
Savi S. Attal 847-630-4916
Navjot Bajwa 312-446-4432
Gulzar S. Multani 708-774-2999
Jesee Singh 847-606-3664
Sukhwinder Hunjan 312-909-5354
Aarti Singla 630-479-3661
Paul Dandona 815-505-5767
Nick Gakhal 630-688-3570
Manisha Garg 224-626-8360
Jasbir Suga 708-715-1734

# ਸਵਾਤ ਵਾਦੀ ਦਾ ਸੁਰ ਗਜ਼ਾਲਾ ਜਾਵੇਦ




ਆਮਨਾ ਅਮੀਨ, ਲਾਹੌਰ

ਪਾਕਿਸਤਾਨੀ ਗਾਇਕਾ ਗਜ਼ਾਲਾ ਜਾਵੇਦ ਨੂੰ ਸਿਰਫ 24 ਸਾਲ ਦੀ ਜ਼ਿੰਦਗੀ ਮਿਲੀ। ਇਸ ਨਿੱਕੇ ਜਿਹੇ ਸਫਰ ਦੌਰਾਨ ਉਸ ਨੇ ਅਜਿਹੀਆਂ ਯਾਦਾਂ ਛੱਡ ਦਿੱਤੀਆਂ ਜਿਹੜੀਆਂ ਉਸ ਨੂੰ ਚਿਰਾਂ ਤੱਕ ਜਿੰਦਾ ਰੱਖਣਗੀਆਂ। ਗਜ਼ਾਲਾ ਜਾਵੇਦ ਪਸ਼ਤੋ ਵਿਚ ਗਾਉਂਦੀ ਹੁੰਦੀ ਸੀ। ਉਹ ਪਾਕਿਸਤਾਨ ਵਿਚ ਹੀ ਨਹੀਂ, ਅਫਗਾਨਿਸਤਾਨ ਵਿਚ ਵੀ ਬੜੀ ਮਕਬੂਲ ਹੋਈ ਅਤੇ ਲੋਕਾਂ ਨੇ ਉਸ ਦੇ ਗੀਤ ਲੱਭ ਲੱਭ ਕੇ ਸੁਣੇ ਤੇ ਆਪਣੇ ਹੋਰ ਸਾਥੀਆਂ ਨੂੰ ਵੀ ਸੁਣਾਏ। ਗਜ਼ਾਲਾ ਜਾਵੇਦ ਦਾ ਜਨਮ ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਵਿਚ ਪੈਂਦੀ ਸਵਾਤ ਘਾਟੀ ਵਿਚ ਹੋਇਆ। ਰਿਕਾਰਡ ਅਨੁਸਾਰ ਉਸ ਦੀ ਜਨਮ ਤਰੀਕ ਪਹਿਲੀ ਜਨਵਰੀ 1988 ਦੀ ਹੈ। ਉਸ ਨੇ 2004 ਵਿਚ ਗਾਉਣਾ ਆਰੰਭ ਕੀਤਾ ਜਦੋਂ ਉਹ 16 ਵਰ੍ਹਿਆਂ ਦੀ ਸੀ। ਆਪਣੀ ਆਵਾਜ਼ ਦੇ ਦਮ ਉਤੇ ਉਸ ਨੇ ਸੰਗੀਤ ਦੀ ਦੁਨੀਆਂ ਵਿਚ ਛੇਤੀ ਹੀ ਆਪਣੀ ਖਾਸ ਥਾਂ ਬਣਾ ਲਈ। 2007 ਵਿਚ ਜਦੋਂ ਸਵਾਤ ਘਾਟੀ ਵਿਚ ਤਾਲਿਬਾਨ ਦੀ ਚੜ੍ਹਤ ਹੋਈ ਤਾਂ ਉਨ੍ਹਾਂ ਨੇ ਸੰਗੀਤ ਅਤੇ ਫਿਲਮਾਂ ਉਤੇ ਰੋਕਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗਜ਼ਾਲਾ ਦੇ ਪਰਿਵਾਰ ਨੇ ਪੇਸ਼ਾਵਰ ਜਾਣ ਦਾ ਫੈਸਲਾ ਕਰ ਲਿਆ। ਇਹ ਥਾਂ ਤਬਦੀਲੀ ਗਜ਼ਾਲਾ ਜਾਵੇਦ ਨੂੰ ਬੜੀ ਰਾਸ ਆਈ। ਪੇਸ਼ਾਵਰ ਆਉਣ ਤੋਂ ਬਾਅਦ ਉਸ ਦੇ ਗੀਤ ਸਰਹੱਦ ਪਾਰ ਕਰ ਕੇ ਪਹਿਲਾਂ ਅਫਗਾਨਿਸਤਾਨ ਅਤੇ ਫਿਰ ਸੰਸਾਰ ਦੇ ਹੋਰ ਹਿੱਸਿਆਂ ਵਿਚ ਪੁੱਜ ਗਏ। ਸੰਸਾਰ ਕਲਾਵੇ ਵਿਚ ਆਉਣ ਤੋਂ ਬਾਅਦ ਉਸ ਨੂੰ ਦੁਬਈ ਅਤੇ ਕਾਬੁਲ ਵਿਚ ਪ੍ਰੋਗਰਾਮ ਕਰਨ ਦਾ ਮੌਕਾ ਮਿਲਿਆ। ਉਸ ਨੇ ਵਿਆਹ ਵਾਲੀਆਂ ਪਾਰਟੀਆਂ ਵਿਚ ਵੀ ਗਾਉਣਾ ਆਰੰਭ ਕਰ ਦਿੱਤਾ। ਉਸ ਨੂੰ ਇਕ ਪ੍ਰਗਰਾਮ ਦੇ 12 ਤੋਂ ਲੈ ਕੇ 15 ਹਜ਼ਾਰ ਡਾਲਰ ਤੱਕ ਮਿਲ ਜਾਂਦੇ ਸਨ। ਕਾਬੁਲ ਰੇਡੀਓ ਦਾ ਡਾਇਰੈਕਟਰ ਅਬਦੁੱਲ ਗਨੀ ਮੁਦੱਕਿਕ ਗਜ਼ਾਲਾ ਜਾਵੇਦ ਨੂੰ ਯਾਦ ਕਰਦਿਆਂ ਦੱਸਦਾ ਹੈ ਕਿ ਪਖਤੂਨ ਗਾਇਕਾਂ ਅਤੇ ਗਾਇਕਾਵਾਂ ਵਿਚੋਂ ਸਭ ਤੋਂ ਵੱਧ ਮਿਹਨਤਾਨਾ ਗਜ਼ਾਲਾ ਜਾਵੇਦ ਨੂੰ ਹੀ ਮਿਲਦਾ ਸੀ। ਕਾਬੁਲ ਰੇਡੀਓ ਉਤੇ ਉਹ ਬਹੁਤ ਮਕਬੂਲ ਸੀ ਅਤੇ ਲੋਕ ਵਾਰ ਵਾਰ ਉਸ ਦੇ ਗੀਤਾਂ ਦੀ ਫਰਮਾਇਸ਼ ਕਰਦੇ ਸਨ। 2010 ਵਿਚ ਉਹਦਾ ਨਾਂ ਫਿਲਮਫੇਅਰ ਪੁਰਸਕਾਰ ਲਈ ਨਾਮਜ਼ਦ ਹੋਇਆ ਸੀ ਅਤੇ 2011 ਵਿਚ ਉਸ ਨੂੰ ਖੈਬਰ ਪੁਰਸਕਾਰ ਨਾਲ ਨਵਾਜਿਆ ਗਿਆ।



ਗਜ਼ਾਲਾ ਜਾਵੇਦ ਦਾ ਵਿਆਹ 7 ਫਰਵਰੀ 2010 ਨੂੰ ਪੇਸ਼ਾਵਰ ਦੇ ਪ੍ਰਾਪਰਟੀ ਡੀਲਰ ਜਹਾਂਗੀਰ ਖਾਨ ਹੋਇਆ, ਪਰ ਛੇਤੀ ਹੀ ਦੋਹਾਂ ਵਿਚਕਾਰ ਅਣਬਣ ਹੋ ਗਈ। ਉਸ ਨੂੰ ਮਗਰੋਂ ਪਤਾ ਲੱਗਿਆ ਸੀ ਕਿ ਜਹਾਂਗੀਰ ਖਾਨ ਦੀ ਤਾਂ ਇਕ ਹੋਰ ਬੇਗਮ ਵੀ ਹੈ। ਉਹ ਆਪਣੇ ਅੱਬਾ ਕੋਲ ਆ ਗਈ। 12 ਅਕਤੂਬਰ ਨੂੰ ਉਸ ਨੇ ਤਲਾਕ ਲਈ ਅਰਜ਼ੀ ਪਾ ਦਿੱਤੀ। ਅਦਾਲਤ ਨੇ ਇਸ ਬਾਰੇ ਫੈਸਲਾ 4 ਦਸੰਬਰ 2011 ਨੂੰ ਸੁਣਾ ਦਿੱਤਾ। ਇਉਂ ਜਿੰਨੀ ਛੇਤੀ ਇਹ ਵਿਆਹ ਹੋਇਆ ਸੀ, ਉਨੀ ਹੀ ਛੇਤੀ ਇਹ ਟੁੱਟ ਵੀ ਗਿਆ। 18 ਜੂਨ 2012 ਵਾਲਾ ਦਿਨ ਗਜ਼ਾਲਾ ਜਾਵੇਦ ਲਈ ਆਖਰੀ ਦਿਨ ਹੋ ਨਿਬੜਿਆ। ਦੋ ਮੋਟਰਸਾਈਕਲ ਸਵਾਰ ਉਸ ਅਤੇ ਅਤੇ ਉਸ ਦੇ ਅੱਬਾ ਨੂੰ ਗੋਲੀ ਮਾਰ ਗਏ ਸਨ। ਦੋਹਾਂ ਦੀ ਹੀ ਮੌਤ ਹੋ ਗਈ। ਪਹਿਲਾਂ ਤਾਂ ਇਸ ਘਟਨਾ ਨੂੰ ਤਾਲਿਬਾਨ ਨਾਲ ਜੋੜਿਆ ਗਿਆ, ਪਰ ਬਾਅਦ ਵਿਚ ਮਸਲਾ ਹੋਰ ਹੀ ਨਿਕਲਿਆ ਜਿਸ ਤੋਂ ਸਾਰੇ ਦੰਗ ਰਹਿ ਗਏ। ਡੇਢ ਸਾਲ ਬਾਅਦ ਸਵਾਤ ਦੀ ਜ਼ਿਲ੍ਹਾ ਅਦਾਲਤ ਵਿਚ ਇਹ ਸਾਬਤ ਹੋ ਗਿਆ ਕਿ ਪਿਉ-ਧੀ ਦਾ ਕਤਲ ਗਜ਼ਾਲਾ ਜਾਵੇਦ ਦੇ ਸਾਬਕਾ ਖਾਵੰਦ ਜਹਾਂਗੀਰ ਖਾਨ ਨੇ ਕਰਵਾਇਆ ਸੀ। ਇਸ ਦੋਹਰੇ ਕਤਲ ਕੇਸ ਵਿਚ ਅਦਾਲਤ ਨੇ ਜਹਾਂਗੀਰ ਖਾਨ ਨੂੰ ਫਾਂਸੀ ਦੀ ਸਜ਼ਾ ਸੁਣਾਈ ਅਤੇ ਨਾਲ ਹੀ 7 ਕਰੋੜ ਜੁਰਮਾਨਾ ਵੀ ਲਾਇਆ। ਅਸਲ ਵਿਚ ਉਹ ਗਜ਼ਾਲਾ ਨੂੰ ਗਾਉਣ ਤੋਂ ਰੋਕਦਾ ਸੀ ਅਤੇ ਕਤਲ ਤੋਂ ਪਹਿਲਾਂ ਉਸ ਨੇ ਗਜ਼ਾਲਾ ਨੂੰ ਕਈ ਵਾਰ ਧਮਕੀਆਂ ਵੀ ਦਿੱਤੀਆਂ ਸਨ। ਉਸ ਦਾ ਕਹਿਣਾ ਸੀ ਕਿ ਗਜ਼ਾਲਾ ਵਿਆਹ ਪਾਰਟੀਆਂ ਵਿਚ ਬੜਾ ਭੱਦਾ ਨਾਚ ਕਰਦੀ ਹੈ। ਬਾਅਦ ਵਿਚ ਪੇਸ਼ਾਵਰ ਹਾਈ ਕੋਰਟ ਨੇ 22 ਮਈ 2014 ਨੂੰ ਜਹਾਂਗੀਰ ਖਾਨ ਨੂੰ ਬਰੀ ਕਰ ਦਿੱਤਾ ਕਿਉਂਕਿ ਉਸ ਨੇ ਪਿਉ-ਧੀ ਦੇ ਵਾਰਸਾਂ ਨਾਲ ਸਮਝੌਤਾ ਕਰ ਲਿਆ ਸੀ ਅਤੇ ਪੈਸਿਆਂ ਦੇ ਲੈਣ-ਦੇਣ ਪਿਛੋਂ ਉਨ੍ਹਾਂ ਕੇਸ ਵਾਪਸ ਲੈ ਲਿਆ ਸੀ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਨਵੰਬਰ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-193




*ਢਾਹ ਕੇ ਚੌਂਕਾ ਖੌਰੇ ਕਾਹਤੋਂ ਵਿਹੜਾ ਕਰ ਲਿਆ ਖੁੱਲ੍ਹਾ।*
*ਕੋਠੇ ਉਤੇ ਠੰਡਾ ਪਿਆ ਏ ਰੱਖਿਆ ਜਿਹੜਾ ਚੁੱਲ੍ਹਾ।*
*ਧੁੱਪੇ ਬਹਿ ਕੇ ਠੰਡ ਨਹੀਂ ਲਹਿੰਦੀ ਤਾਂ ਮੈਂ ਫੂਕਾਂ ਮਾਰਾਂ,*
*ਸੁੱਕਦੇ ਨੇ ਇਹ ਕੇਸ ਜਦੋਂ ਤੱਕ, ਲੁੱਟ ਲਾਂ ਮੌਜ ਬਹਾਰਾਂ।*

### ਕੈਪਸ਼ਨ ਮੁਕਾਬਲਾ-191



ਜੌਹਨ ਡੀਅਰ ਦੇ ਉਪਰ ਬਹਿ ਕੇ,
ਕਿਉਂ ਮਾਰੇਂ ਲਲਕਾਰੇ ਜੱਟਾ,
ਸਮਝ ਨੀ ਆਉਂਦਾ ਮੈਨੂੰ।
ਜੇ ਕੱਦੂ ਕਰਕੇ ਨਿੱਕਲੇ ਹੁੰਦੇ,
ਪਛਾਣ ਦੋਹਾਂ ਦੀ ਆਉਂਦੀ ਨਾ,
ਫੇਰ ਮੈਂ ਪੁੱਛਦਾ ਤੈਨੂੰ।

***-ਜਗਮੀਤ ਸਿੰਘ ਪੰਧੇਰ***
***ਪਿੰਡ: ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਬਲਦਾਂ ਦੇ ਗਲਾਂ ਵਿਚ ਪਾ ਕੇ ਟੱਲੀਆਂ
ਬੀਜਦੇ ਸੀ ਕਣਕ ਤੇ ਝੋਨਾ-ਛੱਲੀਆਂ।
ਪੰਜਾਬ ਵਿਚ ਜਦੋਂ ਟਰੈਕਟਰ ਆ ਗਏ
ਬਲਦ ਕਿਸਾਨਾਂ ਰੇਹੜਿਆਂ 'ਚ ਪਾ ਲਏ।
ਹਾੜੀ ਸਾਉਣੀ ਬੀਜ ਤੇ ਵੱਢ ਲੈਂਦੇ ਨੇ
ਪਲਾਂ ਵਿਚ ਪੱਕੀ ਫਸਲ ਕੱਢ ਲੈਂਦੇ ਨੇ।
ਟਰਾਲੀ ਵਿਚ ਲੱਦ ਫਸਲ ਮੰਡੀ ਵੇਚਦੇ
ਮਗਰ ਪਾ ਰੋਟਾਵੇਟਰ ਵੱਟ ਕੱਢੇ ਖੇਤ ਦੇ।
ਜੱਟਾਂ ਨੇ ਟਰੈਕਟਰ ਬਣਾ ਛੱਡੇ ਲਾਰੀਆਂ
ਕੱਢ ਆਉਂਦੇ ਨੇੜੇ ਦੀਆਂ ਪ੍ਰਹੁਣਚਾਰੀਆਂ।
ਟੋਚਨਾਂ ਤੇ ਰੇਸਾਂ ਵਿਚ ਨਾ ਭੰਨੋ ਚਲਦਾ
ਖੇਤੀ ਲਈ ਹੀ ਵਰਤੋ ਲੋਹੇ ਰੂਪੀ ਬਲਦਾ।

***-ਸਤਵਿੰਦਰ ਥਾਂਦੀ ਦੌਲਤਪੁਰੀ***
***ਇੰਡੀਆਨਾ।***

---

ਵਿਚ ਕੈਨੇਡਾ ਜਾਂ ਅਮਰੀਕਾ
ਜਾਪੇ ਇਹ ਪੰਜਾਬੀ ਸਰਦਾਰ।
ਜੌਹਨ ਡੀਅਰ ਉਤੇ ਬੈਠ ਕੇ
ਜਿਵੇਂ ਹੀਰ ਰਿਹਾ ਆਵਾਜ਼ਾਂ ਮਾਰ।
ਪੰਜਾਬੋਂ ਆਏ ਛੱਡ ਕੇ ਖੇਤੀ
ਘਰਾਂ ਨੂੰ ਮਾਰ ਕੇ ਜਿੰਦਰਾ।
ਇਥੇ ਚਲਾਉਂਦਾ ਏ ਜੌਹਨ ਡੀਅਰ
ਉਥੇ ਚਲਾਉਂਦਾ ਸੀ ਮਹਿੰਦਰਾ।
ਜ਼ਿੰਦਗੀ ਬਣ ਬਈ ਆ ਕੇ
ਵਿਚ ਅਮਰੀਕਾ-ਕੈਨੇਡਾ।
ਨਹੀਂ ਤਾਂ ਸਾਰੀ ਉਮਰ ਇੰਡੀਆ 'ਚ
ਖਾਣਾ ਸੀ ਫਿਰ ਠੇਡੇ 'ਤੇ ਠੇਡਾ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

## ਸਾਦਾ ਲੰਗਰ

ਗੁਰੂ ਘਰ ਵਿਚ ਹਫਤਾਵਾਰੀ ਦੀਵਾਨ ਚੱਲ ਰਹੇ ਸਨ। ਇਸ ਵਾਰ ਪ੍ਰਬੰਧਕਾਂ ਨੇ ਸੰਗਤਾਂ ਦੇ ਸਿਹਤ ਚੈਕ-ਅੱਪ ਲਈ ਇੱਕ ਡਾਕਟਰ ਸੱਦਿਆ ਹੋਇਆ ਸੀ ਜੋ ਲੰਗਰ ਹਾਲ ਵਿਚ ਸੰਗਤਾਂ ਦਾ ਫਰੀ ਮੈਡੀਕਲ ਚੈਕ-ਅੱਪ ਕਰਕੇ ਦਵਾਈਆਂ ਦੱਸ ਰਿਹਾ ਸੀ। ਮੈਂ ਵੇਖ ਰਿਹਾ ਸਾਂ ਕਿ ਜ਼ਿਆਦਾਤਰ ਮਰੀਜ ਬਲੱਡ ਪ੍ਰੈਸ਼ਰ ਤੇ ਸੂਗਰ ਦੇ ਮਰੀਜ ਸਨ। ਡਾਕਟਰ ਸਾਹਿਬ ਵਾਰ ਵਾਰ ਜੋਰ ਦੇ ਕੇ ਆਖ ਰਹੇ ਸਨ, ਇਹ ਨਾ ਖਾਉ, ਉਹ ਨਾ ਖਾਉ।

ਮੈਂ ਨੇੜੇ ਬੈਠਾ ਸੋਚ ਰਿਹਾ ਸਾਂ ਕਿ ਜੇ ਡਾਕਟਰ ਦੇ ਟੇਬਲ ਦੇ ਸਾਹਮਣੇ ਜੋ ਭਾਂਤ ਭਾਂਤ ਦੀਆਂ ਮਿਠਾਈਆਂ ਤੇ ਸਮੋਸੇ-ਪਕੌੜਿਆਂ ਦਾ ਟੇਬਲ ਹੈ, ਅਸਲ 'ਚ ਇਹੀ ਇਨ੍ਹਾਂ ਅਲਾਮਤਾਂ ਦੀ ਜੜ੍ਹ ਹੈ। ਜੇਕਰ ਲੰਗਰ ਵਿਚੋਂ ਇਹ ਬਹੁ-ਭਾਤੀ ਭੋਜਨ ਹਟਾ ਕੇ ਗੁਰੂ ਨਾਨਕ ਦੇ ਘਰ ਸਾਦਾ ਲੰਗਰ ਲਾ ਦਿੱਤਾ ਜਾਵੇ ਤਾਂ ਅੱਧ ਤੋਂ ਵੱਧ ਤਾਂ ਸੰਗਤ ਨੂੰ ਡਾਕਟਰ ਕੋਲ ਜਾਣ ਦੀ ਲੋੜ ਹੀ ਨਾ ਪਵੇ ਤੇ ਨਾ ਹੀ ਡਾਕਟਰ ਨੂੰ ਭਰੀਆ ਪਲੇਟਾਂ ਵਾਲਿਆਂ ਨੂੰ ਸਮਝਾਉਣਾ ਪਵੇ।

***-ਸਤਵਿੰਦਰ ਥਾਂਦੀ ਦੌਲਤਪੁਰੀ***
***ਇੰਡੀਆਨਾ।***

# ਮੋਦੀ ਸਰਕਾਰ ਲਈ ਫਿਰ ਮੁਸੀਬਤ ਬਣੇ ਬੜਬੋਲੇ ਵਜ਼ੀਰ

**ਨਵੀਂ ਦਿੱਲੀ:** ਨਰੇਂਦਰ ਮੋਦੀ ਸਰਕਾਰ ਦੇ ਮੰਤਰੀ ਨਿੱਤ ਦਿਨ ਵਿਵਾਦਤ ਬਿਆਨ ਦੇ ਕੇ ਸਰਕਾਰ ਲਈ ਮੁਸੀਬਤ ਖੜੀ ਕਰ ਰਹੇ ਹਨ। ਕੇਂਦਰੀ ਮੰਤਰੀ ਵੀ.ਕੇ. ਸਿੰਘ ਵੱਲੋਂ ਹਰਿਆਣਾ ਦੇ ਜ਼ਿਲ੍ਹਾ ਫ਼ਰੀਦਾਬਾਦ ਵਿਚ ਦਲਿਤ ਪਰਿਵਾਰ ਨੂੰ ਸਾੜੇ ਜਾਣ ਦੀ ਘਟਨਾ ਬਾਰੇ ਦਿੱਤਾ ਬਿਆਨ ਸਰਕਾਰ ਲਈ ਨਮੋਸ਼ੀ ਬਣਿਆ ਹੋਇਆ ਹੈ। ਵਿਰੋਧੀ ਧਿਰ ਨੇ ਸਖ਼ਤ ਮੁਖ਼ਾਲਫ਼ਤ ਕਰਦਿਆਂ ਉਨ੍ਹਾਂ ਨੂੰ ਵਜ਼ਾਰਤ ਵਿਚੋਂ ਕੱਢੇ ਜਾਣ ਤੇ ਐਸ.ਸੀ.-ਐਸ.ਟੀ. ਸੁਰੱਖਿਆ ਐਕਟ ਤਹਿਤ ਫੌਜਦਾਰੀ ਕੇਸ ਦਰਜ ਕੀਤੇ ਜਾਣ ਦੀ ਮੰਗ ਕੀਤੀ ਹੈ। ਯਾਦ ਰਹੇ ਕਿ ਵੀ.ਕੇ ਸਿੰਘ ਨੇ ਕਿਹਾ ਸੀ 'ਜੇ ਕੋਈ ਕੁੱਤੇ ਨੂੰ ਪੱਥਰ ਮਾਰ ਦੇਵੇ ਤਾਂ ਇਸ ਲਈ ਸਰਕਾਰ ਜ਼ਿੰਮੇਵਾਰ ਨਹੀਂ ਹੋ ਸਕਦੀ।'

ਕਾਂਗਰਸ ਦੇ ਸੀਨੀਅਰ ਆਗੂ ਮਨੀਸ਼ ਤਿਵਾੜੀ ਨੇ ਭਾਰਤੀ ਥਲ ਸੈਨਾ ਦੇ ਸਾਬਕਾ ਮੁਖੀ ਵੀ.ਕੇ. ਸਿੰਘ ਦੇ ਇਸ ਬਿਆਨ ਨੂੰ ਬਹੁਤ ਹੀ 'ਘਟੀਆ ਤੇ ਮੂਰਖਤਾਪੂਰਨ' ਕਰਾਰ ਦਿੱਤਾ ਹੈ।



ਉਨ੍ਹਾਂ ਕਿਹਾ, 'ਦੋ ਮਾਸੂਮ ਬੱਚਿਆਂ ਦੀ ਮੌਤ ਨੂੰ ਕੁੱਤੇ ਦੇ ਪੱਥਰ ਮਾਰਨ ਦੇ ਤੁੱਲ ਦੱਸਣ ਤੋਂ ਘਟੀਆ ਤੇ ਮੂਰਖਤਾਪੂਰਨ ਹੋਰ ਕੀ ਹੋ ਸਕਦਾ ਹੈ।' ਕਾਂਗਰਸ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਇਸ ਨੂੰ ਦੇਸ਼ ਦੇ ਸਮੁੱਚੇ 'ਦਲਿਤਾਂ ਦੀ ਤੌਹੀਨ' ਤੇ ਸੀ.ਪੀ.ਐਮ. ਆਗੂ ਬਰਿੰਦਾ ਕਰਤ ਨੇ 'ਜਾਤ ਦਾ ਹੰਕਾਰ' ਕਰਾਰ ਦਿੱਤਾ ਹੈ।

ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕੇਂਦਰੀ ਮੰਤਰੀਆਂ ਵੀ.ਕੇ. ਸਿੰਘ ਤੇ ਕਿਰੇਨ ਰਿਜੀਜੂ ਨੂੰ ਉਨ੍ਹਾਂ ਦੇ ਵਿਵਾਦਤ ਬਿਆਨਾਂ ਉਤੇ ਨਸੀਹਤ ਦਿੰਦਿਆਂ ਕਿਹਾ ਹੈ ਕਿ ਉਹ ਸੋਚ-ਵਿਚਾਰ ਕੇ ਬਿਆਨ ਦੇਣ ਕਿਉਂਕਿ ਬਾਅਦ ਵਿਚ ਇਹ ਆਖ ਕੇ ਪੱਲਾ ਨਹੀਂ ਝਾੜਿਆ ਜਾ ਸਕਦਾ ਕਿ ਉਨ੍ਹਾਂ ਦੇ ਬਿਆਨਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਸ੍ਰੀ ਰਾਜਨਾਥ ਸਿੰਘ ਨੇ ਦੋਹਾਂ ਕੇਂਦਰੀ ਮੰਤਰੀਆਂ ਵੱਲੋਂ ਦਿੱਤੇ ਬਿਆਨਾਂ ਉਤੇ ਕਿਹਾ ਕਿ ਆਗੂ ਬਿਆਨ ਦੇਣ ਸਮੇਂ ਸੰਜਮ ਰੱਖਣ ਤਾਂ ਜੋ ਉਸ ਦੀ ਗਲਤ ਵਿਆਖਿਆ ਨਾ ਕੀਤੀ ਜਾ ਸਕੇ। ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਕਿਰੇਨ ਰਿਜੀਜੂ ਨੇ ਕਿਹਾ ਸੀ ਕਿ ਦਿੱਲੀ ਦੇ ਸਾਬਕਾ ਉਪ ਰਾਜਪਾਲ ਨੇ ਇਕ ਵਾਰ ਆਖਿਆ ਸੀ ਕਿ ਉੱਤਰ ਭਾਰਤੀ ਨਿਯਮ ਤੋੜਨ ਵਿਚ ਮਾਣ ਮਹਿਸੂਸ ਕਰਦੇ ਹਨ। ਉਧਰ, ਬਸਪਾ ਮੁਖੀ ਮਾਇਆਵਤੀ ਨੇ ਕੇਂਦਰੀ ਮੰਤਰੀ ਵੀ.ਕੇ. ਸਿੰਘ ਵੱਲੋਂ ਦਲਿਤ ਵਿਰੋਧੀ ਬਿਆਨ ਦੇਣ ਉਤੇ ਉਨ੍ਹਾਂ ਨੂੰ ਤੁਰੰਤ ਬਰਖਾਸਤ ਕਰਕੇ ਜੇਲ੍ਹ ਭੇਜਣ ਦੇਣ ਦੀ ਮੰਗ ਕੀਤੀ ਹੈ। ਆਮ ਆਦਮੀ ਪਾਰਟੀ ਨੇ ਥਲ ਸੈਨਾ ਦੇ ਸਾਬਕਾ ਮੁਖੀ ਖਿਲਾਫ ਐਸ.ਸੀ./ਐਸ.ਟੀ. ਐਕਟ ਤਹਿਤ ਐਫ. ਆਈ. ਆਰ. ਦਰਜ ਕਰਨ ਦੀ ਮੰਗ ਕਰਦਿਆਂ ਪੁਲਿਸ ਸ਼ਿਕਾਇਤ ਦਰਜ ਕਰਾਈ ਹੈ।

### ਸ਼ਿਵ ਸੈਨਾ ਦਾ ਭਾਜਪਾ ਵਿਰੁਧ ਪੋਸਟਰ ਯੁੱਧ

**ਮੁੰਬਈ:** ਸ਼ਿਵ ਸੈਨਾ ਨੇ ਐਤਕੀ ਭਾਜਪਾ ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤੇ ਪੋਸਟਰ ਰਾਹੀਂ ਹਮਲਾ ਕੀਤਾ ਹੈ। ਸ਼ਿਵ ਸੈਨਾ ਨੇ ਆਪਣੇ ਮੁੱਖ ਦਫਤਰ ਦੇ ਬਾਹਰ ਇਕ ਵੱਡਾ ਪੋਸਟਰ ਲਗਾਇਆ ਸੀ ਜਿਸ ਵਿਚ ਭਾਜਪਾ ਦੇ ਕਈ ਵੱਡੇ ਨੇਤਾ ਸ਼ਿਵ ਸੈਨਾ ਦੇ ਸਰਪ੍ਰਸਤ ਮਰਹੂਮ ਬਾਲਾ ਸਾਹਿਬ ਠਾਕਰੇ ਸਾਹਮਣੇ ਸਿਰ ਝੁਕਾਉਂਦੇ ਵਿਖਾਏ ਗਏ ਹਨ। ਪਾਕਿਸਤਾਨ ਦੇ ਕਲਾਕਾਰਾਂ ਤੇ ਕ੍ਰਿਕਟਰਾਂ ਦੇ ਵਿਰੋਧ ਨੂੰ ਲੈ ਕੇ ਭਾਜਪਾ ਤੇ ਸ਼ਿਵ ਸੈਨਾ ਵਿਚ ਤਣਾਅ ਵੱਧ ਰਿਹਾ ਹੈ, ਉਥੇ ਹੁਣ ਸ਼ਿਵ ਸੈਨਾ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਨੀਵਾਂ ਵਿਖਾਉਣ ਲਈ ਆਪਣੇ ਪਾਰਟੀ ਦਫਤਰ ਬਾਹਰ ਇਹ ਵੱਡਾ ਪੋਸਟਰ ਲਗਾ ਕੇ ਭਾਜਪਾ ਨੂੰ ਪੁਰਾਣੇ ਦਿਨ ਚੇਤੇ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ। ਪੋਸਟਰ ਵਿਚ ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ, ਨਰੇਂਦਰ ਮੋਦੀ, ਰਾਜਨਾਥ ਸਿੰਘ, ਨਿਤਿਨ



ਗਡਕਰੀ ਤੇ ਹੋਰ ਨੇਤਾ ਬਾਲਾ ਸਾਹਿਬ ਠਾਕਰੇ ਸਾਹਮਣੇ ਸਿਰ ਝੁਕਾਉਂਦੇ ਨਜ਼ਰ ਆ ਰਹੇ ਹਨ। ਪੋਸਟਰ ਵਿਚ ਪ੍ਰਧਾਨ ਮੰਤਰੀ ਮੋਦੀ ਨੂੰ ਪਾਖੰਡੀ ਕਰਾਰ ਦਿੰਦਿਆਂ ਲਿਖਿਆ ਹੈ ਕਿ ਜੋ ਹੁਣ ਫਖ਼ਰ ਨਾਲ ਸਿਰ ਉਠਾ ਰਹੇ ਹਨ, ਉਹ ਕਦੇ ਬਾਲਾ ਸਾਹਿਬ ਦੇ ਪੈਰਾਂ ਵਿਚ ਸਿਰ ਝੁਕਾਉਂਦੇ ਸੀ। ਇਹ ਫੋਟੋ ਪੁਰਾਣੇ ਸਮੇਂ ਵਿਚ ਮੋਦੀ ਤੇ ਠਾਕਰੇ ਦੀ ਮੁਲਾਕਾਤ ਸਮੇਂ ਲਈ ਗਈ ਸੀ।

## ਪੂਰਨ ਸ਼ਾਹਕੋਟੀ ਦਾ ਸਨਮਾਨ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਵੱਖ-ਵੱਖ ਖੇਤਰਾਂ ਵਿਚ ਯੋਗਦਾਨ



ਪਾਉਣ ਵਾਲਿਆਂ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ-2014 ਪ੍ਰਦਾਨ ਕੀਤੇ। ਪੂਰਨ ਸ਼ਾਹ ਕੋਟੀ ਨੂੰ ਰਵਾਇਤੀ ਸੰਗੀਤ ਪੰਜਾਬ, ਕੇ.ਕੇ. ਸਵਾਮੀ ਪੁਤਲੀ ਤਮਾਸ਼ਾ ਪੁਡੂਚੇਰੀ, ਕਾਲਾ ਮੰਦਾਲਮ ਰਾਮ ਮੋਹਨ (ਮੇਕਪ-ਕਥਾਕਾਲੀ), ਰੇਬਾ ਕੰਤਾ ਮਹੰਤਾ ਮਖੌਟਾ ਬਣਾਉਣ ਵਾਲਾ, ਆਸਾਮ, ਅਬਦੁਲ ਰਸ਼ੀਦ ਹਾਫਿਜ਼ (ਲੋਕ ਸੰਗੀਤ, ਜੰਮੂ-ਕਸ਼ਮੀਰ), ਕੇ. ਸਾਨਾਥੋਬੀਆ ਸ਼ਰਮਾ ਤੰਗਕਾ-ਮਨੀਪੁਰ, ਰਾਮ ਦਿਆਲ ਸ਼ਰਮਾ (ਨੌਟੰਕੀ, ਉੱਤਰ ਪ੍ਰਦੇਸ਼), ਤੰਗਾ ਦਰਲੋਂਗ (ਲੋਕ ਸੰਗੀਤ, ਤ੍ਰਿਪੁਰਾ) ਸ਼ਾਮਲ ਸਨ।

ਥੀਏਟਰ ਵਿਚ ਆਸਹਾਰ ਵਾਜੇਹਤ (ਨਾਟਕ ਲੇਖਕ), ਸੁਰੀਆ ਮੋਹਨ ਕੁਲਸ਼ਰੇਸ਼ਠਤਾ (ਨਿਰਦੇਸ਼ਨ), ਚਿਤੰਬਰ ਰਾਓ ਜਾਬਾਬੇ (ਨਿਰਦੇਸ਼ਨ), ਦੇਬ ਸ਼ੰਕਰ ਹਲਦੇਰ (ਐਕਟਿੰਗ), ਰਾਮਦਾਸ ਕਾਮਤ (ਐਕਟਿੰਗ), ਅੰਬੋਦ ਭੱਟ (ਥੀਏਟਰ ਕਲਾ, ਸੰਗੀਤ), ਮਜਨੂੰ ਨਾਥ ਭਗਵਤ ਹੋਸਟੋਟਾ (ਟਡੀਸ਼ਨਲ ਥਿਏਟਰ), ਅਮਰਦਾਸ ਮਾਨਿਕਪੁਰੀ (ਮਿਊਜ਼ਿਕ ਥਿਏਟਰ) ਆਦਿ ਨੂੰ ਪੁਰਸਕਾਰ ਦਿੱਤੇ ਗਏ। ਸੰਗੀਤ ਵਿਚ ਅਸ਼ਵਨੀ ਭਾਈਦੀ ਦੇਸ਼ਪਾਂਡੇ (ਹਿੰਦੁਸਤਾਨ ਵੋਕਲ ਸੰਗੀਤ), ਇਕਬਾਲ ਅਹਿਮਦ ਖਾਨ (ਹਿੰਦੁਸਤਾਨੀ ਵੋਕਲ ਸੰਗੀਤ), ਨਾਥ ਨੀਲੰਕਰ (ਹਿੰਦੁਸਤਾਨੀ ਵੋਕਲ ਸੰਗੀਤ), ਨਾਰਨ ਐਸ. (ਹਿੰਦੁਸਤਾਨੀ ਇੰਸਟਰੂਮੈਂਟਲ ਮਿਊਜ਼ਿਕ-ਤਬਲਾ), ਰੋਨੂੰ ਰਾਜੂਮਦਾਰ (ਹਿੰਦੁਸਤਾਨੀ ਇੰਸਟਰੂਮੈਂਟਲ ਸੰਗੀਤ-ਬੰਸਰੀ) ਆਰ. ਸੰਤਨ ਗੋਪਾਲਨ (ਕਰਨਾਟਕ ਵੋਕਲ ਮਿਊਜ਼ਿਕ), ਤ੍ਰਿਉਵਲਾਪੱਤਰ ਟੀ.ਕੇ. ਕਾਲੀਅਮਥੀ (ਕਰਨਾਟਕਾ ਇੰਸਟਰੂਮੈਂਟਲ ਮਿਊਜ਼ਿਕ ਥਾਵਿਲ), ਸੁਖੈਨਾ ਰਾਮ ਗੋਪਾਲ (ਕਰਨਾਟਕ ਇੰਸਟਰੂਮੈਂਟਲ ਮਿਊਜ਼ਿਕ-ਗੌਤਮ), ਦਵਾਰਾਮ ਦੁਰਗਾ ਪ੍ਰਸਾਦ ਰਾਓ (ਕਰਨਾਟਕ ਇੰਸਟਰੂਮੈਂਟਲ ਮਿਊਜ਼ਿਕ (ਵਾਇਓਲਿਨ) ਆਦਿ ਸ਼ਾਮਲ ਸਨ। ਨ੍ਰਿਤ ਵਿਚ ਆਰੀਆਮ ਬਾਥ ਜਾਨਰਦਾਨਨ (ਭਾਰਤ ਸਤਿਅਮ), ਓਮ ਡੋਂਗਰਾ (ਕੱਥਕ), ਐਨ. ਅੰਮੁਸਾਨਾ ਦੇਵੀ (ਮਨੀਪੁਰੀ), ਵੇਦਨਤਨ ਰਾਧੇ ਸ਼ਿਆਨ (ਕੁਚੀ ਪੁੰਡੀ), ਸੁਧਾਕਰ ਸਾਹੂ (ਉਡੀਸਾ), ਅਨੀਤਾ ਸ਼ਰਮਾ (ਸਾਤਰੀਆ), ਜਗਰੂ ਮਹਾਂਤੋ (ਚਾਹੂ), ਵਾਰਾਨਸੀ ਵਿਸ਼ਨੂੰ ਨਾਮਥੇਰੀ (ਮਿਊਜ਼ਿਕ ਕੱਥਕ ਕਲੀ) ਆਦਿ ਸ਼ਾਮਲ ਸਨ। ਉਪਰੋਕਤ ਤੋਂ ਇਲਾਵਾ ਸਮੁੱਚੇ ਯੋਗਦਾਨ ਤੇ ਆਰਟਸ ਪ੍ਰਤੀ ਯੋਗਦਾਨ ਪ੍ਰਤੀ ਸਕਾਲਰਸ਼ਿਪ ਵਿਚ ਅਕਸ਼ਰਾ ਕੇ.ਪੀ. ਤੇ ਇੰਦੂਧਰਮ ਨਿਰੋਦੀ ਸ਼ਾਮਲ ਸਨ।

### ਰੂਸ ਖੋਲ੍ਹੇਗਾ ਨੇਤਾ ਜੀ ਨਾਲ ਜੁੜੇ ਰਾਜ਼

**ਮਾਸਕੋ:** ਰੂਸ, ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਜੁੜੀ ਹਰ ਸੰਭਵ ਜਾਣਕਾਰੀ ਭਾਰਤ ਨਾਲ ਸਾਂਝੀ ਕਰੇਗਾ। ਇਹ ਭਰੋਸਾ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਦਿੱਤਾ ਹੈ। ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਆਪਣੇ ਰੂਸ ਦੌਰੇ ਦੌਰਾਨ ਲਾਵਰੋਵ ਕੋਲ ਇਹ ਮੁੱਦਾ ਚੁੱਕਿਆ। ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਐਲਾਨ ਕੀਤਾ ਸੀ ਕਿ ਸਰਕਾਰ ਅਗਲੇ ਸਾਲ 23 ਜਨਵਰੀ ਤੋਂ ਸੁਭਾਸ਼ ਚੰਦਰ ਬੋਸ ਨਾਲ ਸਬੰਧਤ ਗੁਪਤ ਫਾਈਲਾਂ ਨੂੰ ਜਨਤਕ ਕਰਨਾ ਸ਼ੁਰੂ ਕਰੇਗੀ।


ਵਿਦੇਸ਼ ਮੰਤਰਾਲੇ ਮੁਤਾਬਕ ਰੂਸ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਉਹ ਇਸ ਮਾਮਲੇ ਨੂੰ ਧਿਆਨ 'ਚ ਰੱਖਦਿਆਂ ਹਰ ਉਹ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰਨਗੇ ਜੋ ਉਨ੍ਹਾਂ ਕੋਲ ਹੋਵੇ। ਨੇਤਾ ਜੀ ਦੇ ਪਰਿਵਾਰ ਨਾਲ ਪਿਛਲੇ ਹਫਤੇ ਮੁਲਾਕਾਤ ਦੌਰਾਨ ਮੋਦੀ ਨੇ ਐਲਾਨ ਕੀਤਾ ਸੀ ਕਿ ਇਤਿਹਾਸ ਨੂੰ ਦਬਾਉਣ ਦੀ ਕੋਈ ਲੋੜ ਨਹੀਂ ਹੈ। ਮੋਦੀ ਨੇ ਭਰੋਸਾ ਦਿੱਤਾ ਸੀ ਕਿ ਉਹ ਵਿਦੇਸ਼ੀ ਸਰਕਾਰਾਂ ਨੂੰ ਫਾਈਲਾਂ ਜਨਤਕ ਕਰਨ ਲਈ ਕਹਿਣਗੇ।

## ਭਾਰਤੀ ਕਾਰੋਬਾਰੀ ਹਿੰਦੂਜਾ ਭਰਾਵਾਂ ਦੀ ਵਲੈਤ ਵਿਚ ਝੰਡੀ

**ਲੰਡਨ:** ਭਾਰਤੀ ਕਾਰੋਬਾਰੀ ਜੇ.ਪੀ. ਹਿੰਦੂਜਾ ਤੇ ਐਸ.ਪੀ. ਹਿੰਦੂਜਾ ਬਰਤਾਨੀਆ ਵਿਚ ਰਹਿਣ ਵਾਲੇ ਦੂਜੇ ਸਭ ਤੋਂ ਪ੍ਰਭਾਵਸ਼ਾਲੀ ਏਸ਼ੀਆਈ ਵਿਅਕਤੀ ਐਲਾਨੇ ਗਏ ਹਨ। 101 ਲੋਕਾਂ ਦੀ ਸੂਚੀ ਵਿਚ ਪਹਿਲੇ ਸਥਾਨ ਉੱਤੇ ਬਰਤਾਨੀਆ ਦੇ ਵਪਾਰ ਮੰਤਰੀ ਸਾਜਿਦ ਜਾਵੇਦ ਦਾ ਨਾਮ ਹੈ। ਸੂਚੀ ਵਿਚ ਨੋਬਲ ਪੁਰਸਕਾਰ ਜੇਤੂ ਪਾਕਿਸਤਾਨੀ ਲੜਕੀ ਮਲਾਲਾ ਯੂਸਫਜ਼ਈ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਹਿੰਦੂਜਾ ਭਰਾ ਕਾਰੋਬਾਰ ਦੇ ਨਾਲ-ਨਾਲ ਬਰਤਾਨੀਆ ਦੀ ਰਾਜਨੀਤੀ ਉੱਤੇ ਵੀ ਪ੍ਰਭਾਵ ਰੱਖਦੇ ਹਨ। ਜੀ ਜੀ-2 ਪਾਵਰ 101 ਸੂਚੀ ਵਿਚ ਸਾਜਿਦ ਜਾਵੇਦ ਪਿਛਲੇ ਸਾਲ ਵੀ ਨੰਬਰ ਇਕ ਦੀ ਪੁਜੀਸ਼ਨ ਉੱਤੇ ਸੀ। ਭਾਰਤੀ ਮੂਲ ਦੀ ਮੰਤਰੀ ਪ੍ਰੀਤੀ ਪਟੇਲ ਨੂੰ ਤੀਜਾ ਤੇ ਇਸਪਾਤ ਕਾਰੋਬਾਰੀ ਲਕਸ਼ਮੀ ਮਿੱਤਲ ਚੌਥੇ ਸਥਾਨ ਉੱਤੇ ਰਿਹਾ ਹੈ।

ਪਾਕਿਸਤਾਨੀ ਲੜਕੀ ਮਲਾਲਾ ਨੂੰ ਸੂਚੀ ਵਿਚ 10ਵੇਂ ਸਥਾਨ ਮਿਲਿਆ ਹੈ। ਸੂਚੀ ਵਿਚ



ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਦੇ ਰਾਜਨੀਤਕ ਸਲਾਹਕਾਰ ਅਮੀਤ ਗਿੱਲ, ਲੰਡਨ ਦੇ ਮੇਅਰ ਦੇ ਅਹੁਦੇ ਦੇ ਪ੍ਰਮੁੱਖ ਦਾਅਵੇਦਾਰ ਸਾਦਿਕ ਖਾਨ ਤੇ ਕਲਾਕਾਰ ਅਨਿਸ਼ ਕਪੂਰ ਸ਼ਾਮਲ ਹਨ।

### ਹੱਜ ਹਾਦਸੇ 'ਚ ਮੌਤਾਂ ਦੀ ਗਿਣਤੀ 2121 ਤੋਂ ਟੱਪੀ

**ਮੱਕਾ:** ਸਾਊਦੀ ਅਰਬ ਦੇ ਮੱਕਾ ਸ਼ਹਿਰ ਦੇ ਮੀਨਾ ਵਿਚ ਹੱਜ ਦੌਰਾਨ ਭਗਦੜ ਵਿਚ ਮਰਨ ਵਾਲਿਆਂ ਦੀ ਗਿਣਤੀ 2121 ਤੋਂ ਪਾਰ ਹੋ ਗਈ ਹੈ। ਇਸ ਪੂਰੇ ਮਾਮਲੇ ਨੂੰ ਲੈ ਕੇ ਹੋਈ ਅਧਿਕਾਰੀਆਂ ਦੀ ਬੈਠਕ ਤੋਂ ਬਾਅਦ ਇਹ ਅੰਕੜਾ ਸਾਹਮਣੇ ਆਇਆ ਹੈ। 24 ਸਤੰਬਰ ਨੂੰ ਹੋਏ ਇਸ ਹਾਦਸੇ ਤੋਂ ਬਾਅਦ ਕਈ ਦੇਸ਼ ਲਾਪਤਾ ਹੋਏ ਸੈਂਕੜੇ ਹੱਜ ਯਾਤਰੀਆਂ ਦਾ ਪਤਾ ਲਗਾ ਰਹੇ ਹਨ। ਇਸ ਦੌਰਾਨ ਮਰਨ ਵਾਲੇ ਭਾਰਤੀਆਂ ਦੀ ਗਿਣਤੀ 45 ਹੋ ਚੁੱਕੀ ਹੈ।

# ਗਿਣੀ-ਮਿਥੀ ਸਾਜ਼ਿਸ਼ ਤਹਿਤ ਕੀਤਾ ਸੀ ਦਾਦਰੀ ਕਾਂਡ

**ਨਵੀਂ ਦਿੱਲੀ:** ਕੌਮੀ ਘੱਟ ਗਿਣਤੀ ਕਮਿਸ਼ਨ ਦੀ ਇਕ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਦਾਦਰੀ ਕਾਂਡ ਇਕ ਗਿਣੀ-ਮਿਥੀ ਸਾਜ਼ਿਸ਼ ਤਹਿਤ ਕੀਤਾ ਗਿਆ ਹੈ ਤੇ ਇਹ ਕੋਈ ਅਚਾਨਕ ਹੋਈ ਘਟਨਾ ਨਹੀਂ ਸੀ। ਭੀੜ ਨੂੰ ਹਮਲਾ ਕਰਨ ਲਈ ਉਕਸਾਇਆ ਗਿਆ ਸੀ। ਕੌਮੀ ਘੱਟ ਗਿਣਤੀ ਕਮਿਸ਼ਨ ਦੀ ਮੈਂਬਰ ਫਰੀਦਾ ਅਬਦੁੱਲਾ ਨੇ ਕਿਹਾ ਕਿ ਦਾਦਰੀ ਦੇ ਪਿੰਡ ਬਿਸਹੇੜਾ ਜਾ ਕੇ ਇਕੱਠੀ ਕੀਤੀ ਗਈ ਜਾਣਕਾਰੀ ਤੋਂ ਪਤਾ ਲੱਗਿਆ ਕਿ ਪੀੜਤ ਪਰਿਵਾਰ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਸੀ ਤੇ ਅਜਿਹੇ ਕੋਈ ਹਾਲਾਤ ਜਾਂ ਵਜ੍ਹਾ ਨਹੀਂ ਸੀ ਕਿ ਉਸ ਉਤੇ ਹਮਲਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਇਹ ਘਟਨਾ ਵਾਪਰੀ ਤਾਂ ਪਿੰਡ ਦੇ ਲੋਕ ਸੌਂ ਰਹੇ ਸਨ ਤੇ ਕਿਸੇ ਮੁਸਲਮਾਨ ਨੂੰ ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਸੀ ਕਿ ਅਜਿਹੀ ਅਣਹੋਣੀ ਵਾਪਰ ਸਕਦੀ ਹੈ। ਉਨ੍ਹਾਂ ਸ਼ੱਕ ਜ਼ਾਹਰ ਕੀਤਾ ਕਿ ਬਿਨਾਂ ਕਿਸੇ ਗਿਣੀ-ਮਿਥੀ ਸਾਜ਼ਿਸ਼ ਦੇ ਅਚਾਨਕ ਕਿਸੇ ਨੂੰ ਮਾਰਨ ਲਈ ਪਿੰਡ ਵਾਲਿਆਂ ਦਾ ਇਕੱਠਾ ਹੋਣਾ ਮੁਮਕਿਨ ਨਹੀਂ ਹੈ ਤੇ ਹਮਲਾਵਰਾਂ ਅੰਦਰ ਇੰਨਾ ਜਨੂੰਨ ਭਰਿਆ ਹੋਇਆ ਸੀ, ਜਿਵੇਂ ਉਨ੍ਹਾਂ ਨੂੰ ਉਕਸਾਇਆ ਗਿਆ ਹੋਵੇ। ਬੀਬੀ ਫਰੀਦਾ ਮੁਤਾਬਕ ਇਹ ਹਮਲਾ ਇਕ ਪਰਿਵਾਰ ਖਿਲਾਫ ਨਹੀਂ ਸਗੋਂ ਇਕ ਭਾਈਚਾਰੇ ਦੇ ਖਿਲਾਫ ਸੀ। ਉਨ੍ਹਾਂ ਖਦਸ਼ਾ ਜ਼ਾਹਰ ਕੀਤਾ ਕਿ ਇਹ ਇਕ ਭਾਈਚਾਰੇ ਖਿਲਾਫ ਹਿੰਸਾ ਦਾ ਵਧਦਾ ਰੁਝਾਨ ਹੈ, ਮੁਸਲਮਾਨਾਂ ਖਿਲਾਫ ਹੈ ਤੇ ਇਸ ਨੂੰ ਗਿਣ-ਮਿਥ ਕੇ ਹਵਾ ਦਿੱਤੀ ਜਾ ਰਹੀ ਹੈ। ਗੌਰਤਲਬ ਹੈ ਕਿ ਯੂਪੀ ਦੇ ਬਿਸਹੇੜਾ ਪਿੰਡ ਦੇ ਇਕ ਮੁਸਲਮਾਨ ਪਰਿਵਾਰ ਉਤੇ ਕੱਟੜਪੰਥੀਆਂ ਨੇ ਇਹ ਕਹਿੰਦਿਆਂ ਹਮਲਾ ਕਰ ਦਿੱਤਾ ਸੀ ਕਿ ਘਰ ਵਿਚ ਗਾਂ ਦਾ ਮਾਸ ਰੱਖਿਆ ਗਿਆ ਹੈ। ਇਸ ਹਮਲੇ ਵਿਚ ਭੀੜ ਨੇ ਪਰਿਵਾਰ ਦੇ ਮੁਖੀ ਅਖ਼ਲਾਕ ਨੂੰ ਮਾਰ ਮੁਕਾਇਆ ਸੀ ਤੇ ਉਸ ਦੇ ਪੁੱਤਰ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ ਸੀ।

### ਕੌਮੀ ਘੱਟ ਗਿਣਤੀ ਕਮਿਸ਼ਨ ਦੀ ਰਿਪੋਰਟ 'ਚ ਖੁਲਾਸਾ




### ਪ੍ਰਵੀਨ ਤੋਗੜੀਆ ਨੇ ਇਕ ਵਾਰ ਫਿਰ ਕੀਤੀ ਭੜਕਾਊ ਟਿੱਪਣੀ

**ਨਵੀਂ ਦਿੱਲੀ:** ਗਊ ਹੱਤਿਆ ਦੇ ਵਿਵਾਦ ਨੂੰ ਵੀ.ਐਚ.ਪੀ. ਨੇਤਾ ਪ੍ਰਵੀਨ ਤੋਗੜੀਆ ਨੇ ਫਿਰ ਤੋਂ ਗਰਮਾਉਣ ਦੀ ਕੋਸ਼ਿਸ਼ ਕੀਤੀ ਹੈ। ਤੋਗੜੀਆ ਨੇ ਕਿਹਾ ਹੈ ਕਿ ਗਊ ਕਤਲ ਕਰਕੇ ਕੋਈ ਭਾਰਤ ਵਿਚ ਨਹੀਂ ਰਹਿ ਸਕਦਾ। ਇਹ ਵਹਿਮ ਨਹੀਂ ਰੱਖਣਾ ਚਾਹੀਦਾ ਕਿ ਮੁਲਾਇਮ ਸਿੰਘ ਯਾਦਵ, ਅਖਿਲੇਸ਼ ਯਾਦਵ ਜਾਂ ਫਿਰ ਪੀ.ਐਮ. ਨਰੇਂਦਰ ਮੋਦੀ, ਅਜਿਹੇ ਲੋਕਾਂ ਨੂੰ ਬਚਾ ਲੈਣਗੇ। ਮੁਸਲਮਾਨ ਹਿੰਦੂਆਂ ਦੀ ਭਾਵਨਾ ਦਾ ਆਦਰ ਕਰਨ। ਕੋਈ ਕਾਨੂੰਨ ਦੀ ਉਲੰਘਣਾ ਕਰ ਕੇ ਹਿੰਦੂ ਭਾਵਨਾ ਦਾ ਅਪਮਾਨ ਕਰਨਾ ਚਾਹੇਗਾ ਤਾਂ ਜਵਾਬ ਮਿਲੇਗਾ।

### ਦਾਦਰੀ ਕਾਂਡ ਵਧਾ ਕੇ ਪੇਸ਼ ਕੀਤਾ ਗਿਆ: ਭਾਗਵਤ

**ਨਾਗਪੁਰ:** ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਨੇ ਆਪਣੇ ਦੁਸਹਿਰਾ ਸੰਬੋਧਨ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਿਫਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪ੍ਰਧਾਨ ਮੰਤਰੀ ਬਣਨ ਨਾਲ ਦੇਸ਼ ਵਿਚ ਕਈ ਸਾਲਾਂ ਤੋਂ ਫੈਲੀ ਨਿਰਾਸ਼ਾ ਤੇ ਬੇਭਰੋਸਗੀ ਵਾਲਾ ਮਾਹੌਲ ਦੂਰ ਹੋਇਆ ਹੈ ਤੇ ਹੁਣ ਆਸ਼ਾ ਤੇ ਉਤਸ਼ਾਹ ਵਾਲਾ ਮਾਹੌਲ ਹੈ। ਦੇਸ਼ ਵਿਚ ਵਧ ਰਹੀ ਅਸਹਿਣਸ਼ੀਲਤਾ ਦਰਮਿਆਨ ਸ੍ਰੀ ਭਾਗਵਤ ਨੇ ਏਕਤਾ ਦੀ ਅਪੀਲ ਕਰਦਿਆਂ ਕਿਹਾ ਕਿ ਅਨੇਕਤਾ ਵਿਚ ਏਕਤਾ ਹੀ ਭਾਰਤ ਦੀ ਤਾਕਤ ਹੈ। ਇਥੇ ਰੇਸ਼ਮੀ ਬਾਗ ਮੈਦਾਨ ਵਿਚ ਸੰਬੋਧਨ ਕਰਦਿਆਂ ਸ੍ਰੀ ਭਾਗਵਤ ਨੇ ਸ੍ਰੀ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਐਨ. ਡੀ. ਏ. ਸਰਕਾਰ ਦੀਆਂ ਸਿਫਤਾਂ ਦੇ ਪੁਲ ਬੰਨ੍ਹੇ। ਉਨ੍ਹਾਂ ਦਾਦਰੀ ਦੀ ਘਟਨਾ ਨੂੰ ਇਕ ਛੋਟੀ ਘਟਨਾ ਆਖਦਿਆਂ ਕਿਹਾ ਕਿ ਇਸ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ, ਪਰ ਇਸ ਨਾਲ ਹਿੰਦੂ ਸਭਿਆਚਾਰ ਦਾ ਨੁਕਸਾਨ ਨਹੀਂ ਹੋ ਸਕਦਾ ਅਤੇ ਦੇਸ਼ ਹਮੇਸ਼ਾ ਇਕਜੁੱਟ ਰਹੇਗਾ।

# ਸਾਡੇ ਰਿਵਾਜ

ਪੰਜਾਬ ਦੇ ਰਿਵਾਜਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਸਵਾਲ ਉਠਦਾ ਹੈ ਕਿ ਰਿਵਾਜ ਅਸੀਂ ਕਿਸ ਨੂੰ ਕਹਿੰਦੇ ਹਾਂ? ਜਿਵੇਂ ਲੋਕ ਗੀਤ ਲੋਕਾਂ ਦੇ ਦਿਲਾਂ ਦੀਆਂ ਭਾਵਨਾਵਾਂ ਪ੍ਰਗਟਾਉਂਦੇ ਹਨ, ਸੁੱਖ-ਦੁੱਖ, ਮਿਲਣ-ਵਿਛੜਨ, ਕਿਸੇ ਪਿਆਰੇ ਦੀਆਂ ਉਡੀਕਾਂ; ਉਸੇ ਤਰ੍ਹਾਂ ਸਮਾਜ ਦੇ ਦੁੱਖ-ਸੁੱਖ, ਜਨਮ-ਮਰਨ, ਵਿਆਹ-ਕੁੜਮਾਈ ਤੇ ਇਸੇ ਤਰ੍ਹਾਂ ਦੇ ਛੋਟੇ-ਵੱਡੇ ਖੁਸ਼ੀਆਂ ਦੇ ਪਲ, ਧਰਮ ਤੇ ਰੁੱਤਾਂ ਨਾਲ ਸਬੰਧ, ਖੁਸ਼ੀਆਂ ਨੂੰ ਮਨਾਉਣ ਦਾ ਆਪਣੇ ਆਪ ਕੋਈ ਢੰਗ ਸਮਾਜ ਵਿਚ ਚਾਲੂ ਹੋ ਜਾਂਦਾ ਹੈ। ਇਸੇ ਢੰਗ-ਤਰੀਕੇ ਨੂੰ ਅਸੀਂ ਰਿਵਾਜ ਕਹਿੰਦੇ ਹਾਂ। ਰਿਵਾਜਾਂ 'ਤੇ ਉਥੋਂ ਦੀ ਧਰਤੀ, ਪੌਣ, ਪਾਣੀ, ਕਿੱਤੇ ਤੇ ਆਰਥਿਕਤਾ ਦਾ ਬਹੁਤ ਅਸਰ ਹੁੰਦਾ ਹੈ।

ਮੈਂ ਉਸ ਪੰਜਾਬ ਦੇ ਰਿਵਾਜਾਂ ਬਾਰੇ ਗੱਲ ਕਰ ਰਹੀ ਹਾਂ; ਜਦੋਂ ਇਹ ਲੀਰੋ-ਲੀਰ ਨਹੀਂ ਸੀ ਹੋਇਆ। ਉਤਰ ਵਿਚ ਖੜ੍ਹੇ ਪਹਾੜਾਂ ਨੇ ਪੰਜਾਬੀਆਂ

ਕਿਰਪਾਲ ਕੌਰ
ਫੋਨ: 815-356-9535

ਨੂੰ ਬੁਲੰਦੀਆਂ ਛੂਹਣ ਦੀ ਤਾਕਤ ਦਿੱਤੀ। ਪੰਜਾਂ ਦਰਿਆਵਾਂ ਨੇ ਸਦਾ ਵਹਿਣਾ ਸਿਖਾਇਆ, ਸਦਾ ਕੰਮ ਕਰਦੇ ਰਹਿਣਾ। ਦਰਿਆਵਾਂ ਦੇ ਪਾਣੀਆਂ ਦੀ ਕਲ ਕਲ ਤੋਂ ਬੋਲਣਾ ਤੇ ਗਾਉਣਾ ਸਿੱਖਿਆ। ਤੇਜ਼ ਹਵਾਵਾਂ ਤੇ ਦਰਿਆਵਾਂ ਦੀਆਂ ਲਹਿਰਾਂ ਦੇ ਰਲਵੇਂ ਕਲੋਲਾਂ ਨੇ ਪੰਜਾਬੀ ਜਵਾਨੀ ਨੂੰ ਨੱਚਣਾ ਤੇ ਭੰਗੜਾ ਪਾਉਣਾ ਸਿਖਾਇਆ। ਪੰਜਾਬੀ ਖੁਸ਼ ਰਹਿਣੇ ਤੇ ਮਿਹਨਤੀ ਬਣੇ। ਉਸ ਸਮੇਂ ਮਸ਼ੀਨੀ ਕਾਢਾਂ ਅਜੇ ਨਹੀਂ ਸਨ ਆਈਆਂ। ਹਰ ਕੰਮ ਹੱਥਾਂ ਨਾਲ ਤੇ ਹਰ ਪੈਂਡਾ ਤੁਰ ਕੇ ਤੈਅ ਕੀਤਾ ਜਾਂਦਾ ਸੀ। ਪੰਜਾਬੀਆਂ ਦੇ ਮਿਹਨਤੀ ਸੁਭਾਅ, ਕੁਦਰਤ ਦੇ ਅਨੁਕੂਲ ਵਾਤਾਵਰਨ, ਉਪਜਾਊ ਧਰਤੀ ਕਾਰਨ ਪੰਜਾਬ ਅੰਨ ਭੰਡਾਰ ਬਣਿਆ ਰਿਹਾ। ਪੰਜਾਬੀ ਆਪ ਖਾਣ ਤੋਂ ਪਹਿਲਾਂ ਦੂਸਰੇ ਨੂੰ ਖੁਆ ਕੇ ਖੁਸ਼ੀ ਹਾਸਲ ਕਰਦਾ। ਅਜਿਹੇ ਹਾਲਾਤ ਵਿਚ ਪਾਂਧੀ ਜਦੋਂ ਇਕ ਪਿੰਡੋਂ ਤੁਰ ਦੂਜੇ ਤੀਜੇ ਪਿੰਡ ਜਾਂਦੇ ਤਾਂ ਰਸਤੇ ਵਿਚ ਰਾਤ ਪੈਣ, ਮੌਸਮ ਜਾਂ ਕਈ ਵਾਰ ਸਿਹਤ ਦੀ ਖਰਾਬੀ ਕਾਰਨ ਰਸਤੇ ਵਿਚ ਹੀ ਕਿਸੇ ਪਿੰਡ ਰੁਕਣਾ ਪੈਂਦਾ। ਜਿਸ ਪਿੰਡ ਰੁਕਣ ਦਾ ਮਨ ਬਣਿਆ, ਬਿਨਾਂ ਝਿਜਕ ਬੂਹਾ ਖੜਕਾ ਦਿਓ, ਘਰ ਵਾਲੇ ਜੀ ਆਇਆਂ ਕਹਿੰਦੇ। ਲੋੜ ਅਨੁਸਾਰ ਮੰਜਾ, ਬਿਸਤਰਾ, ਅੰਨ-ਪਾਣੀ ਮਿਲ ਜਾਂਦਾ। ਪੂਰੀ ਸੇਵਾ ਹੁੰਦੀ। ਇਸ ਨੂੰ ਪ੍ਰਾਹੁਣਚਾਰੀ ਕਿਹਾ ਜਾਂਦਾ।

ਪੰਜਾਬੀ ਕਹਾਵਤ ਹੈ ਕਿ ਵੱਸਦੇ ਭਾਗਾਂ ਵਾਲੇ ਘਰਾਂ ਵਿਚ ਪ੍ਰਾਹੁਣੇ ਆਉਂਦੇ ਹਨ। ਜੇ ਕਿਸੇ ਘਰੋਂ ਪ੍ਰਾਹੁਣਾ ਨਿਰਾਸ਼ ਹੋ ਕੇ ਮੁੜ ਜਾਵੇ, ਪ੍ਰਾਹੁਣੇ ਤੋਂ ਪਹਿਲਾਂ ਘਰ ਦੇ ਭਾਗ ਬੂਹੇ ਤੋਂ ਬਾਹਰ ਹੋ ਜਾਂਦੇ ਹਨ। ਇਸ ਤਰ੍ਹਾਂ ਪ੍ਰਾਹੁਣਚਾਰੀ ਦਾ ਰਿਵਾਜ ਬਣਿਆ। ਅੱਜ ਮਸ਼ੀਨੀ ਯੁੱਗ ਵਿਚ ਇਹ ਰਿਵਾਜ ਖਤਮ ਹੀ ਹੈ। ਕਿਸੇ ਦੇ ਜਾਣਾ ਹੋਵੇ, ਤਾਂ ਪਹਿਲਾਂ ਦੱਸਣਾ ਪੈਂਦਾ ਹੈ, ਕਦੋਂ, ਕਿਸ ਸਮੇਂ ਤੇ ਕਿਸ ਕੰਮ ਲਈ ਆਉਣਾ ਹੈ।

ਦੂਰੀਆਂ ਤੇ ਅਨਪੜ੍ਹਤਾ ਕਰ ਕੇ ਵਿਆਹ-ਕੁੜਮਾਈ ਵੀ ਮੁਸਾਫਰਾਂ ਕੋਲੋਂ ਸੁਣੀ ਖਬਰ ਨਾਲ ਕਰਦੇ ਹੁੰਦੇ ਸੀ; ਕਿ ਕਿਸ ਪਿੰਡ ਕੋਈ ਚੰਗਾ ਘਰ ਹੈ, ਉਸ ਦਾ ਮੁੰਡਾ ਕੁੜੀ ਤੁਹਾਡੇ ਘਰ ਦੇ ਯੋਗ ਹੈ; ਜਾਂ ਇਹ ਕੰਮ ਲਾਗੀ ਕਰਦੇ। ਜੋੜ ਪਰਿਵਾਰਾਂ ਦਾ ਦੇਖਿਆ ਜਾਂਦਾ, ਲੜਕੇ-ਲੜਕੀ ਦਾ ਨਹੀਂ। ਸਿੱਖਿਆ ਦੇ ਪਸਾਰ ਨਾਲ ਕੁੜੀਆਂ-ਮੁੰਡੇ ਪੜ੍ਹਨ ਲੱਗ ਪਏ। ਮਸ਼ੀਨੀ ਯੁੱਗ ਨੇ ਦੂਰੀਆਂ ਮੁਕਾ ਦਿੱਤੀਆਂ। ਰਿਸ਼ਤੇ ਆਪ ਸੋਚ-ਸਮਝ ਕੇ, ਆਪਣੀ ਜਾਣ-ਪਛਾਣ, ਵਿਚਾਰਾਂ ਤੇ ਵਿਦਿਆ ਦੀ ਬਰਾਬਰੀ ਦੇ ਆਧਾਰ ਉਤੇ ਹੋਣ ਲੱਗ ਪਏ। ਜਾਤ ਗੋਤ ਦਾ ਪ੍ਰਭਾਵ ਵੀ ਫਿੱਕਾ ਪੈ ਗਿਆ। ਜਿਵੇਂ ਜਿਵੇਂ ਦੂਰੀਆਂ ਨੇ ਸੁੰਗੜਨਾ ਸ਼ੁਰੂ ਕੀਤਾ, ਰਿਸ਼ਤੇ ਪੱਕੇ ਹੋਣ ਦਾ ਘੇਰਾ ਵਧ ਗਿਆ। ਆਪਣੇ ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਤੁਰ ਹੁਣ ਤਾਂ ਰਾਜ ਦੀਆਂ ਸਰਹੱਦਾਂ ਪਾਰ ਹੋ ਗਈਆਂ। 'ਸਾਡਾ ਰਿਵਾਜ ਹੈ, ਅਸੀਂ ਆਪਣੀ ਜਾਤ ਵਿਚ ਰਿਸ਼ਤਾ ਕਰਦੇ ਹਾਂ', ਇਹ ਵਾਕ ਲੋਪ ਹੋਣ ਲੱਗ ਪਏ। ਹੁਣ ਗੱਲ ਲੜਕੇ-ਲੜਕੀ ਦੀ ਮਰਜ਼ੀ ਉਤੇ ਆ ਗਈ। ਰਿਵਾਜ ਕਿਉਂਕਿ ਆਪੇ ਲੋੜ ਅਨੁਸਾਰ ਹੋਂਦ ਵਿਚ ਆਉਂਦੇ ਹਨ, ਸੋ ਇਨ੍ਹਾਂ ਦਾ ਲਚਕੀਲਾਪਨ ਲੋੜ ਅਨੁਸਾਰ ਮੁੜਦਾ ਰਹਿੰਦਾ ਹੈ। ਰਿਵਾਜਾਂ ਨੂੰ ਨਾ ਤਾਂ ਕਿਸੇ ਵਿਧਾਨ ਨੇ ਬਣਾਇਆ, ਤੇ ਨਾ ਕਿਸੇ ਨੇ ਸੋਧ ਦੇ ਢੰਗ ਦੱਸੇ। ਇਹ ਚੱਕਰ ਸਮੇਂ, ਲੋੜ, ਸਿੱਖਿਆ ਤੇ ਵਿਗਿਆਨ ਦੇ ਪ੍ਰਸਾਰ ਨਾਲ ਚੱਲਦਾ ਹੈ।

ਸ਼ੱਕਰ ਦੀ ਮੁੱਠ ਵੰਡ ਕੇ ਕੁੜਮਾਈ ਹੋ ਜਾਂਦੀ ਸੀ। ਚਾਰ ਕੇਲੇ ਗੰਢ ਕੇ ਵਿਆਹ ਹੋ ਜਾਂਦਾ ਸੀ। ਵਿਆਹ ਹੁਣ ਵੀ ਹੁੰਦਾ ਹੈ, ਧਾਰਮਿਕ ਰਿਵਾਜ ਵੀ ਹੁੰਦੇ ਹਨ, ਪਰ ਦਿਖਾਵਾ ਜ਼ਿਆਦਾ ਕੰਮ ਕਰ ਰਿਹਾ ਹੈ। ਵਿਗਿਆਨ ਦੀ ਵੀਡੀਓਗ੍ਰਾਫ਼ੀ ਧਾਰਮਿਕ ਰਸਮਾਂ ਨਾਲੋਂ ਅੱਗੇ ਦਿਸਦੀ ਹੈ। ਲਾਵਾਂ ਦਾ ਪਾਠ ਜਾਂ ਵੇਦ ਦੇ ਸ਼ਲੋਕ ਕੋਈ ਨਹੀਂ ਸੁਣਦਾ, ਲੜਕੀ-ਲੜਕੇ ਤੇ ਬਾਕੀ ਸਭ ਦੀਆਂ ਮੂਰਤਾਂ ਠੀਕ ਆਉਣੀਆਂ ਚਾਹੀਦੀਆਂ ਹਨ!

ਪੁਰਾਣੇ ਸਮੇਂ ਵਿਚ ਸ਼ਰੀਕੇ ਦੀ ਸ਼ਮੂਲੀਅਤ ਜਰੂਰੀ ਹੁੰਦੀ ਸੀ। ਆਟਾ ਪੀਹਣਾ ਜਾਂ ਛਾਨਣਾ ਵੀ ਰਲ-ਮਿਲ ਅਤੇ ਗੀਤ ਗਾ ਕੇ ਹੁੰਦਾ। ਅੱਜ ਇਸ ਦੀ ਲੋੜ ਨਹੀਂ, ਸਭ ਕੁਝ ਬਣਾਉਣ ਵਾਲੇ ਕਿਰਾਏ ਉਤੇ ਮਿਲਦੇ ਹਨ। ਪਹਿਲਾਂ ਲੜਕੀ-ਲੜਕੇ ਦਾ ਰੂਪ ਸੰਵਾਰਨ ਲਈ ਵਟਣਾ, ਹਲਦੀ ਜਾਂ ਤੇਲ ਲਾਇਆ ਜਾਂਦਾ ਸੀ। ਬਹੁਤ ਕੁਝ ਬਾਜ਼ਾਰ ਵਿਚ ਮਿਲਦਾ ਹੈ। ਰਿਵਾਜ ਜ਼ਰੂਰ ਨਿਭਾਇਆ ਜਾਂਦਾ ਹੈ। ਵਟਣਾ ਅੱਜ ਸਰ੍ਹੋਂ ਦੇ ਤੇਲ ਵਿਚ ਹਲਦੀ-ਵੇਸਣ ਰਲਾ ਕੇ ਨਹੀਂ ਬਣਾਇਆ ਜਾਂਦਾ, ਬਣਿਆ ਬਣਾਇਆ ਮਿਲ ਜਾਂਦਾ ਹੈ। ਮਹਿੰਦੀ ਲਾਉਣ ਵਾਲੀਆਂ ਕਲਾਕਾਰ ਔਰਤਾਂ ਹਨ। ਹੁਣ ਤਾਂ ਇਹ ਰਸਮ ਪਾਰਟੀ ਦੇ ਰੂਪ ਵਿਚ ਹੁੰਦੀ ਹੈ। ਖਾਣਾ-



ਪੀਣਾ ਤੇ ਨੱਚਣਾ-ਗਾਉਣਾ ਹੁੰਦਾ ਹੈ। ਅੱਗੇ ਵਟਣੇ ਤੇ ਮਹਿੰਦੀ ਵੇਲੇ ਆਂਢ-ਗੁਆਂਢ, ਤਾਈਆਂ-ਚਾਚੀਆਂ ਹੀ ਹੁੰਦੀਆਂ ਸਨ। ਚੌਲ ਉਬਾਲੇ ਜਾਂਦੇ। ਆਉਣ ਵਾਲੀਆਂ, ਥਾਲੀਆਂ 'ਚ ਦਾਣੇ ਲਿਆਉਂਦੀਆਂ ਤੇ ਇਕ ਪਾਸੇ ਢੇਰੀ ਕਰੀ ਜਾਂਦੀਆਂ। ਦਾਣੇ ਲਾਗੀਆਂ ਨੂੰ ਦਿੱਤੇ ਜਾਂਦੇ। ਵਾਪਸ ਜਾਣ ਵੇਲੇ ਉਨ੍ਹਾਂ ਥਾਲੀਆਂ ਵਿਚ ਉਬਲੇ ਹੋਏ ਚੌਲਾਂ ਉਤੇ ਸ਼ੱਕਰ-ਘਿਓ ਪਾ ਕੇ ਦਿੱਤੇ ਜਾਂਦੇ।

ਵਿਆਹ ਤੋਂ ਇਕ ਦਿਨ ਪਹਿਲਾਂ ਨਾਨਕੇ ਆਉਂਦੇ, ਛਾਹ ਵੇਲੇ ਨਾਨਕੀਆਂ ਗੋਟੇ ਵਾਲੇ ਦੁਪੱਟੇ, ਤੇ ਹਰੀ ਸ਼ੈਲ ਦੇ ਘੱਗਰੇ ਪਾ ਕੇ ਗਾਉਂਦੀਆਂ ਆਉਂਦੀਆਂ। ਆਦਮੀਆਂ ਨੇ ਨਾਨਕੀ ਸ਼ੱਕ ਦੀਆਂ ਪੰਡਾਂ ਚੁੱਕੀਆਂ ਹੁੰਦੀਆਂ। ਉਹ ਆਮ ਕਰ ਕੇ ਗੱਡੇ ਉਤੇ ਬੈਠ ਕੇ ਆਉਂਦੇ। ਨਾਨਕੀਆਂ ਵਿਆਹ ਵਾਲੇ ਲੜਕੀ/ਲੜਕੇ ਦੀ ਮਾਂ ਦਾ ਨਾਂ ਲੈ ਕੇ ਗਾਉਂਦੀਆਂ, 'ਅੰਦਰੋਂ ਨਿਕਲ ਬੀਬੀ ਤੇਜ ਕੁਰੇ, ਤੇਰੇ ਵੀਰੇ ਨੇ ਆਏ'। ਦਾਦਕੀਆਂ ਇਕੱਠੀਆਂ ਹੋ ਕੇ ਜਵਾਬ ਦਿੰਦੀਆਂ, 'ਜਿਨ੍ਹੀਂ ਰਾਹੀਂ ਮੇਰੇ ਵੀਰੇ ਆਏ, ਉਨ੍ਹਾਂ ਰਾਹਾਂ 'ਤੇ ਖੰਡ ਛਿੜਕਾਂ'। 'ਆਵੋ ਨੀ ਭਾਬੀਓ ਭਰਜਾਈਓ, ਸ਼ੋਭੀ ਖਾਤਰ ਪਲੰਘ ਵਛਾਏ'। ਫਿਰ ਹਾਸਾ ਠੱਠਾ-ਕਿਧਰ ਗਈਆਂ ਨਾਨਕੀਆਂ, ਕਿਧਰ ਗਈਆਂ ਦਾਦਕੀਆਂ। ਚਾਹ ਪਾਣੀ ਮਗਰੋਂ ਨਾਨਕੀ ਛੱਕ ਦਿਖਾਈ ਜਾਂਦੀ। ਸ਼ਾਮ ਨੂੰ ਕੁੜੀ ਨੂੰ ਚੂੜਾ ਚੜ੍ਹਾਇਆ ਜਾਂਦਾ। ਨਾਨਕਿਆਂ ਵੱਲੋਂ ਚੂੜਾ, ਨੱਕ ਦਾ ਗਹਿਣਾ ਤੇ ਲਾਵਾਂ ਦਾ ਸੂਟ ਜ਼ਰੂਰੀ ਹੁੰਦਾ ਸੀ। ਗੀਤ ਗਾਇਆ ਜਾਂਦਾ ਸੀ, 'ਆ ਮਾਮਾ ਬੈਠ ਪਟੜੀ ਖੋਲ੍ਹ ਗੱਠੜੀ, ਹੱਥ ਚੂੜਾ, ਨੱਥ ਮੱਛਲੀ ਤੇਰਾ ਦਾਨ ਮਾਮਾ'। ਮਾਮੇ ਮਾਮੀਆਂ ਹੱਸਦੀਆਂ ਚੂੜਾ ਦੁੱਧ ਨਾਲ ਧੋ ਕੇ ਸਾਰਿਆਂ ਦਾ ਹੱਥ ਲਗਾ ਕੇ ਭਾਣਜੀ ਦੇ ਚੜ੍ਹਾਉਂਦੇ। ਹੱਥ ਲਾਉਣ ਦਾ ਮਕਸਦ ਅਸੀਸ ਲੈਣਾ ਹੁੰਦਾ। ਰਸਮ ਅੱਜ ਵੀ ਹੁੰਦੀ ਹੈ।

ਕਾਫ਼ੀ ਵਾਰ ਹੁਣ ਵਟਣਾ, ਮਹਿੰਦੀ, ਚੂੜਾ ਚੜ੍ਹਾਵਾ ਤੇ ਗੀਤਾਂ ਦੀ ਰਸਮ ਜੋ ਪਹਿਲਾਂ ਬਹੁਤ ਦਿਨ ਅਗੇਤੀ ਹੁੰਦੀ ਸੀ, ਹੁਣ ਸਾਰੀਆਂ ਰਸਮਾਂ ਇਕ ਸ਼ਾਮ ਹੀ ਨਿਬੇੜ ਦਿੱਤੀਆਂ ਜਾਂਦੀਆਂ ਹਨ। ਕਿਰਾਏ ਦਾ ਹਾਲ ਤੇ ਖਾਣਾ ਬਣਾਉਣ ਵਾਲੇ ਵੀ ਕਿਰਾਏ ਦੇ। ਜੇ ਮੁੰਡੇ ਦਾ ਵਿਆਹ ਹੈ ਤਾਂ ਚੂੜਾ ਚੜ੍ਹਾਈ ਤਾਂ ਹੋਣੀ ਨਹੀਂ, ਇਸ ਲਈ ਜਾਗੋ ਵੀ ਹਾਲ ਵਿਚ ਹੀ ਹੋ ਜਾਂਦੀ। ਇਸ ਲਈ ਵੀ ਕਿਰਾਏ ਉਤੇ ਜਾਗੋ ਕੱਢਣ ਵਾਲੀਆਂ ਮਿਲ ਜਾਂਦੀਆਂ ਹਨ।

ਰਸਮਾਂ ਸਾਡੀ ਸਭਿਅਤਾ ਦੀਆਂ ਨਿਸ਼ਾਨੀਆਂ ਹਨ। ਬਦਲਦੇ ਢੰਗ ਜਿਉਂਦੀਆਂ ਕੌਮਾਂ ਦੀ ਨਿਸ਼ਾਨੀ ਹੁੰਦੀਆਂ ਹਨ। ਤਬਦੀਲੀ ਆਉਂਦੀ ਰਹਿੰਦੀ ਹੈ। ਇਹੀ ਜੜ੍ਹ ਤੇ ਚੇਤਨ ਦਾ ਅੰਤਰ ਹੈ। ਜੇ ਕੋਈ ਸਮਾਜ ਸਮੇਂ ਨਾਲ ਬਦਲਦਾ ਹੋਇਆ ਵੀ ਆਪਣੀ ਹੋਂਦ ਕਾਇਮ ਰੱਖ ਸਕਦਾ ਹੈ, ਉਹੀ ਆਪਣੇ ਪਿਛੋਕੜ ਨੂੰ ਉਂਗਲੀ ਲਾ, ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾ ਸਕਦਾ ਹੈ। ਅੱਜ ਡੋਲੀ ਨਹੀਂ ਰਹੀ, ਅਸੀਂ ਕਾਰ ਨੂੰ ਡੋਲੀ ਵਾਂਗ ਸਜਾਉਣਾ ਸ਼ੁਰੂ ਕਰ ਦਿੱਤਾ। ਅੱਜ ਕਾਰ ਜਦ ਦੁਲਹਨ ਨੂੰ ਉਸ ਦੇ ਘਰ ਲਾੜੇ ਨਾਲ ਤੁਰਨ ਲਈ ਤਿਆਰ ਖੜ੍ਹੀ ਹੁੰਦੀ ਹੈ ਤਾਂ ਵੀਰ ਅੱਗੇ ਹੋ ਕੇ ਧੱਕਾ ਲਾਉਂਦੇ ਹਨ। ਸਾਡੀ ਸਦੀਆਂ ਪੁਰਾਣੀ ਰਸਮ ਹੈ ਕਿ ਵੀਰ ਡੋਲੀ ਆਪ ਚੁੱਕ ਕੇ ਭੈਣ ਨੂੰ ਵਿਦਾਈ ਦਿੰਦੇ ਸਨ।

ਮਾਪਿਆਂ ਦੇ ਘਰੋਂ ਤੁਰਦੇ ਸਮੇਂ ਕੁੜੀ ਚੌਲਾਂ ਦੇ ਛਿੱਟੇ ਦੇ ਕੇ ਤੁਰਦੀ ਹੈ ਤਾਂ ਜੋ ਮਾਪਿਆਂ ਦਾ ਘਰ ਅੰਨ ਨਾਲ ਭਰਿਆ ਰਹੇ। ਸਹੁਰੇ ਘਰ ਡੋਲੀ ਪਹੁੰਚਣ ਉਤੇ ਸ਼ਗਨਾਂ ਨਾਲ ਮੂੰਹ ਮਿੱਠਾ ਕਰ ਕੇ ਕਾਰ ਵਿਚੋਂ ਭੈਣਾਂ ਭਰਾ-ਭਰਜਾਈ ਨੂੰ ਉਤਾਰਦੀਆਂ ਹਨ। ਅਗਾਂਹ ਮਾਂ ਵੀ ਆਪਣੀ ਰਵਾਇਤੀ ਪੁਸ਼ਾਕ ਫੁਲਕਾਰੀ ਤੇ ਪਾਣੀ ਦਾ ਗੜਵਾ ਲੈ ਕੇ ਬੂਹੇ ਉਤੇ ਖੜ੍ਹੀ ਹੁੰਦੀ ਹੈ। ਬਰੂਹਾਂ 'ਤੇ ਤੇਲ ਚੋਅ ਕੇ ਪਾਣੀ ਨਾਲ ਕੁੰਭ ਕਰ ਕੇ ਵਿਹੜੇ ਵਿਚ ਨਵੀਂ ਬਹੂ ਦੇ ਕਦਮ ਪੁਆਏ ਜਾਂਦੇ ਹਨ। ਨਵੇਂ ਘਰ ਕਣਕ ਤੇ ਚੌਲ ਰੱਖੇ ਹੁੰਦੇ ਹਨ, ਮਤਲਬ ਨਵਾਂ ਘਰ ਸਦਾ ਅੰਨ ਨਾਲ ਭਰਿਆ ਰਹੇ। ਸੱਸ ਨੂੰਹ-ਪੁੱਤ ਦੇ ਸਿਰ ਉਪਰੋਂ ਪਾਣੀ ਵਾਰ ਕੇ ਪੀਂਦੀ ਹੈ; ਭਾਵ, ਮਾਂ ਰੱਬ ਅੱਗੇ ਬੇਨਤੀ ਕਰਦੀ ਹੈ ਕਿ ਇਨ੍ਹਾਂ ਦੇ ਸਿਰ ਦਾ ਹਰ ਸੰਕਟ ਉਸ ਉਤੇ ਆ ਜਾਵੇ ਤੇ ਬੱਚੇ ਸੁਖੀ ਰਹਿਣ। ਪੁੱਤ ਮਾਂ ਨੂੰ ਰੋਕਦਾ ਹੈ-ਉਹ ਆਪ ਸੰਕਟ ਜਰ ਸਕਦਾ ਹੈ।

ਸਾਡੇ ਹਰ ਰਿਵਾਜ ਵਿਚ ਕੋਈ ਨਾ ਕੋਈ ਭਾਵ ਛੁਪਿਆ ਹੁੰਦਾ ਹੈ। ਘਰ ਅੰਦਰ ਜਾ ਕੇ ਆਪਣੇ ਗੁਰੂ ਜਾਂ ਵੱਡਿਆਂ ਨੂੰ ਮੱਥਾ ਟਿਕਾਇਆ ਜਾਂਦਾ ਹੈ। ਭੈਣਾਂ ਦਾ ਅੰਜੁਲੀ ਫੜਨਾ, ਭਾਬੀ ਦਾ ਸੁਰਮਾ ਪਾਉਣਾ, ਬੂਹਾ ਰੋਕਣਾ ਸਣੇ ਬੜੀਆਂ ਰਸਮਾਂ ਦਾ ਮਕਸਦ ਖੁਸ਼ੀਆਂ ਨੂੰ ਹੋਰ ਵਧਾਉਣਾ ਹੁੰਦਾ ਹੈ।

ਅੱਜ ਕਈ ਰਸਮਾਂ ਅਸੀਂ ਫਿਲਮਾਂ ਜਾਂ ਟੀ ਵੀ ਸੀਰੀਅਲ ਦੇਖ ਕੇ ਆਪਣੇ ਘਰ ਦੀ ਖੁਸ਼ੀ ਨੂੰ ਹੋਰ ਵਧਾਉਣ, ਖਾਸ ਕਰ ਕੇ ਵੀਡੀਓਗ੍ਰਾਫ਼ੀ ਦੇ ਉਦੇਸ਼ ਲਈ ਕਰਦੇ ਹਾਂ। ਪਰਦੇਸ ਵਿਚ ਵੱਸਣ ਅਤੇ ਪੱਛਮੀ ਸਭਿਅਤਾ ਦਾ ਅਸਰ ਵੀ ਕਬੂਲਦੇ ਹਾਂ; ਜਿਵੇਂ ਵਹੁਟੀ ਦੀਆਂ ਸਹੇਲੀਆਂ, ਇਕੋ ਜਿਹੇ ਕੱਪੜੇ ਪਾ ਕੇ ਲਾਵਾਂ ਵੇਲੇ ਉਸ ਦੇ ਮਗਰ ਤੁਰਦੀਆਂ ਹਨ। ਬਰਾਤੀਆਂ ਦੇ ਕੋਟ 'ਤੇ ਇਕੋ ਜਿਹੇ ਫੁੱਲ ਲਾ ਲਏ ਜਾਂਦੇ ਹਨ।

ਵਕਤ ਦੀ ਤੋਰ ਨਾਲ ਅਸੀਂ ਬਹੁਤ ਕੁਝ ਨਵਾਂ ਅਪਨਾ ਰਹੇ ਹਾਂ ਅਤੇ ਬਹੁਤ ਕੁਝ ਆਪਣਾ ਪਿੱਛੇ ਛੱਡ ਰਹੇ ਹਾਂ। ਅਸੀਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀਆਂ ਨੇ ਆਪਣੇ ਰਿਵਾਜਾਂ ਦਾ ਭੰਡਾਰ ਸੰਭਾਲਿਆ ਹੋਇਆ ਹੈ। ਸਾਡੀ ਬਸੰਤ ਪਤੰਗਾਂ ਤੋਂ ਬਿਨਾਂ ਨਹੀਂ ਲੰਘਦੀ, ਵਿਸਾਖੀ ਦੀਆਂ ਜਲੇਬੀਆਂ ਦੀ ਖੁਸ਼ਬੂ ਤੇ ਭੰਗੜੇ ਦੀਆਂ ਬੋਲੀਆਂ ਨੂੰ ਸਰਹੱਦਾਂ 'ਤੇ ਵੀਜ਼ਾ ਨਹੀਂ ਚਾਹੀਦਾ। ਨਰਾਤਿਆਂ ਦੇ ਵਰਤ ਤੇ ਰਮਜ਼ਾਨ ਦੇ ਰੋਜ਼ੇ। ਗੁਰਪੁਰਬ ਤੇ ਦੀਵਾਲੀ ਉਤੇ ਵਧਾਈ ਸਾਡੀ ਹਮੇਸ਼ਾ ਰਹਿਣੀ ਹੈ। ਸਾਡਾ ਪੰਜਾਬੀਆਂ ਦਾ ਆਪਣੇ ਪੰਜਾਬ ਨਾਲ ਪਿਆਰ, ਆਪਣੀ ਹੋਂਦ, ਪਿਛੋਕੜ ਨਾਲ ਪਿਆਰ ਆਪਣੇ ਰਿਵਾਜਾਂ ਨਾਲ ਜਿਉਂਦਾ ਰਹਿਣਾ ਹੈ।

# ਸ਼ੈਲੇਂਦਰ ਉਰਫ ਮਾਰੇ ਗਏ ਗੁਲਫ਼ਾਮ

ਮੱਖਣ ਜੀਨ ਦੀ ਪੈਂਟ, ਜਿਸ ਨੂੰ ਆਰ-52 ਕਹਿੰਦੇ ਸਨ, ਬੋਸਕੀ ਦੀ ਕਮੀਜ਼ ਅਤੇ ਗੋਲਡ ਫਲੇਕ ਦਾ ਡੱਬਾ, ਪੰਜਾਹ ਸਿਗਰਟਾਂ ਦਾ। ਇਹ ਸ਼ੈਲੇਂਦਰ ਦੇ ਚੰਗੇ ਦਿਨਾਂ ਦੀ ਤਸਵੀਰ ਹੈ। ਪੈਰਾਂ ਵਿਚ ਚੱਪਲ, ਸ਼ਾਇਦ ਕੋਹਲਾਪੁਰੀ। ਜ਼ਿਆਦਾ ਯਾਦ ਨਹੀਂ-ਗਹਿਰਾ ਸਾਂਵਲਾ ਰੰਗ ਅਤੇ ਉਸ 'ਤੇ ਚਮਕਦੀ ਹੋਈ ਇਕ ਮੁਸਕਰਾਹਟ ਉਨ੍ਹਾਂ ਦੇ ਆਪਣੇ ਹੀ ਕਿਸੇ ਮਿਸਰੇ ਵਾਂਗ।

ਉਨ੍ਹਾਂ ਦੀ ਟਰੇਡ ਯੂਨੀਅਨ ਬੈਕ ਗਰਾਊਂਡ

ਮੂਲ: ਗੁਲਜ਼ਾਰ
ਅਨੁਵਾਦ: ਭਜਨਬੀਰ ਸਿੰਘ
ਫੋਨ:91-98556-75724

ਬਾਰੇ ਰਾਜ ਕਪੂਰ ਸਾਹਿਬ ਤੋਂ ਸੁਣਿਆ ਸੀ। ਪਰ ਮਿਲਿਆ ਮੈਂ ਉਨ੍ਹੀਂ ਦਿਨੀਂ ਸਾਂ ਜਦ ਉਹ ਫਿਲਮਾਂ ਲਿਖ ਰਹੇ ਸਨ। ਰੇਡੀਓ ਤੇ ਸ਼ੈਲੇਂਦਰ ਅਤੇ ਲਤਾ ਮੰਗੇਸ਼ਕਰ, ਸ਼ੰਕਰ ਜੈ ਕਿਸ਼ਨ ਅਜਿਹੇ ਨਾਂ ਸਨ ਜਿਹੜੇ ਸਾਰਾ ਦਿਨ ਤਸਬੀਹ ਦੇ ਮਣਕਿਆਂ ਵਾਂਗ ਦੁਹਰਾਏ ਜਾਂਦੇ ਸਨ। ਲੱਗਦਾ ਸੀ, 'ਮਾਲਾ ਦਾ ਜਾਪ' ਹੋ ਰਿਹਾ ਹੈ। ਹਸਰਤ ਜੈ ਪੁਰੀ ਦੇ ਨਾਲ ਜੋੜੀ ਸੀ ਉਨ੍ਹਾਂ ਦੀ। ਪਰ ਮਹਿਸੂਸ ਹੁੰਦਾ ਸੀ, ਸ਼ੰਕਰ ਜੈ ਕਿਸ਼ਨ ਲਈ ਜ਼ਿਆਦਾਤਰ ਉਹੀ ਲਿਖ ਰਹੇ ਸਨ।

ਮੇਰੀ ਇਕ ਮੁਲਾਕਾਤ ਪਤਾ ਨਹੀਂ ਪਹਿਲੀ ਸੀ ਜਾਂ ਨਹੀਂ, ਪਰ ਪਹਿਲੇ ਪਹਿਲ ਦੀ ਸੀ। ਜਿਹੜੀ 'ਬਾਸੂ ਨਿਵਾਸ' ਤੇ ਹੋਈ।

ਇੱਕ ਛੋਟੀ ਜਿਹੀ ਥਾਂ, ਇੱਕ ਕਮਰਾ, ਇੱਕ ਰਸੋਈ ਅਤੇ ਇੱਕ ਵਰਾਂਡਾ-ਜਿੱਥੇ ਬਾਸੂ, ਦੀਪੂ ਅਤੇ ਹਿਮਾਦਰੀ (ਜਿਹੜਾ ਪੇਂਟਰ ਸੀ)। ਇਹ ਤਿੰਨੇ ਰਹਿੰਦੇ ਸਨ।

ਇੱਥੇ ਸਲਿਲ ਚੌਧਰੀ, ਵਕਤ ਬਿਤਾਉਣ ਲਈ ਆਉਂਦੇ ਹੁੰਦੇ ਸਨ (ਜਾਂ ਦਾਰੂ ਪੀਣ) ਜਾਂ ਸ਼ੈਲੇਂਦਰ ਨੂੰ ਲੱਭਣ। ਕੁਝ ਸੰਘਰਸ਼ 'ਚ ਹੁੰਦੇ ਸਨ। ਮੁਕਲ ਦੱਤ, ਬਿਮਲ ਦੱਤ। ਉਹ ਵੀ, ਅਕਸਰ ਉਥੇ ਪਏ ਰਹਿੰਦੇ ਸਨ ਅਤੇ ਜਿਹੜਾ ਖਾਣਾ ਬਣਾਉਂਦਾ ਸੀ, ਉਸ ਦੀ ਪਿੰਡੋਂ ਆਏ ਲੋਕ। ਕੱਛੇ, ਬਨੈਣ ਤੋਂ ਲੈ ਕੇ ਧੋਤੀ, ਕੁੜਤੇ, ਬੈਡ ਕਵਰ ਅਤੇ ਦਰੀਆਂ ਤੱਕ ਸੁੱਕਣ ਲਈ ਲਟਕੀਆਂ ਰਹਿੰਦੀਆਂ।


ਸਲਿਲ ਦੇ Bombay Youth Choise ਦੀਆਂ ਮੀਟਿੰਗਾਂ ਵੀ ਅਕਸਰ ਇੱਥੇ ਹੀ ਹੁੰਦੀਆਂ ਸਨ। ਰੋਮਾ ਗਾਂਗੁਲੀ, ਕਿਸ਼ੋਰ ਕੁਮਾਰ ਦੀ ਬੀਵੀ, ਉਸ ਦੀ ਪ੍ਰੈਜ਼ੀਡੈਂਟ ਜਾਂ ਸੈਕਟਰੀ ਕੁਝ ਵੀ ਸੀ। ਚਾਹ, ਦੁੱਧ ਅਤੇ ਖੰਡ ਦਾ ਸਟਾਕ ਕਿਉਂਕਿ ਛੇਤੀ ਖਤਮ ਹੋ ਜਾਂਦਾ, ਇਸ ਲਈ ਇਹ ਜ਼ਿੰਮੇਵਾਰੀ ਅਕਸਰ ਗੁਆਂਢੀਆਂ 'ਤੇ ਆ ਜਾਂਦੀ ਸੀ।

ਇਹ ਉਹ ਇਕਾਂਤ ਥਾਂ ਸੀ ਜਿੱਥੇ ਸ਼ੈਲੇਂਦਰ ਲਿਖਣ ਲਈ ਆਉਂਦੇ ਹੁੰਦੇ ਸਨ। ਉਥੇ ਸਭ ਰਹਿੰਦੇ ਸਨ। ਦੂਜੀ ਸੰਸਾਰ ਜੰਗ ਅਤੇ ਆਈ.ਐਨ.ਏ. ਤੋਂ ਲੈ ਕੇ ਰੂਸ, ਚੀਨ ਸਾਰਿਆਂ 'ਤੇ ਬਹਿਸ ਹੁੰਦੀ।

ਮਹਾਂਦੇਵੀ ਵਰਮਾ, ਸੁਭਾਸ਼ ਮੁਖੋਪਾਧਿਆਇ, ਫੈਜ਼, ਨੇਰੂਦਾ, ਹਾਵਰਡ ਫਾਸਟ, ਮਹਾਂਸ਼ਵੇਤਾ ਦੇਵੀ, ਯਸ਼ਪਾਲ, ਮੰਟੋ-ਇਨ੍ਹਾਂ ਸਾਰਿਆਂ ਦੀਆਂ ਨਜ਼ਮਾਂ, ਕਹਾਣੀਆਂ 'ਤੇ ਲੜਾਈਆਂ ਹੁੰਦੀਆਂ।

ਫ਼ਿਲਮਾਂ ਦੇ ਗਾਣੇ ਸ਼ੈਲੇਂਦਰ ਕਦੋਂ ਅਤੇ ਕਿਵੇਂ ਲਿਖਦੇ ਸਨ, ਅੱਜ ਤੱਕ ਰਾਜ਼ ਹੈ। ਇੱਕ ਵਾਰ ਉਨ੍ਹਾਂ ਮੈਨੂੰ ਕਿਹਾ ਸੀ, "ਸਵੇਰ ਤੋਂ ਲੈ ਕੇ ਲੰਚ ਤੱਕ ਦਾ ਸਮਾਂ ਸ਼ੰਕਰ ਜੈ ਕਿਸ਼ਨ ਲਈ ਹੈ। ਇਹ ਡਸਿਪਲਿਨ ਟੁੱਟ ਨਹੀਂ ਸਕਦਾ। ਟੁੱਟ ਗਿਆ ਮੁਸ਼ਕਲ ਹੋ ਜਾਵੇਗੀ।"

'ਪਰਖ' ਦੇ ਡਾਇਲਾਗ ਲਿਖੇ ਸਨ। ਫਿਰ 'ਪਿੰਜਰੇ ਕੇ ਪੰਛੀ' ਵਿਚ ਤੈਅ ਹੋਇਆ ਕਿ ਉਹ ਸਕਰਿਪਟ ਲਿਖਣਗੇ, ਮੈਂ ਗਾਣੇ ਲਿਖਾਂਗਾ। ਪਰ ਵਕਤ ਦੀ ਕਿੱਲਤ ਨੇ ਫ਼ੈਸਲਾ ਬਦਲ ਦਿੱਤਾ। ਮੈਂ



ਸਕਰਿਪਟ ਲਿਖੀ ਅਤੇ ਸ਼ੈਲੇਂਦਰ ਨੇ ਗਾਣੇ ਲਿਖੇ।

ਇੱਕ ਫ਼ਿਲਮ ਬਣਾਈ ਸ਼ੈਲੇਂਦਰ ਨੇ 'ਤੀਸਰੀ ਕਸਮ' ਰੇਣੂ ਜੀ ਦੀ ਉਹ ਕਹਾਣੀ, ਇੱਕ ਵਾਰ ਸ਼ਾਇਦ 'ਮਾਰੇ ਗਏ ਗੁਲਫ਼ਾਮ' ਦੇ ਨਾਂ ਨਾਲ, ਬਾਪੂ ਨਿਵਾਸ ਵਿਚ ਪੜ੍ਹੀ ਗਈ ਸੀ।

ਫ਼ਿਲਮਾਂ ਦੇ ਮਾਹੌਲ ਵਿਚ ਰਹਿੰਦਿਆਂ ਵੀ, ਸ਼ੈਲੇਂਦਰ ਦੇ ਮਾਹੌਲ ਵਿਚ ਦਾਹਿਤ ਮਹਿਕਦਾ ਰਿਹਾ। ਇਕ ਆਮ ਅਤੇ ਮਾਮੂਲੀ ਕਿਸਮ ਦੀ ਸਿਚੁਏਸ਼ਨ ਵਿਚ, ਗਾਣੇ ਨੂੰ ਲਿਟਰੇਚਰ ਦਾ ਦਰਜਾ ਦੇ ਦੇਣਾ, ਸ਼ੈਲੇਂਦਰ ਦਾ ਹਿੱਸਾ ਸੀ। ਮੈਂ ਕਈ ਥਾਂ ਕਹਿ ਚੁੱਕਾ ਹਾਂ ਕਿ ਸ਼ੈਲੇਂਦਰ ਹਿੰਦੀ ਫਿਲਮ ਸਨਅਤ ਦਾ ਹੁਣ ਤਕ ਦਾ ਬਿਹਤਰੀਨ ਗੀਤਕਾਰ ਹੈ।

ਨਜ਼ਮ ਅਤੇ ਨਗਮੇ ਦਾ ਫ਼ਰਕ ਉਹ ਜਾਣਦੇ ਸਨ।

ਨਜ਼ਮ ਕਿਵੇਂ ਨਗਮਾ ਬਣਦੀ ਹੈ, ਉਨ੍ਹਾਂ ਨੂੰ ਇਸ ਦੀ ਖ਼ਬਰ ਸੀ। ਇਸ ਲਈ ਲੋਕਾਂ ਅਤੇ ਲੋਕ ਕਲਾਵਾਂ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ। ਮਾਮੂਲੀ ਜਿਹੀ ਸਿਚੁਏਸ਼ਨ ਵਿਚ ਮਾਮੂਲੀ ਜਿਹੇ ਸ਼ਬਦਾਂ ਵਿਚ ਵੱਡੀ ਗੱਲ ਕਹਿ ਜਾਣੀ ਸ਼ੈਲੇਂਦਰ ਦੀ ਖਾਸੀਅਤ ਸੀ। ਇੱਕ ਆਮ ਆਦਮੀ, ਆਮ ਨਾਗਰਿਕ ਦੀ ਪਛਾਣ ਦੇਖੋ,

ਹੋਂਗੇ ਰਾਜੇ, ਰਾਜਕੁੰਵਰ,
ਹਮ ਬਿਗੜੇ ਦਿਲ ਸ਼ਹਿਜ਼ਾਦੇ।
ਹਮ ਸਿੰਘਾਸਨ ਪਰ ਜਾ ਬੈਠੇ,
ਜਬ-ਜਬ ਕਰੇ ਇਰਾਦੇ।

ਸੂਰਤ ਹੈ ਜਾਨੀ ਪਹਿਚਾਨੀ,
ਦੁਨੀਆਂ ਵਾਲੋਂ ਕੋ ਹੈਰਾਨੀ।
ਸਰ ਪੇ ਲਾਲ ਟੋਪੀ ਰੂਸੀ,
ਫਿਰ ਭੀ ਦਿਲ ਹੈ ਹਿੰਦੋਸਤਾਨੀ!

ਉਨ੍ਹਾਂ ਦੀ ਆਪਣੀ ਵਿਚਾਰਧਾਰਾ, ਹੱਥ ਵਿਚ ਹੱਥ ਫੜੀ ਉਨ੍ਹਾਂ ਦੇ ਨਾਲ ਤੁਰਦੀ ਸੀ। ਤਰਜ਼ ਵਿਅੰਗ, ਹਿਊਮਰ।

ਸੀਧੀ ਸੀ ਬਾਤ ਨਾ ਮਿਰਚ ਨਾ ਮਸਾਲਾ
ਕਹਿ ਕੇ ਰਹੇਗਾ ਕਹਨੇ ਵਾਲਾ।

## ਪਿਛਲੇ ਪੰਨੇ

ਉਨ੍ਹਾਂ ਦੀ ਬਿੰਬ ਸਿਰਜਣਾ, ਉਨ੍ਹਾਂ ਦੀ ਜ਼ੁਬਾਨ:

ਚਿੱਠੀਆਂ ਹੋ ਤੋ ਹਰ ਕੋਈ ਬਾਂਚੇ,
ਭਾਗ ਨਾ ਬਾਂਚੇ ਕੋਇ
ਓ ਪੰਛੀ ਪਿਆਰੇ, ਸਾਂਝ ਸਕਾਰੇ,
ਬੋਲੇ ਤੂੰ ਕੌਨ ਸੀ ਬੋਲੀ
ਅਬ ਕੇ ਬਰਸ ਭੇਜ ਭਈਆ ਕੋ
ਬਾਬੁਲ, ਸਾਵਨ ਮੇਂ ਲੀਜੋ ਬੁਲਾਏ ਰੇ!

ਸਚਿਨ ਦਾ ਅਤੇ ਐਸ.ਡੀ. ਬਰਮਨ ਵਿਚ ਇੱਕ ਵਾਰ ਰੁਸੇਵਾਂ ਹੋ ਗਿਆ। ਸਚਿਨ ਦਾ ਕਿਸੇ ਗੱਲ 'ਤੇ ਸ਼ੈਲੇਂਦਰ ਨਾਲ ਰੁੱਸ ਗਏ। ਦੀਬੂ ਨੇ ਮੈਨੂੰ ਕਿਹਾ, "ਬਿਮਲ ਦਾ ਨੂੰ ਜਾ ਕੇ ਮਿਲੋ। ਇੱਕ ਗਾਣਾ ਲਿਖਣਾ ਹੈ। ਮੈਂ ਇਨਕਾਰ ਕਰ ਦਿੱਤਾ।

ਸ਼ੈਲੇਂਦਰ ਨੇ ਤਕਰੀਬਨ ਮੈਨੂੰ ਧੱਕ ਕੇ ਭੇਜ ਦਿੱਤਾ। "ਜਾ-ਜਾ, ਤੇਰਾ ਮੋਟਰ ਗੈਰਜ ਨਹੀਂ ਛੁੱਟ ਚੱਲਿਆ।" ਉਨ੍ਹੀਂ ਦਿਨੀਂ ਮੈਂ ਗੈਰਜ ਵਿਚ ਕੰਮ ਕਰ ਰਿਹਾ ਸੀ।

ਮੈਂ ਫ਼ਿਲਮਾਂ ਵਿਚ ਆਪਣਾ ਪਹਿਲਾ ਗਾਣਾ ਲਿਖਿਆ:

ਮੋਰਾ ਗੋਰਾ ਅੰਗ ਲਈ ਲੇ,
ਮੋਹੇ ਸ਼ਿਆਮ ਰੰਗ ਦਈ ਦੇ!

ਮੇਰੇ ਪਹਿਲੇ ਗਾਣੇ ਦੀ ਥਾਂ ਸ਼ੈਲੇਂਦਰ ਨੇ ਥੋੜ੍ਹੀ ਦੇਰ ਲਈ ਖਾਲੀ ਕੀਤੀ ਸੀ ਅਤੇ ਕਿਹਾ ਸੀ, "ਜ਼ਰਾ ਇਸ ਸੀਟ ਤੇ ਬਹਿ, ਮੈਂ ਹੁਣੇ ਆਉਂਦਾ ਹਾਂ।"

ਸ਼ੈਲੇਂਦਰ ਉਸ ਫ਼ਿਲਮ ਵਿਚ ਵਾਪਸ ਵੀ ਆਏ ਅਤੇ ਚਲੇ ਵੀ ਗਏ।

ਮੈਂ ਅਜੇ ਤੱਕ ਉਸ ਸੀਟ ਕੋਲ ਖੜ੍ਹਾ ਉਡੀਕ ਕਰ ਰਿਹਾ ਹਾਂ। ਕਿਸੇ ਦੀ ਮਜ਼ਾਲ ਨਹੀਂ, ਸ਼ੈਲੇਂਦਰ ਦੀ ਥਾਂ ਕੋਈ ਪੂਰੀ ਕਰ ਸਕੇ। ਕੋਈ ਹੋਰ ਉਸ ਸੀਟ 'ਤੇ ਨਹੀਂ ਬਹਿ ਸਕਦਾ।

# ਮੰਦਾ ਕਿਸ ਨੋ ਆਖੀਐ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਮਾੜਾ, ਬੁਰਾ, ਭੈੜਾ ਦੇ ਅਰਥਾਂ ਵਿਚ ਮੰਦਾ ਸ਼ਬਦ ਦੀ ਪੰਜਾਬੀ ਵਿਚ ਖਾਸੀ ਵਰਤੋਂ ਹੁੰਦੀ ਹੈ। ਮਰਦ-ਔਰਤਾਂ ਮੰਦੇ ਹੁੰਦੇ ਹਨ ਤੇ ਸੜਕਾਂ ਦਾ ਹਾਲ ਵੀ ਮੰਦਾ ਹੁੰਦਾ ਹੈ। ਨੈਤਿਕਤਾ ਦੇ ਸੰਦਰਭ ਵਿਚ ਦੁਰਵਿਹਾਰ, ਦੁਸ਼ਕਰਮ ਜਾਂ ਦੁਰਬਚਨ ਵੱਲ ਸੰਕੇਤ ਕਰਨ ਲਈ ਇਹ ਸ਼ਬਦ ਆਮ ਹੀ ਵਰਤਿਆ ਜਾਂਦਾ ਹੈ। ਕਿਹਾ ਜਾਂਦਾ ਹੈ, ਮੰਦੇ ਬੋਲ ਨਾ ਬੋਲੀਏ। ਗੁਰੂ ਨਾਨਕ ਦੇਵ ਦੇ ਨਾਂ ਲਾਈ ਹੋਈ ਕਹਾਵਤ ਹੈ, 'ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਏ।' ਗੁਰੂਆਂ, ਭਗਤਾਂ, ਸੂਫੀਆਂ ਦੀ ਬਾਣੀ ਵਿਚ ਇਸ ਸ਼ਬਦ ਨੂੰ ਖਾਸ ਥਾਂ ਮਿਲੀ ਹੈ। ਕੁਝ ਮਿਸਾਲਾਂ ਲੈਂਦੇ ਹਾਂ, "ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥" (ਬਾਬਾ ਸ਼ੇਖ ਫਰੀਦ); 'ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (ਭਗਤ ਕਬੀਰ); 'ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥' (ਗੁਰੂ ਨਾਨਕ ਦੇਵ)

ਹਸ਼ਮ ਸ਼ਾਹ ਨੇ ਪਖੰਡੀ ਲੋਕਾਂ ਨੂੰ ਨਿੰਦਦਿਆਂ ਇਸ ਸ਼ਬਦ ਦਾ ਸਹਾਰਾ ਲਿਆ ਹੈ,

ਵੇਦ ਕਿਤੇਬ ਪੜ੍ਹਨ ਚਤੁਰਾਈ,
ਅਤੇ ਜਪ ਤਪ ਸਾਧੁ ਬਣਾਵੇ।
ਭਗਵੇਂ ਭੇਸ ਕਰਨ ਕਿਸ ਕਾਰਣ,
ਉਹ ਮੰਦਾ ਖੋਟ ਲੁਕਾਵੇ।
ਮੂਰਖ ਜਾ ਵੜੇ ਉਸ ਵਿਹੜੇ,
ਅਤੇ ਔਖਧ ਜਨਮ ਗਵਾਵੇ।
ਹਾਸ਼ਮ ਮੁਕਤ ਨਸੀਬ ਜਿਨ੍ਹਾਂ ਦੇ,
ਸੋਈ ਦਰਦਮੰਦਾਂ ਵੱਲ ਆਵੇ।

ਅੱਜ ਕਲ੍ਹ ਮਾਸ ਚਰਚਾ ਵਿਚ ਹੈ ਤਾਂ ਕਿਉਂ ਨਾ ਬਾਬੇ ਨਾਨਕ ਦੀ ਸੁਣ ਲਈਏ, 'ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ, ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ॥' ਮੰਦਾ-ਚੰਗਾ ਜਾਂ ਚੰਗਾ-ਮੰਦਾ ਦੁਰੁਕਤੀਆਂ ਦਾ ਵੀ ਕਾਫੀ ਪ੍ਰਚਲਨ ਹੈ, "ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥' (ਗੁਰੂ ਨਾਨਕ ਦੇਵ)

ਗੌਰਤਲਬ ਹੈ ਕਿ ਜਿਸ ਦੁਰਕਤੀ ਵਿਚ ਉਲਟਭਾਵੀ ਸ਼ਬਦ ਹੁੰਦੇ ਹਨ, ਆਮ ਤੌਰ 'ਤੇ ਉਸ ਦਾ ਸਮੁੱਚਾ ਭਾਵ ਨਾਂਹਪੱਖੀ ਸ਼ਬਦ ਵਾਲਾ ਹੁੰਦਾ ਹੈ, ਜਿਵੇਂ ਨੈਗੇਟਿਵ ਤੇ ਪਾਜ਼ਿਟਿਵ ਸੰਖਿਆਵਾਂ ਦੇ ਗੁਣਾ ਤੋਂ ਨੈਗੇਟਿਵ ਪਰਿਣਾਮ ਹੀ ਹਾਸਿਲ ਹੁੰਦਾ ਹੈ। 'ਮੰਦਾ ਚੰਗਾ' ਦੁਰੁਕਤੀ ਵਿਚ ਭਾਵੇਂ ਚੰਗਾ ਸ਼ਬਦ ਵੀ ਹੈ ਪਰ ਸਮੁੱਚਾ ਅਰਥ ਮੰਦੇਪਣ ਦਾ ਹੀ ਹੈ। 'ਥੋੜਾ ਬਾਹਲਾ' ਵਿਚ ਥੋੜਾ ਨਾਕਾਰਾਤਮਕ ਹੈ ਤੇ ਬਾਹਲਾ ਸਾਕਾਰਾਤਮਕ ਪਰ ਸਮੁੱਚਾ ਭਾਵ ਨਾਕਾਰਾਤਮਕ ਹੀ ਨਿਕਲਦਾ ਹੈ। ਗੰਦਾ-ਮੰਦਾ ਇਕ ਹੋਰ ਦੁਰੁਕਤੀ ਹੈ ਜਿਸ ਦਾ ਭਾਵ ਮੈਲਾ-ਕੁਚੈਲਾ ਹੈ। ਹਾਲਾਂਕਿ ਮੰਦਾ ਵਿਚ ਗੰਦਾ ਜਾਂ ਮੈਲਾ ਆਦਿ ਦੇ ਭਾਵ ਨਹੀਂ ਹਨ। ਮੰਦਾ ਜਾਂ ਮੰਦੀ ਸ਼ਬਦ ਦੀ ਵਰਤੋਂ ਵਪਾਰ ਦੀ ਸੁਸਤੀ, ਗਿਰਾਵਟ, ਥੁੜ, ਘਾਟ, ਸਸਤਭਾਈ ਦੇ ਅਰਥਾਂ ਵਿਚ ਵੀ ਹੁੰਦੀ ਹੈ ਜਿਵੇਂ ਅੱਜ ਕਲ੍ਹ ਮੰਦਾ ਚਲ ਰਿਹਾ ਹੈ। ਮੰਦਾ ਤੋਂ ਦੂਜੀ ਡਿਗਰੀ ਦਾ ਵਿਸ਼ੇਸ਼ਣ ਮੰਦੇਰਾ ਵੀ ਬਣਿਆ ਹੈ, "ਤਿਨ ਮਸਤਕ ਭਾਗੁ ਮੰਦੇਰਾ॥' (ਗੁਰੂ ਰਾਮ ਦਾਸ)

ਬੁਰਿਆਈ, ਕਰਤੂਤ ਜਾਂ ਭੈੜੇ ਸੁਭਾਅ ਦੇ ਅਰਥਾਂ ਵਿਚ ਇਹ ਸ਼ਬਦ ਨਾਂਵ ਵਜੋਂ ਵੀ ਵਰਤ ਲਿਆ ਜਾਂਦਾ ਹੈ, "ਨੀ ਤੂੰ ਮੰਦਾ ਕੀਤਾ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ।" (ਪੀਲੂ); 'ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥' (ਗੁਰੂ ਅਰਜਨ ਦੇਵ)

ਮੰਦਾ ਸ਼ਬਦ ਬਣਿਆ ਹੈ ਮੰਦ ਤੋਂ ਜੋ ਇਕ ਧਾਤੂ ਵੀ ਹੈ। ਮੰਦ ਧਾਤੂ ਵਿਚ ਅਹਿੱਲਤਾ, ਅਚੱਲਤਾ, ਜੜ੍ਹਤਾ ਦੇ ਭਾਵ ਹਨ। ਮੰਦ ਵਿਸ਼ੇਸ਼ਣ ਵੀ ਹੈ ਤੇ ਨਾਂਵ ਵੀ। ਆਉ ਜ਼ਰਾ ਇਸ ਦੀ ਵਿਆਪਕਤਾ ਦੀ ਥਾਹ ਪਾਈਏ। ਪਹਿਲਾਂ ਇਹ ਜਾਣ ਲਈਏ ਕਿ ਜੜ੍ਹਤਾ ਦਾ ਭਾਵ ਧੀਮੇਪਣ, ਢਿਲ੍ਹੇਪਣ, ਸਿਥਲਤਾ, ਕਮੀ ਆਦਿ ਦੇ ਅਰਥ ਸਹਿਜੇ ਹੀ ਅਖਤਿਆਰ ਕਰ ਲੈਂਦਾ ਹੈ। ਅਸੀਂ ਅਲਪਬੁਧੀ ਵਾਲੇ, ਮੂੜ੍ਹ ਦੇ ਅਰਥਾਂ ਵਿਚ ਮੰਦ-ਬੁਧੀ ਸ਼ਬਦ ਆਮ ਹੀ ਵਰਤਦੇ ਹਾਂ। ਮੰਦਭਾਗਾ ਉਹ ਹੁੰਦਾ ਹੈ ਜਿਸ ਦੀ ਕਿਸਮਤ ਵਿਚ ਖੁਸ਼ਹਾਲੀ ਆਦਿ ਦੀ ਘਾਟ ਹੈ, 'ਮੰਦਭਾਗੀ ਤੇਰੇ ਦਰਸਨੁ ਨਾਹਿ॥' (ਭਗਤ ਕਬੀਰ)

ਆਰਥਿਕਤਾ ਵਿਚ ਵਸਤੂਆਂ ਦੀ ਕਮੀ ਜਾਂ ਘਾਟ ਲਈ ਮੰਦਵਾੜਾ ਸ਼ਬਦ ਆਮ ਹੀ ਚਲਦਾ ਹੈ। ਮੰਦ ਸ਼ਬਦ ਵਿਚ ਕਮਜ਼ੋਰੀ, ਢਹਿੰਦੀਆਂ ਕਲਾਂ, ਢਿਲੇਪਣ, ਸੁਸਤੀ, ਬੀਮਾਰੀ, ਧੀਮੇਪਣ ਆਦਿ ਦੇ ਭਾਵ ਵੀ ਹਨ। ਮੰਦਹਾਲੀ ਜਿਹੇ ਸ਼ਬਦਾਂ ਤੋਂ ਇਸ ਦਾ ਸੰਕੇਤ ਮਿਲਦਾ ਹੈ। ਚਾਲ ਮੰਦੀ ਹੁੰਦੀ ਹੈ ਤਾਂ ਮੁਸਕਾਨ ਵੀ ਮੰਦੀ ਹੁੰਦੀ ਹੈ। ਮੰਦ ਮੰਦ ਮੁਸਕਾਨ ਦੇ ਤਾਂ ਕਹਿਣੇ ਹੀ ਕੀ! ਮੰਦ ਮੰਦ ਚੱਲਣ ਵਾਲੀ ਗੰਗਾ ਦੀ ਇਕ ਸਹਾਇਕ ਨਦੀ ਦਾ ਨਾਂ ਮੰਦਾਕਿਨੀ ਹੈ। ਸੰਸਕ੍ਰਿਤ ਵਿਚ ਮੰਦ ਦਾ ਅਰਥ ਨਸ਼ੇੜੀ ਵੀ ਮਿਲਦਾ ਹੈ। ਸਪਸ਼ਟ ਹੈ ਕਿ ਨਸ਼ੇ ਵਿਚ ਧੁੱਤ ਆਦਮੀ ਇਕ ਤਰ੍ਹਾਂ ਜੜ ਜਿਹਾ ਹੀ ਹੁੰਦਾ ਹੈ।

ਕਿਸੇ ਹੋਰ ਲੇਖ ਵਿਚ ਦੱਸਿਆ ਗਿਆ ਸੀ ਕਿ ਮੂਰਖ ਅਤੇ ਮੁਗਧ ਸ਼ਬਦ ਵੀ ਮੁਢਲੇ ਤੌਰ 'ਤੇ ਇਕੋ ਮੂਲ ਤੋਂ ਆ ਰਹੇ ਹਨ। ਦੋਨਾਂ ਵਿਚ ਬੁਧੀ ਪਲਾਇਣ ਕਰ ਜਾਂਦੀ ਹੈ। ਹੋਰ ਤਾਂ ਹੋਰ ਮੰਦ ਦਾ ਇਕ ਅਰਥ ਸੁਸਤ ਜਾਂ ਮੂੜ ਹਾਥੀ ਵੀ ਹੈ। ਮੰਦ ਸ਼ਬਦ ਫਾਰਸੀ ਵਿਚ ਵੀ ਮਿਲਦਾ ਹੈ ਜਿਸ ਤੋਂ ਬਣਿਆ ਮਾਂਦਗੀ ਪੰਜਾਬੀ ਵਿਚ ਆ ਵੜਿਆ ਹੈ।

ਪੰਜਾਬੀ ਦਾ ਇਕ ਠੇਠ ਸ਼ਬਦ ਹੈ 'ਮਹੇੜਮਾਂ' ਜਿਸ ਦਾ ਅਰਥ ਹੈ, ਦੂਧ ਦੀ ਕਮੀ। ਸਾਡੀ ਸਭਿਅਤਾ ਵਿਚ ਘਰ ਵਿਚ ਦੁਧ-ਬਾਧ ਦਾ ਹੋਣਾ ਖੁਸ਼ਹਾਲੀ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਇਸ ਲਈ ਦੁਧ ਦੀ ਘਾਟ ਮੰਦਹਾਲੀ ਦੀ ਨਿਸ਼ਾਨੀ ਹੀ ਹੈ। ਮਹੇੜਮਾਂ ਸ਼ਬਦ ਬਣਿਆ ਹੈ 'ਮੰਦਧੈਨਵਾ' (ਮੰਦ+ਧੈਨਵ) ਤੋਂ ਜਿਸ ਦਾ ਸ਼ਾਬਦਿਕ ਅਰਥ ਹੋਇਆ, ਦੁਧ ਦਿੰਦੀ ਗਊ ਜਾਂ ਲਵੇਰੀ ਦਾ ਨਾ ਹੋਣਾ, ਘਟ ਦੁਧ। ਇਸ ਸ਼ਬਦ ਵਿਚ ਮੰਦ ਦਾ ਅਰਥ ਘਟ ਹੈ ਤੇ ਧੈਨਵਾ ਸ਼ਬਦ ਗਊਆਂ ਦਾ



ਅਰਥਾਵਾਂ ਹੈ। ਇਸ ਸ਼ਬਦ ਦਾ ਵਿਕਾਸ ਕੁਝ ਇਸ ਤਰ੍ਹਾਂ ਹੋਇਆ ਹੋਵੇਗਾ: ਮੰਦਧੈਨਵਾ> ਮਧੇਨਵਾ> ਮਹੇਨਵਾਂ> ਮਹੇੜਮਾਂ।

'ਧ' ਧੁਨੀ 'ਹ' ਵਿਚ ਅਤੇ 'ਵ' ਧੁਨੀ 'ੜ' ਵਿਚ ਆਮ ਹੀ ਵੱਟ ਜਾਂਦੀ ਹੈ। ਧੇਨ ਸੱਜਰ ਸੂਈ ਗਊ, ਲਵੇਰੀ ਨੂੰ ਆਖਦੇ ਹਨ, "ਧੇਨ ਦੁਧੈ ਤੇ ਬਾਹਰੀ ਕਿਤੈ ਨਾ ਆਵੈ ਕਾਮ॥" (ਗੁਰੂ ਅਰਜਨ ਦੇਵ) ਮਹੇੜਮਾਂ ਦੇ ਵਿਪਰੀਤ ਸ਼ਬਦ ਹੈ, ਧੇਣਵਾਂ ਜਿਸ ਦਾ ਮਤਲਬ ਹੋਇਆ ਲਵੇਰੇ ਦਾ ਹੋਣਾ, 'ਨਦੀਆ ਹੋਵਹਿ ਧੇਣਵਾ ਸੁੰ ਹੋਵਹਿ ਦੁਧੁ ਘੀਉ॥" (ਗੁਰੂ ਨਾਨਕ ਦੇਵ)

ਸ਼ਬਦ ਨਿਰਮਾਣ ਦੀ ਵਿਥਿਆ ਅਕਸਰ ਬੜੀ ਰੁਮਾਂਚਕ ਹੁੰਦੀ ਹੈ। ਕਈ ਵਾਰੀ ਤਾਂ ਇੰਜ ਲਗਦਾ ਹੈ ਜਿਵੇਂ ਚੁਬਾਰੇ ਦੀ ਇੱਟ ਮੋਰੀ ਨੂੰ ਲੱਗ ਗਈ ਹੋਵੇ। ਦਿਲਚਸਪ ਗੱਲ ਹੈ, ਪੂਜਾ ਸਥਾਨ ਮੰਦਰ/ਮੰਦਿਰ ਦਾ ਸਬੰਧ ਵੀ ਮੰਦ ਨਾਲ ਜਾ ਜੁੜਦਾ ਹੈ। ਮਹਾਨ ਕੋਸ਼ ਨੇ ਇਸ ਸ਼ਬਦ ਦੀ ਵਿਆਖਿਆ ਕਰਦਿਆਂ ਲਿਖਿਆ ਹੈ, 'ਰਾਜਭਵਨ, ਜਿਸ ਵਿਚ ਮੰਦ (ਆਨੰਦ) ਕੀਤਾ ਜਾਂਦਾ ਹੈ, ਦੇਖੋ ਮੰਦ ਧਾ।' ਮੰਦ 'ਤੇ ਜਾਣ ਨਾਲ ਇਸ ਦਾ ਪਹਿਲਾ ਅਰਥ, ਜੋ ਇਥੇ ਲਾਗੂ ਕੀਤਾ ਗਿਆ ਹੈ, ਇਸ ਪ੍ਰਕਾਰ ਹੈ, "ਉਸਤਿਤ ਕਰਨਾ, ਅਨੰਦ ਕਰਨਾ...।" ਇਹ ਸਹੀ ਹੈ ਕਿ ਮੰਦ ਸ਼ਬਦ ਦਾ ਇਕ ਅਰਥ ਇਹੋ ਹੈ ਪਰ ਇਹ 'ਮੰਦ' ਕਿਸੇ ਹੋਰ ਧਾਤੂ ਤੋਂ ਆ ਰਿਹਾ ਹੈ ਜਿਸ ਦਾ ਇਕ ਰੂਪ ਮਦ ਵੀ ਹੈ।

ਬਹੁਤੇ ਜਾਣਦੇ ਹੀ ਹੋਣਗੇ ਕਿ ਮਦ ਸ਼ਬਦ ਵਿਚ ਨਸ਼ੇ ਦੇ ਭਾਵ ਹਨ। ਇਸ ਨਾਲ ਸਬੰਧਤ ਮੰਦ ਦੇ ਅਰਥ ਹਨ, ਅਨੰਦ ਕਰਨਾ, ਖੁਸ਼ੀ ਮਨਾਉਣਾ; ਨਸ਼ਾ ਕਰਨਾ; ਚਮਕਣਾ; ਉਸਤਤ ਕਰਨਾ। ਮੇਰੀ ਸਮਝ ਅਨੁਸਾਰ ਇਸ ਮੰਦ ਤੋਂ ਮੰਦਰ ਸ਼ਬਦ ਦਾ ਨਿਰਮਾਣ ਤਰਕਸੰਗਤ ਨਹੀਂ ਹੈ। ਨਾਲੇ ਮੰਦਰ ਕੋਈ ਅਨੰਦ ਕਰਨ ਵਾਲੀ ਜਗ੍ਹਾ ਨਹੀਂ ਹੈ। ਮੋਨੀਅਰ ਵਿਲੀਅਮਜ਼ ਨੇ ਇਸ ਨੂੰ ਪੂਰਵ-ਚਰਚਿਤ ਮੰਦ ਨਾਲ ਜੋੜਿਆ ਹੈ। ਅਸਲ ਵਿਚ ਉਸ ਦੇ ਸੰਸਕ੍ਰਿਤ-ਅੰਗਰੇਜ਼ੀ ਕੋਸ਼ ਵਿਚ ਮੰਦਰ ਦਾ ਪਹਿਲਾ ਅਰਥ ਹੀ ਧੀਮਾ, ਸੁਸਤ, ਹੌਲਾ ਆਦਿ ਹੈ। ਇਸ ਤੋਂ ਅਗਲਾ ਅਰਥ ਹੈ- ਵਿਸ਼ਾਲ, ਮੋਟਾ, ਪੱਕਾ-ਪੀਡਾ, ਅਹਿਲ। ਸਾਡੇ ਕੰਮ ਦੀ ਗੱਲ ਹੋਰ ਅੱਗੇ ਆਉਂਦੀ ਹੈ ਜਿਸ ਨੂੰ 'ਮਹਾਨ ਕੋਸ਼' ਨੇ ਵੀ ਲਿਆ ਹੈ।

ਇਕ ਪਹਾੜ ਦਾ ਨਾਂ ਜੋ ਕਈ ਦੇਵਤਿਆਂ ਦੀ ਰਿਹਾਇਸ਼ ਹੈ। ਸੁਰਾਂ ਅਤੇ ਅਸੁਰਾਂ ਨੇ ਜਦ ਸਾਗਰ ਮੰਥਨ ਕੀਤਾ ਸੀ ਤਾਂ ਇਸ ਪਹਾੜ ਨੂੰ ਮਧਾਣੀ ਵਜੋਂ ਵਰਤਿਆ ਸੀ। ਇਸ ਪਹਾੜ ਨੂੰ ਮੰਦਾਰ ਜਾਂ ਮੰਦਰਾਚਲ ਪਰਬਤ ਵੀ ਕਿਹਾ ਜਾਂਦਾ ਹੈ, 'ਮੰਦਾਰਨ ਕੁਸਮਾਂ ਜੁਲਿ ਅਰਪਹਿ'। ਇਥੇ ਮੰਦ ਸ਼ਬਦ ਦੇ ਅਹਿੱਲਤਾ, ਅਚੱਲਤਾ, ਜੜ੍ਹਤਾ ਦੇ ਭਾਵ ਲਾਗੂ ਹੁੰਦੇ ਹਨ। ਪਹਾੜ ਅਹਿੱਲ, ਅਚੱਲ, ਜੜ, ਵਿਸ਼ਾਲ, ਮੋਟਾ ਪੀਡਾ ਹੁੰਦਾ ਹੈ। ਅਸੀਂ ਜਾਣਦੇ ਹਾਂ ਕਿ ਪਹਾੜ ਨੂੰ ਅਚੱਲ ਵੀ ਕਿਹਾ ਜਾਂਦਾ ਹੈ ਭਾਵ ਜੋ ਚੱਲ ਨਾ ਸਕੇ। ਹਿਮਾਚਲ (ਹਿਮ+ਅਚੱਲ) ਵਿਚ ਇਹੋ ਅਚੱਲ ਬੋਲ ਰਿਹਾ ਹੈ। ਇਸੇ ਤਰ੍ਹਾਂ ਮੰਦਰ ਉਹ ਜੋ ਮੰਦ ਹੈ, ਜੋ ਸਥਿਰ ਹੈ। ਸੋ ਮੰਦਰ ਦਾ ਅਰਥ ਪਹਾੜ ਦੇ ਨਾਲ ਨਾਲ ਦੇਵਤਿਆਂ ਦਾ ਵਾਸਾ ਵੀ ਸਹੀ ਹੁੰਦਾ ਹੈ।

ਗੌਰਤਲਬ ਹੈ ਕਿ ਮੰਦਰ ਪਹਾੜਾਂ 'ਤੇ ਹੀ ਹੁੰਦੇ ਸਨ ਤੇ ਅੱਜ ਵੀ ਤੀਰਥ ਯਾਤਰਾ ਵਾਲੇ ਮੰਦਰ ਪਹਾੜਾਂ 'ਤੇ ਹੀ ਹਨ। ਦੁਰਗਾ, ਸ਼ਿਵ, ਵਿਸ਼ਨੂੰ ਦੇ ਮੰਦਰ, ਵੈਸ਼ਨੋ ਦੇਵੀ, ਕਿਦਾਰ ਨਾਥ, ਬਦਰੀ ਨਾਥ ਉਚੇ ਪਹਾੜਾਂ 'ਤੇ ਹੀ ਹਨ, 'ਮੰਦਰ ਮੇਰੇ ਸਭ ਤੇ ਊਚੇ॥' (ਗੁਰੂ ਅਰਜਨ ਦੇਵ)

ਮਨੁੱਖ ਦਾ ਘਰ ਵੀ ਅਚੱਲ ਹੀ ਹੁੰਦਾ ਹੈ ਜਿਥੇ ਉਹ ਸਾਰੀ ਜ਼ਿੰਦਗੀ ਦਾ ਵਸੇਬਾ ਕਰਦਾ ਹੈ। ਮੁਢਲੇ ਤੌਰ 'ਤੇ ਮਨੁੱਖ ਵੀ ਪਹਾੜਾਂ ਦੀਆਂ ਗੁਫਾਵਾਂ ਵਿਚ ਰਹਿੰਦਾ ਸੀ। ਜਦ ਮਨੁੱਖ ਮੈਦਾਨਾਂ ਵਿਚ ਰਹਿਣ ਲੱਗਾ ਤਾਂ ਮੈਦਾਨਾਂ ਵਿਚ ਬਣੇ ਘਰਾਂ ਜਾਂ ਪੂਜਾ ਸਥਾਨਾਂ ਨੂੰ ਵੀ ਇਹ ਨਾਂ ਮਿਲਿਆ। ਇਸ ਲਈ ਮੰਦਰ ਵਿਚ ਵਾਸਾ, ਰਿਹਾਇਸ਼, ਘਰ ਆਦਿ ਦੇ ਅਰਥ ਨਿਹਿਤ ਹਨ, ਖਾਸ ਤੌਰ 'ਤੇ ਵੱਡੇ ਮਹਿਲ ਮਾੜੀਆਂ ਨੂੰ ਮੰਦਰ ਕਿਹਾ ਜਾਂਦਾ ਹੈ, 'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ' ਵਿਚ ਇਹ ਭਾਵ ਹੀ ਸਪੱਸ਼ਟ ਹੁੰਦੇ ਹਨ।

ਗੁਰਬਾਣੀ ਵਿਚ ਪਰਮਾਤਮਾ ਦੀ ਰਿਹਾਇਸ਼ ਲਈ ਵੀ ਮੰਦਰ ਸ਼ਬਦ ਵਰਤਿਆ ਗਿਆ ਹੈ, 'ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰ॥' (ਗੁਰੂ ਨਾਨਕ ਦੇਵ) ਅਨੇਕਾਂ ਵਾਰ ਘਰ ਮੰਦਰ ਸ਼ਬਦ ਜੁੱਟ ਦੀ ਵਰਤੋਂ ਵੀ ਹੋਈ ਹੈ, 'ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥' (ਗੁਰੂ ਨਾਨਕ ਦੇਵ) ਮੰਦਰ ਤੋਂ ਹਰਿਮੰਦਰ, ਭਸਮੰਦਰ, ਸੁਖਮੰਦਰ, ਰਾਜਮੰਦਰ ਆਦਿ ਸਮਾਸ ਵੀ ਬਣੇ ਹਨ। ਦਰਬਾਰ ਸਾਹਿਬ ਨੂੰ ਹਰਿਮੰਦਰ ਕਿਹਾ ਜਾਂਦਾ ਹੈ। ਭਸਮੰਦਰ ਦਾ ਅਰਥ ਸੁਆਹ ਦਾ ਮੰਦਰ ਹੈ ਜੋ ਇਸ ਸੰਸਾਰ ਦੀ ਨਾਸ਼ਮਾਨਤਾ ਦਾ ਪ੍ਰਤੀਕ ਹੈ, 'ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ॥' (ਗੁਰੂ ਨਾਨਕ ਦੇਵ) ਮੰਦਰ ਸ਼ਬਦ ਵਿਚ ਵਾਸਾ ਦਾ ਭਾਵ ਹੋਣ ਕਾਰਨ ਇਸ ਵਿਚ ਮਨੁਖੀ ਸਰੀਰ ਦੇ ਭਾਵ ਵੀ ਆ ਗਏ ਹਨ। ਮੰਨਿਆ ਜਾਂਦਾ ਹੈ ਕਿ ਸਰੀਰ ਵਿਚ ਆਤਮਾ ਦਾ ਵਾਸਾ ਹੈ, 'ਸੁੰਦਰ ਸੁਖ ਮੰਦਰ ਕੋ ਦੇਖੀ, ਕੀਨਿ ਬੰਦਨਾ ਪ੍ਰੀਤਿ ਬਿਸ਼ੇਖੀ' (ਨਾਨਕ ਪ੍ਰਕਾਸ਼) 'ਇਸ ਮੰਦਰ ਕੇ ਦਸ ਦਰਵਾਜੇ।'

# ਸਾਡਾ ਸਮਕਾਲੀ ਪਾਕਿਸਤਾਨੀ ਕਵੀ ਅਹਿਮਦ ਸਲੀਮ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਪੰਜਾਬੀ ਲੇਖਕ ਸਭਾ ਚੰਡੀਗੜ੍ਹ ਤੇ ਕਵਿਤਾ ਕੇਂਦਰ ਚੰਡੀਗੜ੍ਹ ਦੇ ਸੱਦੇ ਉਤੇ ਅਹਿਮਦ ਸਲੀਮ ਆਇਆ ਤਾਂ ਉਸ ਨੂੰ ਹੱਥੀਂ ਛਾਂਵਾਂ ਕਰਨ ਵਾਲਿਆਂ ਦਾ ਕੋਈ ਅੰਤ ਨਹੀਂ ਸੀ। ਡਾ. ਸੁਖਦੇਵ ਸਿੰਘ ਸਰਸਾ ਦੇ ਅੱਧੇ ਬੋਲ ਵਾਲੇ ਸੱਦੇ ਉਤੇ ਚੰਡੀਗੜ੍ਹ ਦੇ ਜਾਣੇ ਪਛਾਣੇ ਸਾਰੇ ਬੁੱਧੀਜੀਵੀ 36 ਸੈਕਟਰ



ਅਹਿਮਦ ਸਲੀਮ

ਵਾਲੇ ਪੀਪਲਜ਼ ਕਨਵੈਨਸ਼ਨ ਸੈਂਟਰ ਪਹੁੰਚੇ ਹੋਏ ਸਨ। ਐਨ.ਐਸ. ਰਤਨ ਦੀ ਪ੍ਰਧਾਨਗੀ ਹੇਠ ਹੋਇਆ ਵਿਚਾਰ ਵਟਾਂਦਰਾ ਭਾਰਤ-ਪਾਕਿ ਸਾਂਝ ਦੀਆਂ ਤੰਦਾਂ ਖੋਲਣ ਵਾਲਾ ਸੀ।

ਅਹਿਮਦ ਸਲੀਮ ਨੇ ਸਰੋਤਿਆਂ ਨੂੰ ਦੱਸਿਆ ਕਿ ਦੋਵਾਂ ਦੇਸ਼ਾਂ ਨੂੰ ਆਜ਼ਾਦ ਹੋਇਆਂ 60 ਸਾਲ ਤੋਂ ਉਪਰ ਹੋ ਚੁਕੇ ਹਨ ਪਰ ਓਧਰਲੇ ਪੰਜਾਬ ਤੇ ਏਧਰਲੇ ਪੰਜਾਬ ਦੀ ਹਕੂਮਤ ਵਿਚ ਵੱਡਾ ਅੰਤਰ ਹੈ। ਓਧਰਲੇ ਪੰਜਾਬ ਨੇ 40 ਸਾਲ ਮਾਰਸ਼ਲ ਲਾਅ ਥੱਲੇ ਕੱਟੇ। 1971 ਵਿਚ ਬੰਗਲਾਦੇਸ਼ ਨੂੰ ਤਾਂ ਨਿਜਾਤ ਮਿਲ ਗਈ ਪਰ ਪੰਜਾਬ ਵਾਲੇ ਅੱਜ ਵੀ ਰਹਿ-ਰਹਿ ਕੇ ਸਰਕਾਰੀ ਦਮਨ ਥੱਲੇ ਮਿੱਧ ਹੋ ਰਹੇ ਹਨ।

ਉਸ ਪਾਸੇ ਦੇ ਸ਼ਾਇਰਾਂ ਅਤੇ ਲੇਖਕਾਂ ਨੇ ਇਸ ਬੇਨਿਆਈਂ ਬਾਰੇ ਖੁਲ੍ਹ ਕੇ ਲਿਖਿਆ ਹੈ। ਅਹਿਮਦ ਸਲੀਮ ਏਸ ਪ੍ਰਸੰਗ ਵਿਚ ਫੈਜ਼ ਅਹਿਮਦ ਫੈਜ਼ ਨੂੰ ਗੁਰੂ ਮੰਨਦਾ ਹੈ ਜਿਸ ਨੇ ਪੰਜ ਸਾਲ ਕੈਦ ਕੱਟੀ। ਉਸ ਦਾ ਹੇਠ ਲਿਖਿਆ ਸ਼ਿਅਰ ਇਸ ਦੀ ਤਰਜਮਾਨੀ ਕਰਦਾ ਹੈ,

ਚਮਨ ਪੇ ਗਾਰਤ ਏ ਗਲਚੀਂ ਸੇ
ਜਾਨੇ ਕਿਆ ਗੁਜ਼ਰੀ
ਕਫਸ ਪਰ ਸੇ ਸਬਾ ਬੇਕਰਾਰ ਗੁਜ਼ਰੀ ਹੈ।

ਅਹਿਮਦ ਸਲੀਮ ਨੇ ਫੈਜ਼ ਦੇ ਤੁਰ ਜਾਣ ਤੋਂ ਪਿੱਛੋਂ ਵੀ ਉਹੀਓ ਪਰਚਮ ਚੁੱਕੀ ਰੱਖਿਆ ਹੈ। ਉਹਦੇ ਕੋਲ ਵੀ ਤਮਾਮ ਬੁੱਧੀਜੀਵੀਆਂ ਨੂੰ ਸਿੱਧਾ ਸਵਾਲ ਹੈ ਕਿ ਕਲਮਾਂ ਵਾਲੇ ਲਕੀਰ ਦੇ ਕਿਸ ਪਾਸੇ ਸਨ। ਉਹ ਫੈਜ਼ ਦੀ ਏਸ ਸੋਚ ਨੂੰ ਪ੍ਰਣਾਇਆ ਹੋਇਆ ਹੈ:

ਮੁਕਾਮ ਫੈਜ਼ ਕੋਈ ਰਾਹ ਮੇਂ ਜਚਾ ਹੀ ਨਹੀਂ
ਜੋ ਕੂਏ ਯਾਰ ਸੇ ਨਿਕਲੇ
ਤੋ ਸੂਏ ਦਾਰ ਚਲੇ।

ਅਹਿਮਦ ਸਲੀਮ ਦੀ ਮੇਰੇ ਸਮਕਾਲੀਆਂ ਨਾਲ ਇੱਕ ਸਾਂਝ ਇਹ ਵੀ ਹੈ ਕਿ ਅਸੀਂ ਸਾਰੇ ਨਾਜ਼ਮ ਹਿਕਮਤ ਤੇ ਪਾਬਲੋ ਨੈਰੂਦਾ ਦੇ ਮੱਦਾਹ ਹਾਂ। ਸਾਨੂੰ ਦੇਸ਼ ਦੀਆਂ ਵੰਡਾਂ ਪਸੰਦ ਨਹੀਂ। ਸਾਨੂੰ ਸਪਤ ਸਿੰਧੂ ਦਾ ਛੋਟਾ ਹੋ ਕੇ ਪੰਜਾਬ ਬਣਨਾ ਵੀ ਚੰਗਾ ਨਹੀਂ ਲਗਦਾ। ਅਹਿਮਦ ਸਲੀਮ ਦੀਆਂ ਦੋ ਲਾਈਨਾਂ ਇਸ ਦੀ ਪੁਸ਼ਟੀ ਕਰਦੀਆਂ ਹਨ:

ਸਿੰਧੜੀਏ ਸਾਡਾ ਫੁੱਲ ਪਰਤਾ ਦੇ
ਅਸੀਂ ਪਾਰ ਪੰਜਾਬੋਂ ਆਏ।

ਅਹਿਮਦ ਸਲੀਮ ਦੇ ਮਨ ਵਿਚ ਦੋਵਾਂ ਪੰਜਾਬਾਂ ਦਾ ਮਿਲਣਾ ਹੀ ਭਾਰੂ ਨਹੀਂ, ਉਹ ਸਿੰਧ, ਪੰਜਾਬ, ਕਸ਼ਮੀਰ ਤੇ ਬੰਗਲਾਦੇਸ਼ ਨੂੰ ਇੱਕ ਹੁੰਦਾ ਵੇਖਣ ਦਾ ਚਾਹਵਾਨ ਹੈ। ਭਾਵੇਂ ਉਸ ਨੂੰ ਦੋ ਸਾਲ ਦੀ ਜੇਲ੍ਹ ਦੇ ਹੁਕਮ ਵੀ ਜਾਰੀ ਹੋਏ, ਜਿਹੜੇ ਉਸ ਨੇ ਖੁਸ਼ੀ-ਖੁਸ਼ੀ ਪਰਵਾਨ ਕੀਤੇ। ਅਹਿਮਦ ਸਲੀਮ



ਫੈਜ਼ ਅਹਿਮਦ ਫੈਜ਼

ਨੇ ਅਪਣੇ ਭਾਸ਼ਨ ਵਿਚ ਓਧਰਲੇ ਪੰਜਾਬ ਦੇ ਸਾਹਿਤ ਨੂੰ ਗੁਆਚੀ ਪਹਿਚਾਣ ਵਾਲੀ ਕੌਮ ਦਾ ਸਾਹਿਤ ਗਰਦਾਨਦਿਆ। ਹਿੰਦ ਪਾਕਿ ਵੰਡ ਕਾਰਨ ਟੁੱਟੇ ਨਾਤਿਆਂ ਦਾ ਭਰੇ ਬੋਲਾਂ ਨਾਲ ਜ਼ਿਕਰ ਕੀਤਾ।

ਏਸ ਮਿਲਣੀ ਦੇ ਸੰਚਾਲਕ ਸੁਖਦੇਵ ਸਿੰਘ ਸਰਸਾ ਨੇ ਬਾਹਰੋਂ ਆਏ ਪ੍ਰਾਹੁਣੇ ਦੇ ਆਦਰ ਵਿਚ ਇਹ ਵੀ ਦੱਸਿਆ ਕਿ ਪੰਜਾਬੀ ਦੇ ਸਿਰਮੌਰ ਕਵੀਆਂ ਹਰਿਭਜਨ ਸਿੰਘ ਤੇ ਪਾਸ਼ ਨੇ ਆਪੋ ਅਪਣੇ ਪੱਧਰ ਉਤੇ ਅਹਿਮਦ ਦੀ ਮੁਹਬਤ ਦੀਆਂ ਬਾਤਾਂ ਆਪਣੀ ਕਵਿਤਾ ਵਿਚ ਵੀ ਪਾਈਆਂ। ਅਹਿਮਦ ਸਲੀਮ ਜੀਊਂਦਾ ਵਸੱਦਾ ਰਹੇ!

**ਲੇਖ ਦਾ ਸਾਹਿਤਕ ਪ੍ਰਤੀਕਰਮ:** ਗੁਜਰਾਤ ਦੇ ਦਸ ਅਤੇ ਮਹਾਰਾਸ਼ਟਰ ਦੇ ਸੱਤ ਉਚ ਦੁਮਾਲੜੇ ਲੇਖਕਾਂ ਨੇ ਦੇਸ਼ ਵਿਚ ਵਧ ਰਹੀ ਫਿਰਕਾਪ੍ਰਸਤੀ ਵਿਰੁਧ ਭਾਰਤ ਦੇ ਰਾਸ਼ਟਰਪਤੀ ਪ੍ਰਣਾਬ ਮੁਕਰਜੀ ਨੂੰ ਸਾਂਝੀ ਚਿੱਠੀ ਲਿਖੀ ਹੈ। ਇਸ ਤੋਂ ਪਹਿਲਾਂ ਲਗਪਗ ਇੱਕ ਸੌ ਸਾਹਿਤਕਾਰਾਂ ਨੇ ਸੱਚੋ-ਸੱਚ ਪ੍ਰਗਟਾਉਣ ਉਤੇ ਸਰਕਾਰ ਵਲੋਂ ਕੱਸੀਆਂ ਜਾ ਰਹੀਆਂ ਲਗਾਮਾਂ ਦੇ ਵਿਰੋਧ ਵਿਚ ਅਪਣੇ ਸਨਮਾਨ ਵਾਪਸ ਕਰਨ ਦਾ ਐਲਾਨ ਕੀਤਾ ਹੈ। ਸਾਹਿਤਕਾਰਾਂ ਤੇ ਬੁੱਧੀਜੀਵੀਆਂ ਦੇ ਇਸ ਪ੍ਰਤੀਕਰਮ ਨੂੰ ਮੌਕੇ ਦੀ ਸਰਕਾਰ ਕਿੰਨਾ ਵੀ ਨਕਾਰੇ, ਇਸ ਨੇ ਹੱਕ ਸੱਚ ਦੀ ਮੰਗ ਨੂੰ ਭਰਪੂਰ ਉਜਾਗਰ ਕੀਤਾ ਹੈ। ਇਹ ਪਹਿਲੀ ਵਾਰ ਹੈ ਕਿ ਮੀਡੀਆ ਨੇ ਸਾਹਿਤਕਾਰਾਂ ਦੇ ਪ੍ਰਤੀਕਰਮ ਨੂੰ ਰੱਜ ਕੇ ਉਭਾਰਿਆ ਹੈ। ਇੱਕੜ-ਦੁਕੱੜ ਬੁੱਧੀਜੀਵੀਆਂ ਦਾ ਪ੍ਰਤੀਕਰਮ ਹੁਣ ਸੰਘਰਸ਼ ਦਾ ਰੂਪ ਧਾਰ ਰਿਹਾ ਹੈ।

ਸਾਹਿਤਕਾਰਾਂ ਦਾ ਪ੍ਰਤੀਕਰਮ ਸਿਰ ਮੱਥੇ ਪਰ ਇਹ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਪੰਡਤ ਜਵਾਹਰ ਲਾਲ ਨਹਿਰੂ ਤੇ ਡਾ. ਰਾਧਾ ਕ੍ਰਿਸ਼ਨਨ ਦੀ ਸਥਾਪਤ ਕੀਤੀ ਸਾਹਿਤ ਅਕਾਡਮੀ ਇੱਕ ਖੁਦ ਮੁਖਤਿਆਰ ਸੰਸਥਾ ਹੈ ਜਿਹੜੀ ਤਿੰਨ ਵਰ੍ਹਿਆਂ ਵਿਚ ਉਤੱਮ ਮੰਨੀ ਜਾਂਦੀ ਪੁਸਤਕ ਦੇ ਲੇਖਕ ਨੂੰ ਇਹ ਸਨਮਾਨ ਦਿੰਦੀ ਹੈ। ਇਹ ਸਨਮਾਨ ਲੇਖਕਾਂ ਨੂੰ ਜਿੱਤਣ ਲਈ ਨਹੀਂ ਦਿੱਤਾ ਜਾਂਦਾ, ਜੇ ਅਜਿਹਾ ਹੁੰਦਾ ਤਾਂ ਪੰਜਾਬੀ ਦਾ ਸਰਵਉਤਮ ਮਹਾਰਥੀ ਗੁਰਬਖਸ਼ ਸਿੰਘ ਪ੍ਰੀਤਲੜੀ ਤੇ ਅੰਗਰੇਜ਼ੀ ਦਾ ਸੁਪ੍ਰਸਿੱਧ ਸਾਹਿਤਕਾਰ ਤੇ ਪੱਤਰਕਾਰ ਖੁਸ਼ਵੰਤ ਸਿੰਘ ਇਸ ਤੋਂ ਵਾਂਝੇ ਨਾ ਰਹਿੰਦੇ।

ਸਾਹਿਤਕਾਰਾਂ ਦੇ ਏਸ ਪ੍ਰਤੀਕਰਮ ਨੂੰ ਸਾਹਿਤ ਅਕਾਡਮੀ ਦੀ ਕਾਰਗੁਜ਼ਾਰੀ ਉਤੇ ਧੱਬਾ ਸਮਝਣ ਨਾਲੋਂ ਗੁਜਰਾਤ ਤੇ ਮਹਾਰਾਸ਼ਟਰ ਦੇ ਲੇਖਕਾਂ ਵਾਲਾ ਮਾਰਗ ਅਪਨਾਉਣਾ ਵਧੇਰੇ ਉਚਿਤ ਹੋਵੇਗਾ। ਚੰਗਾ ਇਹੀਓ ਹੋਵੇਗਾ ਕਿ ਆਪਾਂ ਸਾਹਿਤ ਅਕਾਡਮੀ ਨੂੰ ਸਾਹਿਤਕਾਰਾਂ ਦੇ ਮਾਣ ਸਨਮਾਨ ਤੇ ਹੌਸਲਾ ਅਫਜ਼ਾਈ ਤੋਂ ਨਾ ਰੋਕੀਏ ਪਰ ਸੰਘਰਸ਼ ਜਾਰੀ ਰਖੀਏ। ਹੁਣ ਤਾਂ ਯੂ ਐਨ ਓ ਦੀ ਸੱਜੀ ਬਾਂਹ ਪੀ ਈ ਐਨ, ਜਿਹੜੀ ਕਿ ਕਵੀਆਂ, ਨਾਵਲਕਾਰਾਂ ਤੇ ਵਾਰਤਕਕਾਰਾਂ ਦੀ ਕੌਮਾਂਤਰੀ ਸੰਸਥਾ ਹੈ, ਨੇ ਵੀ ਕਿਊਬਕ (ਕੈਨੇਡਾ) ਵਿਚ ਹੋਏ ਆਪਣੇ 81ਵੇਂ ਸਮਾਗਮ ਵਿਚ ਭਾਰਤ ਦੇ ਸਾਹਿਤਕਾਰਾਂ ਦਾ ਸਮਰਥਨ ਕਰਦਿਆਂ ਭਾਰਤ ਸਰਕਾਰ ਨੂੰ ਝਾੜ ਪਾਈ ਹੈ। ਭਾਰਤੀ ਸਾਹਿਤਕਾਰਾਂ ਦੇ ਅਹਿੰਸਕ ਸੰਘਰਸ਼ ਦਾ ਵੱਧ ਤੋਂ ਵੱਧ ਸਵਾਗਤ ਕਰਨਾ ਬਣਦਾ ਹੈ।

**ਅੰਤਿਕਾ:**

ਮੈਂ ਅਕੇਲਾ ਹੀ ਚਲਾ ਥਾ
ਜਾਨਬ ਏ ਮੰਜ਼ਿਲ ਮਗਰ,
ਲੋਗ ਸਾਥ ਆਤੇ ਗਏ
ਔਰ ਕਾਰਵਾਂ ਬੰਨਤਾ ਗਿਆ।

ਆਸੇ ਪਾਸੇ ਮੌਤ ਫਿਰਦੀ-2

# 'ਟਿੱਡੀਆਂ' 'ਸ਼ੇਰ' ਬਣ ਗਈਆਂ

*'ਆਸੇ ਪਾਸੇ ਮੌਤ ਫਿਰਦੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਉਸ ਦੌਰ ਦਾ ਵਰਕਾ ਫਰੋਲਿਆ ਹੈ ਜਦੋਂ ਤਿੰਨ ਦਹਾਕੇ ਪਹਿਲਾਂ ਤੱਤੀਆਂ ਹਵਾਵਾਂ ਜ਼ੋਰ ਫੜ ਰਹੀਆਂ ਸਨ। ਆਪਣੀ ਕਹਾਣੀ ਕਲਾ ਦੇ ਦਮ 'ਤੇ, ਉਸ ਨੇ ਇਕਹਿਰੀ ਪਰਤ ਦੀਆਂ ਇਨ੍ਹਾਂ ਘਟਨਾਵਾਂ ਨੂੰ ਸਮੁੱਚ ਵਿਚ ਰੱਖ ਕੇ ਇਸ ਢੰਗ ਨਾਲ ਬਿਆਨ ਕੀਤਾ ਹੈ ਕਿ ਇਨ੍ਹਾਂ ਵਿਚੋਂ ਉਸ ਵੇਲੇ ਦੇ ਆਲੇ-ਦੁਆਲੇ ਦੀਆਂ ਪ੍ਰਤੱਖ ਝਾਤੀਆਂ ਪੈਂਦੀਆਂ ਹਨ। ਇਸ ਲੰਮੇ ਲੇਖ ਦੇ ਪਹਿਲੇ ਹਿੱਸੇ 'ਲੋਈਆਂ ਦੀਆਂ ਬੁੱਕਲਾਂ ਵਿਚ' ਰਾਹੀਂ ਵਰਿਆਮ ਸਿੰਘ ਸੰਧੂ ਨੇ ਉਸ ਮਾਹੌਲ ਦਾ ਜ਼ਿਕਰ ਛੋਹਿਆ ਸੀ ਜਿਹੜਾ 80ਵਿਆਂ ਵਿਚ ਪੰਜਾਬ ਦੇ ਪਿੰਡਾਂ ਵਿਚ ਆਮ ਸੀ। ਐਤਕੀਂ ਦੂਜੇ ਭਾਗ ਵਿਚ 'ਟਿੱਡੀਆਂ ਸ਼ੇਰ ਬਣ ਗਈਆਂ' ਵਿਚ ਉਹਨੇ ਇਨ੍ਹਾਂ ਹੀ ਵੇਰਵਿਆਂ ਦਾ ਅਗਲਾ ਬਿਰਤਾਂਤ ਪੇਸ਼ ਕੀਤਾ ਹੈ। ਇਸ ਵਿਚ ਬਦਲਾਖੋਰੀ ਸਿਰ ਉਤੇ ਚੜ੍ਹੀ ਆਉਂਦੀ ਨਜ਼ਰੀਂ ਪੈਂਦੀ ਹੈ ਅਤੇ ਨਾਲ ਹੀ ਬੇਵਸੀ ਦੀਆਂ ਲਾਸਾਂ ਜ਼ਿਹਨ ਉਤੇ ਪੈਣ ਲਗਦੀਆਂ ਹਨ। ਨਿੱਕੇ ਨਿੱਕੇ ਵੇਰਵਿਆਂ ਨਾਲ ਬੜੀ ਮਾਰਮਿਕ ਕਥਾ ਉਸਾਰੀ ਗਈ ਹੈ ਜਿਸ ਵਿਚ ਹੱਥੋਂ ਛੁੱਟਦੀ ਜਾਂਦੀ ਡੋਰ ਸਾਫ ਦਿਖਾਈ ਦਿੰਦੀ ਹੈ। ਆਪਣੀਆਂ ਹੋਰ ਰਚਨਾਵਾਂ ਵਾਂਗ ਉਨ੍ਹਾਂ ਇਸ ਲਿਖਤ ਵਿਚ ਵੀ ਮਾਨਵੀ ਕਦਰਾਂ-ਕੀਮਤਾਂ ਦੀ ਗੱਲ ਬੜੇ ਜਜ਼ਬੇ ਨਾਲ ਕੀਤੀ ਹੈ। -ਸੰਪਾਦਕ*

ਇਨ੍ਹਾਂ ਦਿਨਾਂ ਵਿਚ ਕਈ 'ਟਿੱਡੀਆਂ', 'ਸ਼ੇਰ' ਬਣ ਗਈਆਂ ਸਨ ਅਤੇ ਆਪਣੇ ਆਪ ਨੂੰ 'ਸ਼ੇਰ' ਸਮਝਣ ਵਾਲੇ ਚੂਹਿਆਂ ਤੋਂ ਭੈੜੀ ਹਾਲਤ ਵਿਚ ਸਨ।

ਮੁੰਡਿਆਂ ਦੇ ਸਕੂਲੇ ਗੇੜਾ ਮਾਰਨ ਵਾਲੀ ਗੱਲ ਅਗਲੇ ਦਿਨ ਸਕੂਲ ਦੇ ਮੁੱਖ ਅਧਿਆਪਕ ਨੂੰ ਵੀ ਪਤਾ ਲੱਗ ਗਈ। ਉਸ ਨੇ ਮੈਨੂੰ ਇੱਕ ਪਾਸੇ ਲਿਜਾ ਕੇ ਪੁਸ਼ਟੀ ਕਰਨੀ ਚਾਹੀ। ਗੱਲ ਤਾਂ ਠੀਕ ਹੀ ਸੀ। ਮੈਂ ਵੇਖਿਆ, ਉਸ ਦੇ ਮੱਥੇ ਉਤੇ ਪਸੀਨੇ ਦੀਆਂ ਬੂੰਦਾਂ ਉਭਰ ਆਈਆਂ ਤੇ ਚਿਹਰੇ ਦਾ ਰੰਗ ਬਦਲ ਗਿਆ।

"ਫੇਰ ਹੁਣ ਕੀ ਕਰੀਏ?" ਉਹ ਸਹਿਮਿਆ ਸਵਾਲ ਬਣ ਕੇ ਮੇਰੇ ਮੂੰਹ ਵੱਲ ਝਾਕ ਰਿਹਾ ਸੀ।



**ਵਰਿਆਮ ਸਿੰਘ ਸੰਧੂ**
ਫੋਨ: 416-918-5212

ਮੇਰੀ ਚੁੱਪ ਤੋਂ ਉਸ ਨੇ ਅਨੁਮਾਨ ਲਾ ਲਿਆ ਸੀ ਕਿ ਮੇਰੇ ਕੋਲ ਇਸ ਸਮੱਸਿਆ ਦਾ ਕੋਈ ਤੁਰਤ ਤੇ ਠੋਸ ਹੱਲ ਨਹੀਂ ਹੈ।

"ਤੁਸੀਂ ਸਾਰੀ ਗੱਲ ਦੱਸੋ ਮੈਨੂੰ।" ਉਸ ਦੀ ਆਵਾਜ਼ ਭੈ-ਭਰੀ ਉਤਸੁਕਤਾ ਨਾਲ ਭਿੱਜੀ ਹੋਈ ਸੀ।

ਮੈਂ ਕੱਲ੍ਹ ਸ਼ਾਮ ਵਾਲਾ ਸੁਣਿਆ ਸਾਰਾ ਵਿਸਥਾਰ ਹੂ-ਬ-ਹੂ ਉਸ ਦੇ ਸਾਹਮਣੇ ਪੇਸ਼ ਕਰ ਦਿੱਤਾ।

"ਸੰਧੂ ਸਾਹਬ! ਮੈਨੂੰ ਲੱਗਦੈ, ਉਹ ਖ਼ੈਰ-ਹੱਥੇ ਨਹੀਂ ਸਨ! ਤੁਹਾਨੂੰ ਕੀ ਲੱਗਦੈ, ਖ਼ਤਰੇ ਵਾਲੀ ਕੋਈ ਗੱਲ ਹੈ ਕਿ ਨਹੀਂ?"

ਹੈਡਮਾਸਟਰ ਦੀ ਚਿੰਤਾ ਠੀਕ ਲੱਗਦੀ ਸੀ। ਅਜੇ ਪਿਛਲੇ ਦਿਨੀਂ 'ਉਹ' ਇੱਕ ਸਕੂਲ ਵਿਚ ਗਏ ਸਨ ਅਤੇ ਦੋ ਅਧਿਆਪਕਾਂ ਦੇ ਘਰਾਂ ਵਿਚ ਚਿੱਟੇ-ਚਾਨਣੇ ਹਨੇਰ ਪਾ ਗਏ ਸਨ। ਪਤਾ ਨਹੀਂ ਕਿਹੋ-ਕਿਹੋ ਜਿਹੀਆਂ ਸੱਚੀਆਂ ਝੂਠੀਆਂ ਰਿਪੋਰਟਾਂ 'ਉਨ੍ਹਾਂ' ਤੱਕ ਪਹੁੰਚਦੀਆਂ ਰਹਿੰਦੀਆਂ ਸਨ ਅਤੇ ਉਹ ਆਪਣੇ ਆਪ ਨੂੰ ਸਭ ਤੋਂ ਸੱਚੇ ਸੁੱਚੇ ਹੋਣ ਦਾ ਭਰਮ ਪਾਲਦੇ ਹੋਏ, ਬਾਕੀ ਸਭ ਦਿਸਦੇ 'ਝੂਠ' ਨੂੰ ਜੜ੍ਹਾਂ ਤੋਂ ਪੁੱਟ ਦੇਣ ਦਾ ਠੇਕਾ ਚੁੱਕੀ ਫਿਰਦੇ ਸਨ! ਰਿਪੋਰਟਾਂ ਪਹੁੰਚਾਉਣ ਵਾਲੇ ਵੀ ਬਹੁਤੀ ਵਾਰ ਤਾਂ ਆਪਣੀਆਂ ਹੀ ਕਿੜਾਂ ਕੱਢਣੀਆਂ ਚਾਹੁੰਦੇ ਹੁੰਦੇ।

ਏਥੇ ਵੀ ਮੈਨੂੰ ਲੜੀਆਂ ਜੁੜਦੀਆਂ ਜਾਪਦੀਆਂ ਸਨ।

ਦੋ ਚਾਰ ਦਿਨ ਪਹਿਲਾਂ ਦੀ ਹੀ ਗੱਲ ਸੀ। ਅੱਧੀ ਛੁੱਟੀ ਵੇਲੇ ਸਾਰੇ ਅਧਿਆਪਕ ਖ਼ੁਸ਼-ਗੱਪੀਆਂ ਵਿਚ ਮਗਨ ਸਕੂਲ ਦੇ ਲਾਅਨ ਵਿਚ ਬੈਠੇ ਸਿਆਲ ਦੀ ਧੁੱਪ ਦਾ ਅਨੰਦ ਲੈ ਰਹੇ ਸਨ। ਕੁਝ ਵਿਦਿਆਰਥੀ ਬਾਜ਼ਾਰ ਨੂੰ ਚਾਹ-ਪਾਣੀ ਪੀਣ ਜਾਂ ਘਰਾਂ ਨੂੰ ਰੋਟੀ ਖਾਣ ਗਏ ਹੋਏ ਸਨ। ਕੁਝ ਸਕੂਲ ਕੰਪਲੈਕਸ ਵਿਚ ਹੀ ਏਧਰ ਓਧਰ ਖੇਡ ਰਹੇ ਸਨ। ਦਸਵੀਂ ਜਮਾਤ ਦਾ ਇੱਕ ਬਹੁਤ ਹੀ ਮਸਕੀਨ ਅਤੇ ਦੱਬੂ ਕਿਸਮ ਦਾ ਵਿਦਿਆਰਥੀ ਲਾਅਨ ਦੇ ਨਾਲ ਨਾਲ ਆਲੇ ਦੁਆਲੇ ਸਾਨੂੰ ਵਿਖਾ ਕੇ, 'ਮੈਂ ਨਹੀਂ ਕਿਸੇ ਦੀ ਪ੍ਰਵਾਹ ਕਰਦਾ' ਦੇ ਅੰਦਾਜ਼ ਵਿਚ ਸਾਈਕਲ ਚਲਾਉਣ ਲੱਗਾ। ਸਾਡੇ ਕੋਲ ਹੀ ਬੈਠੇ ਮੁੱਖ ਅਧਿਆਪਕ ਨੇ ਉਹਨੂੰ ਆਵਾਜ਼ ਦੇ ਕੇ ਅਜਿਹਾ ਕਰਨ ਤੋਂ ਰੋਕਿਆ; ਕਿਉਂਕਿ ਨਿਯਮ ਅਨੁਸਾਰ ਵੀ ਤੇ ਅਧਿਆਪਕਾਂ ਦੀ ਹਾਜ਼ਰੀ ਵਿਚ ਸ਼ਿਸ਼ਟਾਚਾਰ ਵਜੋਂ ਵੀ ਸਕੂਲ ਦੇ ਅਹਾਤੇ ਵਿਚ ਸਾਈਕਲ ਚਲਾਉਣ ਦੀ ਮਨਾਹੀ ਸੀ; ਪਰ ਉਸ ਨੇ ਮੁੱਖ ਅਧਿਆਪਕ ਦੇ ਆਦੇਸ਼ ਨੂੰ ਕੰਨਾਂ ਨਾਲ ਪੂੰਝ ਕੇ ਸੁੱਟ ਦਿੱਤਾ ਅਤੇ ਆਪਣੇ ਬਾਗ਼ੀ ਤੇਵਰ ਦਿਖਾਉਣੇ ਜਾਰੀ ਰੱਖੇ। ਉਸ ਦੇ ਇਸ ਵਿਹਾਰ ਅਤੇ 'ਵੰਗਾਰ' ਨੂੰ ਮੁੰਡੇ ਅਤੇ ਅਧਿਆਪਕ ਦਿਲਚਸਪੀ ਨਾਲ ਵੇਖਣ ਲੱਗੇ। ਮੁੱਖ ਅਧਿਆਪਕ ਛਿੱਥਾ ਜਿਹਾ ਪੈ ਕੇ ਆਪਣੀ ਕੁਰਸੀ ਤੋਂ ਉਠਿਆ ਅਤੇ ਆਪਣਾ ਵਜੂਕਾ ਬਣਾਈ ਰੱਖਣ ਦਾ ਨਿਰਮੂਲ ਯਤਨ ਕਰਦਿਆਂ ਇੱਕ ਵਾਰ ਫੇਰ ਉਹਨੂੰ ਅਜਿਹਾ ਕਰਨ ਤੋਂ ਵਰਜਿਆ; ਪਰ ਉਹ, ਸਗੋਂ ਘੋਗਲ-ਕੰਨਾ ਬਣ ਕੇ ਸਾਈਕਲ ਚਲਾਉਂਦਾ ਲਾਅਨ ਵਿਚ ਵੜ ਆਇਆ ਅਤੇ ਸਾਡੀਆਂ ਕੁਰਸੀਆਂ ਦੇ ਆਲੇ-ਦੁਆਲੇ ਕੌਡੀ ਦੀ ਰੇਡ ਪਾਉਣ ਵਾਂਗ ਚੱਕਰ ਲਾਉਣ ਲੱਗਾ। ਉਸ ਦੇ ਇਸ ਵੰਗਾਰਵੇਂ ਵਤੀਰੇ ਤੋਂ ਲੱਗਦਾ ਸੀ; ਜਿਵੇਂ ਕਹਿ ਰਿਹਾ ਹੋਵੇ, "ਲੌ, ਰੋਕ ਲਵੋ, ਤੁਹਾਡੇ ਵਿਚੋਂ ਜੇ ਕਿਸੇ ਵਿਚ ਹਿੰਮਤ ਹੈ ਤਾਂ!"

ਲੁਕਵੇਂ ਭੈਅ ਅਤੇ ਨਮੋਸ਼ੀ ਵਿਚ ਮੁੱਖ ਅਧਿਆਪਕ ਦਾ ਮੱਥਾ ਤਰੇਲੀ ਨਾਲ ਭਿੱਜ ਗਿਆ। ਦੂਜੇ ਅਧਿਆਪਕਾਂ ਵਿਚੋਂ ਵੀ ਕਿਸੇ ਨੇ ਉਸ ਮੁੰਡੇ ਨਾਲ ਪੰਗਾ ਲੈਣਾ ਠੀਕ ਨਾ ਸਮਝਿਆ। ਦਿਨ ਹੀ ਇਹੋ ਜਿਹੇ ਸਨ। ਪੀ ਟੀ, ਜਿਸ ਦੀ ਜ਼ਿੰਮੇਵਾਰੀ ਸਕੂਲ ਦਾ ਸਮੁੱਚਾ ਅਨੁਸ਼ਾਸਨ ਬਣਾਈ ਰੱਖਣ ਦੀ ਸੀ, ਕਨਖੀਆਂ 'ਚੋਂ ਵੇਖ ਰਿਹਾ ਸੀ ਅਤੇ ਉਸ ਦਾ ਚਿਹਰਾ ਸਵਾਦ ਲੈਣ ਵਾਲੀ ਮੁਸਕਣੀ ਨਾਲ ਲਿੱਬੜਿਆ ਹੋਇਆ ਸੀ।

ਮੁੱਖ ਅਧਿਆਪਕ ਨੇ ਬੇਵੱਸੀ ਵਿਚ ਮੇਰੇ ਵੱਲ ਤਰਲ ਨਜ਼ਰ ਸੁੱਟੀ।

ਪਹਿਲਾ ਪੀ ਟੀ ਸਰਬਜੀਤ ਖ਼ੁਦਕੁਸ਼ੀ ਕਰ ਗਿਆ ਸੀ ਅਤੇ ਹੁਣ ਵਾਲਾ ਸਾਡੇ ਹੀ ਪਿੰਡ ਦਾ ਪੀ ਟੀ ਉਸ ਦੀ ਥਾਂ 'ਤੇ ਆਰਡਰ ਲੈ ਆਇਆ ਸੀ। ਪੀ ਟੀ ਸਮੇਤ ਅਸੀਂ ਚਾਰ ਜਣੇ ਇਸੇ ਪਿੰਡ ਦੇ ਵਸਨੀਕ ਸਾਂ। ਇੱਕ ਰਮੇਸ਼ ਸੀ, ਪਰ ਹਾਲਾਤ ਦੇ ਦਬਾਓ ਅਧੀਨ ਉਹਦੀ ਦਿੱਖ ਵਾਲੇ ਬੰਦੇ ਇੱਕ ਚੁੱਪ ਵਿਚ ਹੀ ਅੱਜ ਕੱਲ੍ਹ 'ਹਜ਼ਾਰ ਸੁੱਖ' ਸਮਝਣ ਲੱਗ ਪਏ ਸਨ। ਕੇ ਪੀ ਸਿੰਘ ਪਹਿਲਾਂ ਤੋਂ ਹੀ ਸਾਰੇ ਮਸਲਿਆਂ ਤੋਂ ਲੋੜੀਂਦੀ ਦੂਰੀ 'ਤੇ ਵਿਚਰਦਾ ਸੀ ਅਤੇ 'ਕਿਸੇ ਦੀ ਚੰਗੀ ਮਾੜੀ' ਵਿਚ ਨਹੀਂ ਸੀ ਆਉਂਦਾ। ਪੀ ਟੀ ਤੋਂ ਉਹਨੂੰ ਕੋਈ ਆਸ ਨਹੀਂ ਸੀ। ਉਹ ਤਾਂ ਅੱਗੇ ਹੀ ਕਹਿੰਦਾ ਰਹਿੰਦਾ ਸੀ, 'ਇਨ੍ਹਾਂ ਸ਼ਹਿਰੀਆਂ ਨੂੰ ਹੈਡਮਾਸਟਰ ਨੇ ਖੁੱਲ੍ਹਾਂ ਦੇ ਰੱਖੀਆਂ ਹਨ। ਇੱਕ ਤਾਂ ਆਪ ਕਦੀ ਕਦਾਈਂ ਸਕੂਲ ਵੜਦੈ; ਦੂਜਾ ਮਾਸਟਰ ਮਾਸਟਰਾਣੀਆਂ ਵੀ, ਜਦੋਂ ਜੀ ਕੀਤਾ ਫਰਲੋ ਮਾਰ ਲੈਂਦੇ ਨੇ। ਉਂਜ ਵੀ ਪਹਿਲਾਂ ਸਵੇਰੇ ਲੇਟ ਆਉਣਾ, ਫੇਰ ਛੁੱਟੀ ਦੇ ਟਾਈਮ ਤੋਂ ਅੱਧਾ ਪੌਣਾ ਘੰਟਾ ਪਹਿਲਾਂ ਬੱਸ ਲੈਣ ਭੱਜ ਪੈਣਾ। ਅਖੇ, ਲੇਟ ਹੋਣ ਨਾਲ ਖ਼ਤਰਾ ਵਧ ਜਾਂਦੈ! ਬੰਦਾ ਪੁੱਛੇ ਇਨ੍ਹਾਂ ਨੂੰ ਈ ਜ਼ਿਆਦਾ ਖ਼ਤਰਾ ਹੈ! ਅਸੀਂ ਜਿਹੜੇ ਰੋਜ਼ ਏਥੇ ਵਰ੍ਹਦੀਆਂ ਗੋਲੀਆਂ 'ਚ ਰਹਿੰਦੇ ਆਂ, ਸਾਨੂੰ ਕੋਈ ਖ਼ਤਰਾ ਨਹੀਂ?'

ਅਜਿਹੀ ਸਥਿਤੀ ਵਿਚ ਮੁੱਖ ਅਧਿਆਪਕ ਦੀਆਂ ਨਜ਼ਰਾਂ ਦੀ ਮੇਰੇ ਕੋਲੋਂ ਸਹਾਇਤਾ ਦੀ ਮੰਗ ਕਰਨੀ ਬੜੀ ਵਾਜਬ ਸੀ।

"ਓ ਗੱਟੂ! ਬੰਦਾ ਬਣ ਕੇ ਖਲੋ ਜਾਹ ਐਥੇ ਈ। ਤੈਨੂੰ ਸੁਣਿਆਂ ਨ੍ਹੀਂ? ਸ਼ਰਮ ਕਰ।" ਮੈਂ ਉਠ ਕੇ ਉਸ ਮੁੰਡੇ ਦੇ ਸਾਈਕਲ ਦਾ ਹੈਂਡਲ ਫੜ ਲਿਆ ਅਤੇ ਉਹਨੂੰ ਉਤਾਰ ਕੇ ਲਾਅਨ ਵਿਚੋਂ ਬਾਹਰ ਲੈ ਗਿਆ।

ਉਸ ਸ਼ਾਮ ਵਾਲੀਬਾਲ ਖੇਡਦਿਆਂ ਮੈਂ ਮੁੰਡਿਆਂ ਨੂੰ ਪੁੱਛਿਆ, "ਉਏ! ਅੱਜ ਗੱਟੂ ਨੂੰ ਕੀ ਹੋ ਗਿਆ ਸੀ? ਉਹ ਈ ਅੱਜ ਜੱਗਾ ਡਾਕੂ ਬਣਿਆ ਫਿਰਦਾ ਸੀ। ਬੜਾ ਬੁੜ੍ਹਕ ਬੁੜ੍ਹਕ ਪੈ ਰਿਹਾ ਸੀ।"

ਸੇਵੇ ਨੇ ਬਾਲ ਹੱਥ ਵਿਚ ਲੈ ਕੇ ਗੇਮ ਰੋਕਦਿਆਂ ਦੱਸਿਆ, "ਭਾ ਜੀ, ਉਨ੍ਹਾਂ ਦੀ ਬਹਿਕ 'ਤੇ ਰਾਤੀਂ ਲੈਫਟੀਨੈਂਟ ਜਨਰਲ ਚੱਠੂ ਹੁਰੀਂ ਆਏ ਸਨ। ਜਿਵੇਂ ਮੁੰਡਾ ਮਾਮੇ ਦੇ ਆਉਣ 'ਤੇ ਮੱਛਰਦਾ ਹੈ, ਉਹ ਤਾਂ ਅੱਜ ਸਵੇਰ ਦਾ ਸਾਨੂੰ ਸੁਣਾ ਸੁਣਾ ਕੇ ਬੁੜ੍ਹਕਦਾ ਤੇ ਉਡਿਆ ਫਿਰਦਾ ਸੀ। ਤੁਸੀਂ ਤਾਂ ਵਿਚਾਰੇ ਦੀ ਫੂਕ ਹੀ ਕੱਢ ਦਿੱਤੀ ਸਾਰੀ।"

ਚੱਠੂ ਸਾਡਾ ਪੁਰਾਣਾ ਵਿਦਿਆਰਥੀ ਰਹਿ ਚੁੱਕਾ ਸੀ, ਜਿਹੜਾ ਪੁਲਿਸ ਵਿਚ ਸਿਪਾਹੀ ਭਰਤੀ ਹੋਣਾ ਚਾਹੁੰਦਾ ਸੀ, ਪਰ ਇਸ ਮਕਸਦ ਲਈ ਬਣਵਾਇਆ ਉਸ ਦਾ ਸ਼ਡਿਊਲਡ ਕਾਸਟ ਹੋਣ ਦਾ ਝੂਠਾ ਸਰਟੀਫ਼ਿਕੇਟ ਫੜਿਆ ਜਾਣ ਕਰ ਕੇ, ਹੁੰਦੀ ਇੰਕੁਆਇਰੀ ਦੇ ਡਰੋਂ, ਉਹ 'ਦੂਜੇ ਪਾਸੇ' ਭਰਤੀ ਹੋ ਗਿਆ ਸੀ ਅਤੇ 'ਸਿਪਾਹੀ' ਤੋਂ ਕਿਤੇ ਵੱਡੇ 'ਲੈਫ਼ਟੀਨੈਂਟ ਜਨਰਲ' ਦੇ ਅਹੁਦੇ ਦਾ ਮਾਲਕ ਬਣਿਆ ਬੈਠਾ ਸੀ।

"ਭਾ ਜੀ, ਤੁਸੀਂ ਕਾਹਨੂੰ ਰੋਕਣਾ ਸੀ? ਤਮਾਸ਼ਾ ਵੇਖਣਾ ਸੀ ਸਗੋਂ।" ਬਾਲ ਫੜ ਕੇ ਸਰਵਿਸ ਕਰਨ ਜਾਂਦਿਆਂ ਪੀ ਟੀ ਨੇ ਆਖਿਆ।

ਤਮਾਸ਼ਾ ਤਾਂ ਉਸ ਦਿਨ ਵੀ ਬਣ ਗਿਆ ਸੀ ਜਿਸ ਦਿਨ ਨੌਵੀਂ ਵਿਚ ਪੜ੍ਹਦੇ ਸੁਖਦੇਵ ਨਿਹੰਗ ਨੇ ਕਿਸੇ ਭੈਣ ਜੀ ਦੀ ਜਮਾਤ ਵਿਚ ਜਾ ਕੇ, ਬਿਨਾਂ ਉਸ ਦੀ ਹਾਜ਼ਰੀ ਦੀ ਪ੍ਰਵਾਹ ਕੀਤਿਆਂ, ਮੁੰਡਿਆਂ ਨੂੰ ਕਿਹਾ ਸੀ, "ਚੱਲੋ ਸਿੰਘੋ! ਉਠੋ, ਇੱਕ ਗੇੜਾ ਲਾ ਕੇ ਆਈਏ ਬਜ਼ਾਰ ਦਾ।"

ਬਿਨਾਂ ਆਗਿਆ ਅੰਦਰ ਆਉਣ ਅਤੇ ਮੁੰਡਿਆਂ ਨੂੰ ਸੱਦਣ ਦੇ ਗੁਸਤਾਖ਼ ਰਵੱਈਏ ਤੋਂ ਸਤੀ ਅਧਿਆਪਕਾ ਨੇ ਕੋਲੋਂ ਲੰਘਦੇ ਮੁੱਖ ਅਧਿਆਪਕ ਨੂੰ ਸ਼ਿਕਾਇਤ ਲਾਈ ਤਾਂ ਉਸ ਨੇ ਨਿਹੰਗ ਨੂੰ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਦੇਖੋ ਬੇਟਾ ਜੀ, ਕਲਾਸ ਵਿਚ ਤਾਂ ਪੁੱਛ ਕੇ ਹੀ ਜਾਣਾ ਚਾਹੀਦਾ ਹੈ ਨਾ! ਉਂਜ ਵੀ ਸਕੂਲ ਲੱਗੇ ਤੋਂ ਬਜ਼ਾਰ ਤਾਂ ਨਹੀਂ ਨਾ ਜਾਣਾ ਚਾਹੀਦਾ! ਜੇ ਜਾਣਾ ਹੋਵੇ ਤਾਂ ਅਧਿਆਪਕ ਨੂੰ ਪੁੱਛਣਾ ਤਾਂ ਚਾਹੀਦਾ ਹੈ ਨਾ! ਬਹੁਤੀ ਗੱਲ ਹੈ ਤਾਂ ਮੈਨੂੰ ਪੁੱਛ ਲਵੋ। ਮੈਂ ਕਦੇ ਤੁਹਾਨੂੰ ਕਿਸੇ ਨੂੰ ਛੁੱਟੀ ਤੋਂ ਮੋੜਿਆ ਹੈ?"



"ਲੈ, ਤੈਨੂੰ ਕਾਹਦੇ ਲਈ ਪੁੱਛਣਾ ਸੀ? ਤੂੰ ਚਾਚਾ ਲੱਗਦੈਂ?" ਸੁਖਦੇਵ ਨੇ ਭਰੀ ਜਮਾਤ ਵਿਚ ਉਹਦੀ ਲਾਹ ਧਰੀ। ਮੁੱਖ ਅਧਿਆਪਕ ਠਿਗਣੇ ਜਿਹੇ ਸੁਖਦੇਵ ਨੂੰ, "ਪੁੱਤਰ ਜੀ, ਐਧਰ ਆਓ, ਜ਼ਰਾ ਵੱਖਰੇ ਹੋ ਕੇ ਮੇਰੀ ਗੱਲ ਸੁਣੋ" ਕਹਿੰਦਾ, ਪਿਆਰ ਨਾਲ ਉਹਦੇ ਮੋਢੇ 'ਤੇ ਹੱਥ ਰੱਖਣ ਲਈ ਅੱਗੇ ਵਧਿਆ ਤਾਂ ਮਸ਼ਕਰੀ ਵਿਚ ਹੱਸਦਾ ਹੋਇਆ, 'ਜਾਹ ਜਾਹ' ਕਰਦਾ ਸੁਖਦੇਵ ਕਮਰਿਓਂ ਬਾਹਰ ਨਿਕਲ ਕੇ ਉਥੇ ਆਣ ਖਲੋਤਾ ਜਿੱਥੇ ਦੂਜੇ ਅਧਿਆਪਕ ਵੀ ਬੈਠੇ ਹੋਏ ਸਨ। ਉਹ ਸਾਰਿਆਂ ਦੇ ਸਾਹਮਣੇ ਆਪਣੀ ਬਹਾਦਰੀ ਦਾ ਪ੍ਰਦਰਸ਼ਨ ਕਰਨਾ ਚਾਹੁੰਦਾ ਸੀ! ਜਿਉਂ ਹੀ ਬਾਹਰ ਨਿਕਲ ਕੇ ਹੈਡਮਾਸਟਰ ਉਸ ਵੱਲ, "ਬੇਟੇ! ਇਸ ਤਰ੍ਹਾਂ ਨਹੀਂ ਕਰੀਦਾ ਹੁੰਦਾ। ਤੂੰ ਤਾਂ ਸਿਆਣਾ ਬਿਆਣਾ ਏਂ। ਜੇ ਤੂੰ ਨਾ ਹਟਿਓਂ ਤਾਂ ਮੈਨੂੰ ਵੱਡੇ ਬਾਬਾ ਜੀ ਨੂੰ ਕਹਿਣਾ ਪਊ", ਕਹਿੰਦਾ ਪੁਚਕਾਰਨ ਲਈ ਅੱਗੇ ਵਧਿਆ ਤਾਂ ਸੁਖਦੇਵ ਨੇ ਗਾਤਰੇ ਪਈ ਛੋਟੀ ਕਿਰਪਾਨ ਖਿੱਚ ਲਈ ਅਤੇ ਉਸ ਦੀ ਨੋਕ ਮੁੱਖ ਅਧਿਆਪਕ ਦੀ ਛਾਤੀ ਵੱਲ ਸਿੱਧੀ ਕਰ ਕੇ ਅੱਗੇ ਵਧਦਿਆਂ ਲਲਕਾਰਿਆ, "ਆ ਜਾ ਡੱਕ ਲਾ। ਸਾਰੇ ਸਕੂਲ ਦੇ ਫੰਡ ਖਾ ਗਿਐਂ ਚੋਰਾ? ਵੋਕੇਸ਼ਨ ਵਾਲੇ ਸ਼ੈਂਡ ਨੂੰ ਪਿੱਲੀਆਂ ਇੱਟਾਂ ਲਵਾ ਕੇ, ਤੇ ਸੀਮਿੰਟ ਦੀ ਥਾਂ ਨਿਰੀ ਰੇਤ ਲਵਾ ਕੇ ਵਿਚੋਂ ਗੱਫੇ ਨਹੀਂ ਲਾਏ ਤੂੰ? ਬਾਬਿਆਂ ਨੂੰ ਪਤਾ ਨਹੀਂ ਭਲਾ ਤੇਰੀਆਂ ਚੋਰੀਆਂ ਦਾ!"

ਮੁੱਖ ਅਧਿਆਪਕ ਠਠੰਬਰ ਕੇ ਥਾਏਂ ਖਲੋਤਾ ਰਹਿ ਗਿਆ। ਸੁਖਦੇਵ ਆਪ ਬਾਬੇ ਬਿਧੀ ਚੰਦੀਆਂ ਦੀ ਔਲਾਦ ਵਿਚੋਂ ਸੀ ਅਤੇ ਵਰਤਮਾਨ ਗੱਦੀ-ਨਸ਼ੀਨ ਬਾਬਾ ਦਇਆ ਸਿੰਘ ਦੇ ਸਕੇ ਭਤੀਜੇ ਦਾ ਪੁੱਤ ਸੀ। ਸਕੂਲ ਦੇ ਵਿਦਿਆਰਥੀ ਉਹਨੂੰ ਵੀ 'ਬਾਬਾ ਜੀ' ਕਹਿ ਕੇ ਸੰਬੋਧਨ ਕਰਦੇ ਸਨ। ਉਹਨੂੰ ਵਿਚਾਰਾ ਮੁੱਖ ਅਧਿਆਪਕ ਕੀ ਆਖ ਸਕਦਾ ਸੀ! ਪਿੱਛੇ ਖਲੋਤੀ ਮੁੰਡਿਆਂ ਦੀ ਭੀੜ ਹੱਸ ਰਹੀ ਸੀ। ਬੱਗੜਾਂ 'ਚੋਂ 'ਲੈਫ਼ਟੀਨੈਂਟ ਜਨਰਲ' ਬਣੇ ਬੂਟੇ ਦਾ ਛੋਟਾ ਭਰਾ ਬੀਰ੍ਹਾ ਸੁਖਦੇਵ ਦੇ ਮੋਢਿਆਂ ਪਿੱਛੇ ਹੋਰ ਵਾਧੂ ਦੀ ਤਾਕਤ ਬਣ ਕੇ ਖਲੋਤਾ ਹਿੜ ਹਿੜ ਕਰ ਰਿਹਾ ਸੀ। ਪਸੀਨੋ ਪਸੀਨੀ ਹੋਇਆ ਮੁੱਖ ਅਧਿਆਪਕ ਦੂਜੇ ਅਧਿਆਪਕਾਂ ਕੋਲ ਆ ਕੇ ਕੁਰਸੀ ਵਿਚ ਧੜੰਮ ਕਰ ਕੇ ਢਹਿ ਪਿਆ।

ਉਤੋੜਿੱਤੀ ਦੀਆਂ ਇਹ ਘਟਨਾਵਾਂ ਅਤੇ 'ਖਾੜਕੂਆਂ' ਦੀ ਅੱਜ ਦੀ ਆਮਦ ਕੋਈ ਸ਼ੁਭ ਸੰਕੇਤ ਨਹੀਂ ਸੀ।

---

ਮੇਰੇ ਨਾਲ ਗੱਲਬਾਤ ਕਰਨ ਤੋਂ ਪਿਛੋਂ ਮੁੱਖ ਅਧਿਆਪਕ ਬਾਕੀ ਅਧਿਆਪਕਾਂ ਵਿਚੋਂ ਕਦੀ ਇੱਕ ਜਣੇ ਨੂੰ ਲੈ ਕੇ ਇੱਕ ਪਾਸੇ ਚਲੇ ਜਾਂਦਾ, ਕਦੇ ਦੂਜੇ ਨੂੰ ਲੈ ਕੇ। ਬਹੁਤੇ ਮਾਸਟਰ ਮਾਸਟਰਾਣੀਆਂ ਅੰਮ੍ਰਿਤਸਰੋਂ ਜਾਂ ਉਸੇ ਪਾਸਿਓਂ ਹੋਰ ਪਿੰਡਾਂ ਤੋਂ ਆਉਂਦੇ ਸਨ। ਉਨ੍ਹਾਂ ਸਾਰਿਆਂ ਦੀ ਮੁੱਖ ਅਧਿਆਪਕ ਨਾਲ ਆਉਣ-ਜਾਣ ਦੀ 'ਪੀੜ ਸਾਂਝੀ' ਸੀ, ਪਰ ਉਹ ਇਸ ਹਾਲਤ ਵਿਚ ਉਸ ਲਈ ਕੁਝ ਨਹੀਂ ਸਨ ਕਰ ਸਕਦੇ।

ਅੱਧਾ ਘੰਟਾ ਪਹਿਲਾਂ ਛੁੱਟੀ ਕਰ ਕੇ ਮੁਖ ਅਧਿਆਪਕ ਨੇ ਸਾਰੇ ਸਟਾਫ਼ ਦੀ ਮੀਟਿੰਗ ਸੱਦ ਲਈ।

ਸਾਰੇ ਅਧਿਆਪਕ ਦਫ਼ਤਰ ਵਿਚ ਆਪੋ ਆਪਣੀਆਂ ਕੁਰਸੀਆਂ 'ਤੇ ਬੈਠ ਗਏ ਤਾਂ ਮੁੱਖ ਅਧਿਆਪਕ ਨੇ ਮੇਰੇ ਵੱਲ ਮੂੰਹ ਕਰ ਕੇ ਕਿਹਾ, "ਸੰਧੂ ਸਾਹਿਬ! ਮੈਂ ਕੱਲ੍ਹ ਤੋਂ ਲੌਂਗ ਲੀਵ 'ਤੇ ਜਾ ਰਿਹਾਂ। ਪਿੱਛੋਂ ਤੁਸੀਂ ਔਫੀਸ਼ੀਏਟ ਕਰੋਗੇ।"

ਉਸ ਨੇ ਦਸਤਖ਼ਤ ਕਰਵਾਉਣ ਲਈ ਆਰਡਰ-ਬੁੱਕ ਮੇਰੇ ਵੱਲ ਵਧਾਈ।

"ਮੈਂ? ਮੈਂ ਕਿਵੇਂ ਇੰਚਾਰਜ ਬਣ ਸਕਦਾ ਹਾਂ! ਮਦਨ ਮੋਹਨ ਮੇਰੇ ਨਾਲੋਂ ਸੀਨੀਅਰ ਹੈ ਅਤੇ ਇਹ ਉਸ ਦਾ ਹੱਕ ਬਣਦਾ ਹੈ। ਮੈਂ ਨਹੀਂ ਲੈਂਦਾ ਇਹ ਜ਼ਿੰਮੇਵਾਰੀ!" ਮੈਂ ਆਰਡਰ-ਬੁੱਕ ਸਖ਼ਤੀ ਨਾਲ ਪਿੱਛੇ ਧੱਕ ਦਿੱਤੀ। ਇਹ ਇੰਚਾਰਜੀ 'ਆ ਬੈਲ ਮੁਝੇ ਮਾਰ' ਵਾਲੀ ਗੱਲ ਤੋਂ ਵੀ ਕਿਤੇ ਵਧ ਕੇ ਸੀ।

ਮੁੱਖ ਅਧਿਆਪਕ ਨਿਰਾਸ਼ ਹੋ ਕੇ ਹੋਰਨਾਂ ਦੇ ਮੂੰਹ ਵੱਲ ਵੇਖਣ ਲੱਗਾ। ਮਦਨ ਮੋਹਨ ਨੇ ਆਪਣੇ ਸਦਾਬਹਾਰ ਅੰਦਾਜ਼ ਵਿਚ ਕਿਹਾ, "ਭਾਊ, ਕਿਉਂ ਮੈਨੂੰ ਇੰਚਾਰਜ ਬਣਾ ਕੇ ਮੇਰਾ ਗਾਟਾ ਲਵ੍ਹਾਉਣਾ ਏਂ!"

ਸਕੂਲ, ਪਿੰਡ ਅਤੇ ਇਲਾਕੇ ਵਿਚ 'ਮੁੰਡੇ' ਮਸਤੇ ਹੋਏ 'ਸ਼ੇਰ-ਬਘੇਲਿਆਂ' ਵਾਂਗ ਫਿਰ ਰਹੇ ਸਨ। ਉਨ੍ਹਾਂ ਦਾ ਹੁੜਦੰਗ ਅਤੇ ਆਪਹੁਦਰਾਪਨ ਸਿਖ਼ਰਾਂ 'ਤੇ ਸੀ। ਸਕੂਲੀ ਵਿਦਿਆਰਥੀਆਂ ਵਿਚੋਂ ਕੁਝ ਤਾਂ ਸਕੂਲ ਟਾਈਮ ਵਿਚ ਹੀ ਪਿੰਡ ਦੇ ਬਜ਼ਾਰ ਵਿਚ ਢਾਣੀਆਂ ਬੰਨ੍ਹ ਕੇ ਫਿਰਦੇ ਰਹਿੰਦੇ। ਕੁਝ ਸਕੂਲ ਤੋਂ ਬਾਹਰ ਲੱਗੀਆਂ ਰੇੜ੍ਹੀਆਂ 'ਤੇ ਖਲੋਤੇ ਹੁੰਦੇ ਅਤੇ ਹੋਰ ਚਾਹ ਦੀਆਂ ਦੁਕਾਨਾਂ ਵਿਚ ਵੜੇ ਰਹਿੰਦੇ। ਸਕੂਲ ਦੇ ਬਾਹਰਵਾਰ ਖੁੱਲ੍ਹੀ ਥਾਂ ਵਿਚ ਤਾਸ਼ ਖੇਡਦੇ ਬੰਦਿਆਂ ਪਿੱਛੇ ਖਲੋਤੇ ਪੱਤਿਆਂ ਦੀ ਦੁਨੀਆਂ ਵਿਚ ਗਵਾਚੇ ਹੁੰਦੇ। ਬਹੁਤ ਸਾਰੇ ਬੱਸ ਅੱਡੇ ਤੋਂ ਪਿੰਡ ਨੂੰ ਆਉਂਦੀ ਸੜਕ ਦੇ ਸਾਹਮਣੇ ਨੰਗਲ ਕੀ ਪੱਤੀ ਦੇ ਗੁਰਦੁਆਰੇ ਦੇ ਥੜ੍ਹੇ ਉਤੇ ਬੈਠੇ ਆਉਂਦੀ-ਜਾਂਦੀ ਦੁਨੀਆਂ ਦਾ ਰੰਗ ਤਮਾਸ਼ਾ ਵੇਖ ਰਹੇ ਹੁੰਦੇ। ਜਿਹੜੇ ਸਕੂਲ ਦੇ ਗੇਟ ਤੋਂ ਬਾਹਰ ਨਾ ਜਾਂਦੇ, ਉਹ ਲੱਗੇ ਸਕੂਲ ਵਿਚ ਵੀ ਜਮਾਤਾਂ ਤੋਂ ਬਾਹਰ ਭੱਜੇ ਫਿਰਦੇ। ਅੱਧੀ ਛੁੱਟੀ ਵੇਲੇ ਲੱਗਦੀ ਮੁੰਡਿਆਂ ਅਤੇ ਅਧਿਆਪਕਾਂ ਦੀ ਵਾਲੀਬਾਲ ਦੀ ਗੇਮ ਅੱਧੀ ਛੁੱਟੀ ਖ਼ਤਮ ਹੋਣ ਤੋਂ ਪਿੱਛੋਂ ਵੀ ਅੱਧਾ ਪੌਣਾ ਘੰਟਾ ਜਾਰੀ ਰਹਿੰਦੀ।

ਸੱਚੀ ਗੱਲ ਤਾਂ ਇਹ ਸੀ ਕਿ ਪੜ੍ਹਨ ਵਿਚ ਰੁਚੀ ਰੱਖਣ ਵਾਲੇ ਗਿਣਤੀ ਦੇ ਕੁਝ ਮੁੰਡਿਆਂ ਨੂੰ ਛੱਡ ਕੇ ਕੋਈ ਮੁੰਡਾ ਕਲਾਸ ਵਿਚ ਵੜ ਕੇ ਖ਼ੁਸ਼ ਨਹੀਂ ਸੀ। ਜਮਾਤਾਂ ਦੀਆਂ ਕੰਧਾਂ ਉਤੇ 'ਖ਼ਾਲਿਸਤਾਨ ਕਮਾਂਡੋ ਫੋਰਸ- ਜ਼ਿੰਦਾਬਾਦ', 'ਭਿੰਡਰਾਂਵਾਲਾ ਟਾਈਗਰ ਫੋਰਸ- ਜ਼ਿੰਦਾਬਾਦ' ਦੇ ਨਾਅਰੇ ਲਿਖੇ ਹੁੰਦੇ। ਅਧਿਆਪਕ ਦੇ ਜਮਾਤ ਵਿਚ ਵੜਨ ਤੋਂ ਪਹਿਲਾਂ ਇਹੋ ਜਿਹਾ ਹੋਰ ਕਈ ਕੁਝ ਬਲੈਕ ਬੋਰਡ 'ਤੇ ਵੀ ਲਿਖਿਆ ਮਿਲਦਾ। ਅਧਿਆਪਕ ਦੀ ਹਿੰਮਤ ਨਾ ਪੈਂਦੀ ਕਿ ਬਲੈਕ ਬੋਰਡ ਸਾਫ਼ ਕਰ ਕੇ ਆਪਣੇ ਵਿਸ਼ੇ ਨਾਲ ਸਬੰਧਤ ਕੋਈ ਸਤਰ ਉਥੇ ਲਿਖ ਸਕੇ। ਉਹ ਡਰਦਾ ਕਿ ਕੱਲ੍ਹ-ਕਲੋਤਰ ਨੂੰ ਆਪਣੇ ਵੱਲੋਂ ਦੋ ਹੋਰ ਗੱਲਾਂ ਨਾਲ ਜੋੜ ਕੇ ਇਨ੍ਹਾਂ ਮੁੰਡਿਆਂ ਵਿਚੋਂ ਕਿਸ ਨੇ ਜਾ ਕੇ ਕਹਿ ਦੇਣਾ ਹੈ ਕਿ 'ਫਲਾਣਾ ਮਾਸਟਰ ਕਹਿੰਦਾ ਸੀ, ਅਸੀਂ ਨਹੀਂ ਇਥੇ ਕਿਸੇ ਖਾਲਿਸਤਾਨ ਜਾਂ ਕਮਾਂਡੋ ਫੋਰਸ ਦਾ ਨਾਂ ਲੈਣ, ਲਿਖਣ ਦੇਣਾ!'

ਉਂਜ ਅਧਿਆਪਕਾਂ ਦਾ ਹਾਲ ਵੀ ਇਹ ਸੀ ਕਿ ਕੁਝ ਤਾਂ ਫਰਲੋ 'ਤੇ ਹੁੰਦੇ ਅਤੇ ਜਿਹੜੇ ਆਉਂਦੇ ਵੀ, ਉਹ ਲੇਟ ਆਉਂਦੇ; ਪਹਿਲਾਂ ਭੱਜ ਜਾਂਦੇ। ਜਿਹੜਾ ਕੋਈ ਜਮਾਤ ਵਿਚ ਜਾਂਦਾ ਵੀ, ਦਸਾਂ ਪੰਦਰਾਂ ਮਿੰਟਾਂ ਬਾਅਦ, "ਅੱਠਾਂ ਦਸਾਂ ਨੂੰ ਕੋਈ ਕੀ ਪੜ੍ਹਾਵੇ!" ਕਹਿੰਦਾ ਮੁੱਛਾਂ ਮਰੋੜਦਾ ਸਟਾਫ਼ ਰੂਮ ਵਿਚ ਆ ਕੇ ਬਹਿ ਜਾਂਦਾ। ਫਿਰ ਵੀ ਇਸ ਸੜਦੇ-ਬਲਦੇ ਜੰਗਲ ਵਿਚ ਬਿਮਲਾ, ਰਮੇਸ਼ ਅਤੇ ਕੇ ਪੀ ਸਿੰਘ ਵਰਗੇ ਹਰੇ ਬੂਟੇ ਬਚੇ ਵੀ ਹੋਏ ਸਨ। ਜਮਾਤ ਪੂਰੀ ਹੁੰਦੀ ਜਾਂ ਨਾ, ਉਹ ਆਪਣੀ ਜ਼ਮੀਰ ਅੱਗੇ ਸੱਚੇ ਰਹਿਣ ਦੀ ਕੋਸ਼ਿਸ਼ ਕਰਦੇ ਰਹਿੰਦੇ।

ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਇਹ ਅਨੁਸ਼ਾਸਨ-ਹੀਣ ਵਤੀਰਾ ਮੈਨੂੰ ਬੇਚੈਨ ਕਰੀ ਰੱਖਦਾ ਸੀ। ਮੈਨੂੰ ਇਹ ਵੀ ਲੱਗਦਾ ਸੀ ਕਿ ਇਨ੍ਹਾਂ ਸਾਲਾਂ ਵਿਚ ਪੜ੍ਹਾਈ ਦੇ ਬੁਰੇ ਹਾਲ ਕਰ ਕੇ ਅਤੇ ਨਕਲਾਂ ਮਾਰ ਕੇ ਪਾਸ ਹੋਣ ਸਦਕਾ ਸਾਡੀ ਪੂਰੀ ਦੀ ਪੂਰੀ ਪੀੜ੍ਹੀ ਅਨਪੜ੍ਹ ਅਤੇ ਬਰਬਾਦ ਹੋ ਕੇ ਰਹਿ ਜਾਵੇਗੀ। ਮੇਰੇ ਆਪਣੇ ਵਿਹਾਰ ਅਤੇ ਪਿੰਡ ਦਾ ਹੋਣ ਕਰ ਕੇ ਮਾਪਿਆਂ ਤੇ ਵਿਦਿਆਰਥੀਆਂ ਨਾਲ ਮੇਰੇ ਸੁਖਾਵੇਂ ਸਬੰਧਾਂ ਕਾਰਨ ਮੈਨੂੰ ਤਾਂ ਭਾਵੇਂ ਕਦੀ ਕਿਸੇ ਮੁਸ਼ਕਿਲ ਦਾ ਸਾਹਮਣਾ ਨਹੀਂ ਸੀ ਕਰਨਾ ਪਿਆ ਅਤੇ ਵਿਦਿਆਰਥੀ ਮੇਰੀ ਇੱਜ਼ਤ ਵੀ ਕਰਦੇ ਸਨ, ਪਰ ਉਨ੍ਹਾਂ ਦੀ ਅਨੁਸ਼ਾਸਨ-

*(ਬਾਕੀ ਅਗਲੇ ਸਫੇ 'ਤੇ)*

# ਲੋਦਾ

**ਟੈਕਸੀਨਾਮਾ 7**



**ਹਰਪ੍ਰੀਤ ਸਿੰਘ ਸੇਖਾ**
ਫੋਨ: 778-231-1189
hsekha@hotmail.com

*'ਲੋਦਾ' ਨਾਲ ਟੈਕਸੀ ਡਰਾਇਵਰਾਂ ਦੀ ਜ਼ਿੰਦਗੀ ਦਾ ਇਕ ਹੋਰ ਪੱਖ ਪਾਠਕਾਂ ਦੇ ਸਾਹਮਣੇ ਹੈ। ਲੇਖ ਵਿਚ ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ ਪੈਸੇ ਖਾਤਰ ਜਫਰ ਜਾਲ ਰਹੇ ਮਨੁੱਖ ਅਤੇ ਫਿਰ ਪਰਦੇਸਾਂ ਵਿਚ ਲਹੂਰਾਂ ਨਾਲ ਕੀਤੀ ਕਮਾਈ 'ਤੇ ਪੈਂਦੇ ਡਾਕੇ ਦੀ ਕਥਾ ਬਿਆਨ ਕੀਤੀ ਹੈ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ*

ਸਵੇਰ ਦੇ ਸਾਢੇ ਸੱਤ ਵੱਜੇ ਸਨ। 'ਸੈਵਨ ਇਲੈਵਨ' ਸਟੈਂਡ 'ਤੇ ਪਹਿਲਾ ਨੰਬਰ ਲੈ ਕੇ ਬੈਠਿਆਂ ਅੱਧਾ ਘੰਟਾ ਹੋ ਗਿਆ ਸੀ, ਪਰ ਟ੍ਰਿੱਪ ਮਿਲਣ ਦਾ ਨਾਂ ਨਹੀਂ ਸੀ ਲੈ ਰਿਹਾ। ਮਹਿਸੂਸ ਹੋਣ ਲੱਗਾ ਕਿ ਅੱਜ ਕੰਮ 'ਤੇ ਆ ਕੇ ਗਲਤੀ ਹੀ ਕੀਤੀ। ਘਰਵਾਲੀ ਦਾ ਕਿਹਾ ਮੰਨ ਲੈਂਦਾ ਤਾਂ ਚੰਗਾ ਸੀ। ਉਸ ਨੇ ਕਈ ਵਾਰ ਕਿਹਾ ਸੀ ਕਿ ਇਹ ਵੀਕਐਂਡ ਛੁੱਟੀ ਕਰ ਲਵਾਂ ਤਾਂ ਕਿ ਬੱਚਿਆਂ ਨੂੰ ਕਿਤੇ ਬਾਹਰ ਘੁਮਾ-ਫਿਰਾ ਲਿਆਈਏ; ਪਰ ਮੈਂ ਆਖ ਦਿੱਤਾ ਕਿ ਉਹ ਆਪ ਹੀ ਬੱਚਿਆਂ ਨਾਲ ਜਾ ਕੇ ਨਗਰ ਕੀਰਤਨ ਦੇਖ ਆਵੇ, ਮੈਂ ਘਰ ਰਹਿ ਕੇ ਕੀ ਕਰੂੰਗਾ। ਕੰਮ 'ਤੇ ਚਾਰ ਪੈਸੇ ਬਣਾਊਂ; ਪਰ ਅੱਜ ਪੈਸੇ ਬਣਦੇ ਲੱਗਦੇ ਨਹੀਂ ਸੀ। ਟ੍ਰਿੱਪ ਦੀ ਉਡੀਕ ਕਰਦਿਆਂ ਪਿਸ਼ਾਬ ਦਾ ਜ਼ੋਰ ਪੈਣ ਲੱਗ ਪਿਆ। ਮੈਂ ਘੁੱਟ-ਵੱਟ ਕੇ ਬੈਠਾ ਰਿਹਾ। ਸੋਚਿਆ, ਜੇ ਸਟੈਂਡ ਛੱਡ ਕੇ ਕਿਸੇ ਗੈਸ ਸਟੇਸ਼ਨ 'ਤੇ ਹਲਕਾ ਹੋਣ ਚਲਾ ਗਿਆ ਤਾਂ ਅੱਧੇ ਘੰਟੇ ਦੀ ਉਡੀਕ ਅਜਾਈਂ ਜਾ ਸਕਦੀ ਸੀ। ਖਾਲੀ ਸਟੈਂਡ ਵੇਖ ਕੇ ਕੋਈ ਹੋਰ ਟੈਕਸੀ ਆ ਸਕਦੀ ਸੀ ਜਾਂ ਪਿੱਛੋਂ ਟ੍ਰਿੱਪ ਹੀ ਨਿਕਲ ਸਕਦਾ ਸੀ। ਵੀਕਐਂਡ 'ਤੇ ਸਵੇਰ ਦੇ ਸੱਤ ਤੋਂ ਨੌਂ ਵਜੇ ਤੱਕ ਕੰਮ ਡੈੱਡ ਹੀ ਹੁੰਦਾ ਹੈ। ਇਸ ਸਮੇਂ ਦੌਰਾਨ ਜੇ ਕੋਈ ਲੰਮਾ ਟ੍ਰਿੱਪ ਮਿਲ ਜਾਏ ਤਾਂ ਧੰਨ ਧੰਨ ਹੋ ਜਾਂਦੀ ਹੈ। ਲੌਂਗ ਵੀਕਐਂਡ 'ਤੇ ਤਾਂ ਕੰਮ ਹੋਰ ਵੀ ਮੰਦਾ ਹੁੰਦਾ ਹੈ। ਲੌਂਗ ਵੀਕਐਂਡ ਦੇ ਪਹਿਲੇ ਦਿਨ ਸਵੇਰੇ ਸਵੇਰੇ ਏਅਰਪੋਰਟ ਦੇ ਟ੍ਰਿੱਪ ਜ਼ਰੂਰ ਨਿਕਲਦੇ। ਇਸੇ ਝਾਕ 'ਚ ਹੀ ਮੈਂ ਪਿਸ਼ਾਬ ਰੋਕੀ ਬੈਠਾ ਸੀ ਕਿ ਕੰਪਿਊਟਰ 'ਤੇ ਬੀਪ ਹੋਈ। 'ਟ੍ਰਿੱਪ ਅਕਸੈਪਟ' ਬਟਨ ਨੱਪਣ ਲਈ ਮੈਂ ਸਕਿੰਟ ਵੀ ਨਾ ਲਾਇਆ। ਵੈਸਟ 8 ਐਵੀਨਿਊ ਦੀ ਕਿਸੇ ਅਪਾਰਟਮੈਂਟ ਬਿਲਡਿੰਗ ਤੋਂ ਟ੍ਰਿੱਪ ਮਿਲਿਆ ਸੀ। ਉਥੇ ਪੁੱਜਣ ਲਈ ਦੋ-ਤਿੰਨ ਮਿੰਟ ਹੀ ਲੱਗਣੇ ਸਨ। ਸੋਚਿਆ, ਪਿਸ਼ਾਬ ਕਰ ਕੇ ਹੀ ਜਾਵਾਂਗਾ। ਗੈਸ ਸਟੇਸ਼ਨ ਤੋਂ ਵਿਹਲਾ ਹੋ ਕੇ ਮੈਂ ਪੰਜ-ਸੱਤ ਮਿੰਟ 'ਚ ਟੈਕਸੀ ਅਪਾਰਟਮੈਂਟ ਦੇ ਸਾਹਮਣੇ ਜਾ ਰੋਕੀ। ਵੀਹਾਂ ਕੁ ਸਾਲਾਂ ਦੇ ਗੇੜ 'ਚ ਲਗਦੀ ਕੁੜੀ ਵੱਡੇ ਅਟੈਚੀ ਕੋਲ ਖੜ੍ਹੀ ਸੀ। ਅਟੈਚੀ ਵੇਖ ਕੇ ਮੈਂ ਚਿੱਤ 'ਚ ਹੀ ਕਿਹਾ, 'ਬਣਗੀ ਗੱਲ'। ਦੂਜੀ ਗੱਲ ਦਿਮਾਗ 'ਚ ਆਈ ਕਿ ਕਾਹਲੀ 'ਚ ਹੋਵੇਗੀ ਜਿਹੜੀ ਬਾਹਰ ਹੀ ਆ ਖੜ੍ਹੀ ਹੈ ਜਾਂ ਮੈਥੋਂ ਹੀ ਗੈਸ ਸਟੇਸ਼ਨ 'ਤੇ ਜ਼ਿਆਦਾ ਦੇਰ ਲੱਗ ਗਈ। ਟੈਕਸੀ ਵੱਲ ਆਉਂਦੀ ਕੁੜੀ ਨੇ ਆਪਣੀਆਂ ਉਂਗਲਾਂ ਨਚਾ ਕੇ 'ਹਾਏ' ਕਿਹਾ। ਮੈਂ ਝੱਟ ਦੇ ਕੇ ਟੈਕਸੀ 'ਚੋਂ ਬਾਹਰ ਨਿਕਲ ਕੇ ਟਰੰਕ ਖੋਲ੍ਹਿਆ ਅਤੇ ਅਟੈਚੀ ਉਸ ਵਿਚ ਰੱਖ ਕੇ ਪਿਛਲਾ ਦਰਵਾਜ਼ਾ ਖੋਲ੍ਹਣ ਲਈ ਅਹੁਲਿਆ ਹੀ ਸੀ ਕਿ ਉਹ ਬੋਲੀ, "ਮੂਹਰਲੀ ਸੀਟ 'ਤੇ ਬੈਠ ਸਕਦੀ ਹਾਂ?"

"ਜਿਥੇ ਤੇਰਾ ਜੀਅ ਕਰਦਾ ਹੈ।" ਮੈਂ ਮੁਸਕਰਾ ਕੇ ਕਿਹਾ ਅਤੇ ਟੈਕਸੀ ਵਿਚ ਬੈਠ ਗਿਆ। ਮੇਰੇ ਬਰਾਬਰ ਵਾਲੀ ਸੀਟ 'ਤੇ ਬੈਠ ਕੇ ਕੁੜੀ ਨੇ ਦੋਹੇਂ ਹੱਥ ਜੋੜ ਕੇ ਕਿਹਾ, "ਸਟ-ਸਰੀ-ਅਕਾਲ।"

'ਓ ਸਦਕੇ' ਮੈਂ ਚਿੱਤ 'ਚ ਹੀ ਕਿਹਾ ਅਤੇ ਮੈਂ ਉਸ ਦੀ ਸਤਿ ਸ੍ਰੀ ਆਕਾਲ ਦਾ ਜਵਾਬ ਦੇ ਕੇ ਪੁੱਛਿਆ, "ਕੀ ਹਾਲ ਹੈ?"

"ਮੈਂ ਪੰਜਾਬੀ ਦੇ ਕੇਵਲ ਇਹੋ ਲਫ਼ਜ਼ ਹੀ ਜਾਣਦੀ ਹਾਂ।" ਉਸ ਨੇ ਮੁਸਕਰਾ ਕੇ ਅੰਗਰੇਜ਼ੀ ਵਿਚ ਕਿਹਾ ਅਤੇ ਫਿਰ ਬੋਲੀ, "ਏਅਰਪੋਰਟ, ਪਲੀਜ਼।"

ਮੈਂ ਟੈਕਸੀ ਤੋਰ ਕੇ ਪੁੱਛਿਆ, "ਕਿਥੋਂ ਸਿੱਖਿਆ ਇਹ ਲਫ਼ਜ਼?"

"ਮੈਂ ਇੰਡੀਆ ਗਈ ਸੀ। ਉਥੇ ਕੁਝ ਲਫ਼ਜ ਸਿੱਖੇ ਸਨ।" ਫਿਰ ਉਹ ਚਹਿਕ ਕੇ ਬੋਲੀ, "ਮੈਨੂੰ ਇੰਡੀਆ ਬਹੁਤ ਚੰਗਾ ਲਗਦਾ ਹੈ।"

"ਅੱਛਾ? ਕੀ ਚੰਗਾ ਲੱਗਾ ਇੰਡੀਆ ਦਾ?" ਮੈਂ ਖੁਸ਼ ਹੋ ਕੇ ਪੁੱਛਿਆ।

"ਲੋਕ, ਭੋਜਨ ਤੇ ਪੁਰਾਣੀਆਂ ਇਮਾਰਤਾਂ।"

"ਕਿਥੇ ਕਿਥੇ ਗਈ?"

"ਜੈਪੁਰ, ਫਟੈਹਿਪੁਰ, ਟਾਜ ਮਹਲ...।" ਉਹ ਸੋਚਣ ਲਈ ਥੋੜ੍ਹਾ ਕੁ ਚੁੱਪ ਹੋਈ। ਮੇਰੇ ਮੂੰਹੋਂ ਝੱਟ ਨਿਕਲਿਆ, "ਗੋਲਡਨ ਟੈਂਪਲ?"

"ਓ ਹਾਂ-ਹਾਂ, ਬਹੁਤ ਸੋਹਣਾ ਹੈ, ਪਰ ਸਭ ਤੋਂ ਵੱਧ ਮੈਨੂੰ ਇੰਡੀਆ ਦੇ ਲੋਕ ਚੰਗੇ ਲੱਗਦੇ ਆ। ਬਹੁਤ ਮਿਲਣਸਾਰ ਐ।" ਆਖ ਕੇ ਉਹ ਟਿਕਟਿਕੀ ਲਗਾ ਕੇ ਮੇਰੇ ਵੱਲ ਵੇਖਣ ਲੱਗੀ। ਮੈਂ ਤਿਰਛੀ ਨਜ਼ਰ ਨਾਲ ਉਸ ਵੱਲ ਵੇਖਿਆ। 'ਜਿਉਂਦੀ ਰਹਿ ਕੁੜੀਏ', ਮੈਂ ਚਿੱਤ 'ਚ ਹੀ ਕਿਹਾ ਅਤੇ ਉਸ ਵੱਲ ਝਾਕਿਆ। ਉਹ ਮੁਸਕਰਾਈ। ਮੇਰਾ ਅੰਦਰ ਖਿੜ ਗਿਆ। ਉਸ ਨੇ ਚਹਿਕ ਕੇ ਕਿਹਾ, "ਵੇਖ, ਕਿੰਨਾ ਸੋਹਣਾ ਦਿਨ ਹੈ।"

"ਹਾਂ, ਐਤਕੀਂ ਬਹੁਤ ਮੀਂਹ ਪਏ ਆ। ਬਹੁਤ ਦਿਨਾਂ ਬਾਅਦ ਧੁੱਪ ਨਿਕਲੀ ਹੈ, ਪਰ ਜਦੋਂ ਚੰਗਾ ਮੌਸਮ ਆਇਐ ਤੂੰ ਏਅਰਪੋਰਟ ਵੱਲ ਜਾ ਰਹੀ ਹੈਂ, ਸ਼ਹਿਰ ਤੋਂ ਦੂਰ ਜਾਣ ਲਈ।"

"ਹਾਂ, ਮੈਂ ਜਾਣਦੀ ਹਾਂ। ਮੈਂ ਟੋਰਾਂਟੋ ਚੱਲੀ ਹਾਂ। ਉਥੇ ਮੀਂਹ ਪੈ ਰਿਹਾ ਹੈ। ਏਸ ਧੁੱਪ ਨੂੰ ਰੋਕ ਕੇ ਰੱਖੀਂ। ਮੈਂ ਦੋ ਕੁ ਦਿਨਾਂ 'ਚ ਮੁੜ ਆਉਣੈ।" ਆਖ ਕੇ ਉਹ ਹੱਸੀ।

"ਮੈਂ ਪੂਰੀ ਕੋਸ਼ਿਸ਼ ਕਰਾਂਗਾ। ਬਹੁਤ ਛੋਟਾ ਟ੍ਰਿੱਪ ਹੈ ਤੇਰਾ?"

"ਹਾਂ, ਮੈਂ ਲੌਂਗ ਵੀਕਐਂਡ ਕਰ ਕੇ ਚੱਲੀ ਹਾਂ ਆਪਣੇ ਪਰਿਵਾਰ ਕੋਲ। ਈਸਟਰ ਮਨਾਉਣ। ਤੂੰ ਕਿਵੇਂ ਈਸਟਰ ਮਨਾ ਰਿਹਾ ਹੈਂ?"

"ਕੰਮ ਕਰ ਕੇ।" ਆਖ ਕੇ ਮੈਂ ਹੱਸਿਆ।

"ਆਹ! ਤੁਸੀਂ ਲੋਕ ਬਹੁਤ ਮਿਹਨਤੀ ਓਂ, ਪਰ ਤੁਹਾਨੂੰ ਆਪਣੇ ਪਰਿਵਾਰਾਂ ਨਾਲ ਵੀ ਸਮਾਂ ਬਿਤਾਉਣਾ ਚਾਹੀਦੈ।"

"ਮੈਂ ਤਾਂ ਐਵੇਂ ਮਜ਼ਾਕ ਕਰਦਾ ਸੀ। ਕੱਲ੍ਹ ਨੂੰ ਮੈਂ ਛੁੱਟੀ ਕਰਨੀ ਹੈ ਤੇ ਅੱਜ ਵੀ ਸਵੇਰੇ ਸਵੇਰੇ ਹੀ ਕੰਮ ਕਰਨਾ ਹੈ। ਫਿਰ ਸਾਡੀ ਵਿਸਾਖੀ ਪ੍ਰੇਡ ਹੈ।" ਮੈਂ ਛੁੱਟੀ ਕਰਨ ਬਾਰੇ ਗੱਪ ਮਾਰ ਦਿੱਤੀ।

"ਓਹ ਅੱਛਾ, ਤਾਂ ਅੱਜ ਵਿਸਾਖੀ ਪ੍ਰੇਡ ਹੈ? ਦੁਰਭਾਗ ਵੱਸ ਮੈਂ ਸਮੋਸੇ ਤੇ ਮੁਫ਼ਤ ਦਾ ਹੋਰ ਭੋਜਨ ਨਹੀਂ ਖਾ ਸਕਾਂਗੀ।" ਮੈਨੂੰ ਲੱਗਾ ਜਿਵੇਂ ਉਸ ਦੇ ਚਿਹਰੇ 'ਤੇ ਵਿਸਾਖੀ ਪ੍ਰੇਡ ਵਿਚ ਸ਼ਾਮਿਲ ਨਾ ਹੋ ਸਕਣ ਦਾ ਪਛਤਾਵਾ ਹੋਵੇ। ਉਹ ਫਿਰ ਬੋਲੀ, "ਤੁਸੀਂ ਬਹੁਤ ਦਿਆਲੂ ਲੋਕ ਹੋ। ਮੈਂ ਪੜ੍ਹਾਈ ਤੋਂ ਥੋੜ੍ਹਾ ਧਿਆਨ ਪਾਸੇ ਕਰਨਾ ਚਾਹੁੰਦੀ ਸੀ, ਇਸ ਕਰ ਕੇ ਜਾ ਰਹੀ ਹਾਂ। ਜੇ ਮੈਨੂੰ ਵਿਸਾਖੀ ਪ੍ਰੇਡ ਦਾ ਪਤਾ ਹੁੰਦਾ, ਤਾਂ ਸ਼ਾਇਦ ਮੈਂ ਨਾ ਹੀ ਜਾਂਦੀ।"

ਮੈਂ ਟੈਕਸੀ ਬਰਾਡਵੇ ਤੋਂ ਗਰੈਨਵਿਲ 'ਤੇ ਪਾ ਲਈ। ਟ੍ਰੈਫ਼ਿਕ ਨਾਂ-ਮਾਤਰ ਹੀ ਸੀ।

"ਅੱਛਾ ਤਾਂ ਇਥੇ ਵੈਨਕੂਵਰ ਤੂੰ ਪੜ੍ਹਾਈ ਕਰਨ ਹੀ ਆਈ ਹੋਈ ਹੈਂ? ਕਾਹਦੀ ਪੜ੍ਹਾਈ ਕਰਦੀ ਹੈਂ?"

"ਮੈਂ ਯੂ ਬੀ ਸੀ 'ਚ ਮੈਡੀਸਨ ਪੜ੍ਹਦੀ ਹਾਂ।"

"ਡਾਕਟਰ ਬਣੇਂਗੀ?"

"ਕੋਸ਼ਿਸ਼ ਕਰ ਰਹੀ ਹਾਂ।"

"ਤੇਰੇ ਮਾਪਿਆਂ ਨੂੰ ਤਾਂ ਤੇਰੇ 'ਤੇ ਬਹੁਤ ਮਾਣ ਹੋਵੇਗਾ?"

ਉਹ ਮੁਸਕਰਾਈ। ਮੈਂ ਸੋਚਿਆ ਕਿ ਕਿੰਨੀ ਲਾਇਕ ਕੁੜੀ ਹੈ। ਕਿਤੇ ਮੇਰੇ ਬੱਚੇ ਵੀ ਇਸ ਤਰ੍ਹਾਂ ਦੇ ਸਿਆਣੇ ਤੇ ਹੁਸ਼ਿਆਰ ਨਿਕਲਣ।

"ਤੇਰੇ ਮਾਂ-ਬਾਪ ਕੀ ਕਰਦੇ ਹਨ?" ਉਸ ਨੇ ਸਪਾਟ ਚਿਹਰੇ ਨਾਲ ਮੇਰੇ ਵੱਲ ਵੇਖਿਆ। ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਕਿ ਮੈਨੂੰ ਇਹ ਸਵਾਲ ਨਹੀਂ ਸੀ ਪੁੱਛਣਾ ਚਾਹੀਦਾ। ਮੈਂ ਹਾਲੇ ਅਨੈਤਿਕ ਪ੍ਰਸ਼ਨ ਲਈ ਮੁਆਫੀ ਮੰਗਣ ਬਾਰੇ ਸੋਚ ਹੀ ਰਿਹਾ ਸੀ ਕਿ ਉਹ ਬੋਲੀ, "ਮੇਰੇ ਪਿਤਾ ਦਾ ਆਪਣਾ ਕਾਰੋਬਾਰ ਹੈ।" ਆਖ ਕੇ ਉਹ ਬਾਹਰ ਵੱਲ ਵੇਖਣ ਲੱਗੀ। ਮੇਰਾ ਜੀਅ ਕੀਤਾ ਕਿ ਪੁੱਛਾਂ ਕਿ ਤੇਰੀ ਮਾਂ ਕੀ ਕਰਦੀ ਹੈ? ਪਰ ਮੈਂ ਪੁੱਛਿਆ ਨਹੀਂ। ਸੋਚਿਆ ਕਿ ਤਲਾਕਸ਼ੁਦਾ ਮਾਪਿਆਂ ਦੀ ਸੰਤਾਨ ਹੋਵੇਗੀ, ਨਹੀਂ ਤਾਂ ਮਾਂ ਬਾਰੇ ਵੀ ਦੱਸਦੀ। ਮੈਂ ਪੁੱਛਿਆ, "ਤੇਰੀ ਪੜ੍ਹਾਈ ਵੱਲ ਉਚੇਚਾ ਧਿਆਨ ਦਿੰਦੇ ਹੋਣਗੇ ਜਦ ਤੂੰ ਛੋਟੀ ਸੀ?"


ਮੈਂ ਉਸ ਦੀ ਪ੍ਰਸ਼ਨ ਸੂਚਕ ਤੱਕਣੀ ਵੱਲ ਵੇਖ ਕੇ ਸੋਚਿਆ ਕਿ ਉਸ ਨੂੰ ਮੇਰੇ ਸਵਾਲ ਦੀ ਸਮਝ ਨਹੀਂ ਸੀ ਲੱਗੀ। ਮੈਂ ਆਪਣੇ ਪ੍ਰਸ਼ਨ ਨੂੰ ਵਿਸਥਾਰ ਦਿੰਦਿਆਂ ਕਿਹਾ, "ਮੇਰਾ ਮਤਲਬ ਜਦੋਂ ਤੂੰ ਤੀਜੇ-ਚੌਥੇ ਗ੍ਰੇਡ ਵਿਚ ਸੀ, ਤਾਂ ਤੇਰੇ ਮਾਪੇ ਤੈਨੂੰ ਹੋਮ ਵਰਕ ਕਰਾਉਂਦੇ ਹੋਣਗੇ? ਜਾਂ ਸਕੂਲ ਤੋਂ ਬਿਨਾਂ ਤੈਨੂੰ ਉਨ੍ਹਾਂ ਨੇ ਕਿਹੜੀਆਂ ਗਤੀਵਿਧੀਆਂ 'ਚ ਪਾਇਆ ਹੋਇਆ ਸੀ?"

"ਪਰ ਤੂੰ ਕਿਉਂ ਇਹ ਪੁੱਛ ਰਿਹਾ ਹੈਂ?"

"ਕਿਉਂਕਿ ਮੇਰੀ ਬੇਟੀ ਤੀਜੇ ਗ੍ਰੇਡ ਵਿਚ ਹੈ ਤੇ ਬੇਟਾ ਪਹਿਲੇ 'ਚ। ਮੈਂ ਚਾਹੁੰਨੈਂ ਕਿ ਉਹ ਵੀ ਤੇਰੇ ਵਾਂਗ ਬਹੁਤ ਪੜ੍ਹਨ।"

"ਓ।" ਆਖ ਕੇ ਉਹ ਬਾਹਰ ਵੱਲ ਵੇਖਣ ਲੱਗੀ।

ਟੈਕਸੀ ਆਰਥਰਲੇਂਗ ਬ੍ਰਿੱਜ ਪਾਰ ਕਰ ਚੁੱਕੀ ਸੀ। ਮੈਥੋਂ ਉਸ ਦੀ ਚੁੱਪ ਬਰਦਾਸ਼ਤ ਨਹੀਂ ਸੀ ਹੋ ਰਹੀ। ਮੈਂ ਚਾਹੁੰਦਾ ਸੀ ਕਿ ਟੈਕਸੀ ਦੇ ਟਰਮੀਨਲ 'ਤੇ ਪਹੁੰਚਣ ਤੋਂ ਪਹਿਲਾਂ ਪਹਿਲਾਂ ਉਹ ਮੈਨੂੰ ਗਿੱਦੜਸਿੰਗੀ ਦੇ ਦੇਵੇ। ਉਹ ਬੋਲੀ, "ਉਨ੍ਹਾਂ ਨੂੰ ਸਮਾਜਕ ਗਤੀਵਿਧੀਆਂ ਵਿਚ ਰੁਝਾਈ ਰੱਖਿਆ ਕਰ, ਖੇਡਾਂ ਵਿਚ ਪਾਇਆ ਕਰ ਤੇ ਸਭ ਤੋਂ ਵੱਧ



ਅਹਿਮ ਗੱਲ ਕਿ ਉਨ੍ਹਾਂ ਨਾਲ ਸਮਾਂ ਬਿਤਾਇਆ ਕਰ। ਚਿੰਤਾ ਨਾ ਕਰ, ਉਹ ਵਧੀਆ ਪੜ੍ਹਨਗੇ।" ਇਹ ਆਖ ਕੇ ਉਹ ਫਿਰ ਬਾਹਰ ਵੱਲ ਵੇਖਣ ਲੱਗੀ।

ਟੈਕਸੀ ਘਰੇਲੂ ਉਡਾਣ ਵਾਲੇ ਟਰਮੀਨਲ 'ਤੇ ਪਹੁੰਚ ਗਈ ਸੀ। ਮੀਟਰ ਉਪਰ ਬਾਈ ਡਾਲਰ ਤੇ ਪੈਂਹਠ ਸੈਂਟ ਚੱਲ ਚੁੱਕੇ ਸਨ। ਉਸ ਨੇ ਆਪਣਾ ਪਰਸ ਖੋਲ੍ਹਿਆ। ਦੋ-ਤਿੰਨ ਜੇਬਾਂ ਵਿਚ ਕਾਹਲੀ ਕਾਹਲੀ ਹੱਥ ਮਾਰਿਆ, ਫਿਰ ਬੋਲੀ, "ਓ ਮਾਈ ਗਾਡ, ਓ ਮਾਈ ਗਾਡ, ਮੈਂ ਤਾਂ ਆਪਣਾ ਕਰੈਡਿਟ ਕਾਰਡ ਦੂਜੇ ਪਰਸ ਵਿਚ ਭੁੱਲ ਆਈ। ਹੁਣ ਕੀ ਕਰਾਂਗੀ?" ਉਹ ਹਾਲੇ ਵੀ ਪਰਸ ਫਰੋਲ ਰਹੀ ਸੀ। ਉਹ ਉਸੇ ਤਰ੍ਹਾਂ ਪਰਸ ਵਿਚ ਉਂਗਲਾਂ ਫੇਰਦੀ ਬੋਲੀ, "ਮੈਂ ਤੈਨੂੰ ਆਪਣਾ ਫੋਨ ਨੰਬਰ ਦੇ ਦਿੰਦੀ ਹਾਂ। ਸੋਮਵਾਰ ਨੂੰ ਮੈਂ ਮੁੜ ਆਉਣਾ ਹੈ। ਤੈਨੂੰ ਪਤਾ ਤਾਂ ਹੈ, ਮੈਂ ਕਿੱਥੇ ਰਹਿੰਦੀ ਹਾਂ। ਉਸ ਦਿਨ ਮੈਥੋਂ ਪੈਸੇ ਲੈ ਜਾਵੀਂ। ਤੂੰ ਇਸ ਤਰ੍ਹਾਂ ਕਰ ਸਕਦੈਂ, ਪਲੀਜ਼?" ਉਸ ਦੀ ਆਵਾਜ਼ ਵਿਚ ਤਰਲਾ ਸੀ।

"ਕੋਈ ਗੱਲ ਨਹੀਂ।" ਆਖ ਕੇ ਮੈਂ ਉਸ ਨੂੰ ਪੈੱਨ ਅਤੇ ਕਾਗਜ਼ ਫੋਨ ਨੰਬਰ ਲਿਖ ਕੇ ਦੇਣ ਲਈ ਦੇ ਦਿੱਤਾ। ਫੋਨ ਨੰਬਰ ਲਿਖਦੀ ਉਹ ਬੋਲੀ, "ਮੇਰੇ ਕੋਲ ਤਾਂ ਏਅਰਪੋਰਟ ਫੀਸ ਦੇਣ ਲਈ ਵੀ ਪੈਸੇ ਨਹੀਂ ਹਨ।"

"ਚਿੰਤਾ ਨਾ ਕਰ। ਹੁਣ ਇਹ ਫੀਸ ਏਅਰਪੋਰਟ 'ਤੇ ਨਹੀਂ ਲੈਂਦੇ। ਪਹਿਲਾਂ ਹੀ ਟਿਕਟ ਨਾਲ ਲੈ ਲੈਂਦੇ ਹਨ।" ਮੈਂ ਦੱਸਿਆ।

"ਪਰ ਮੈਨੂੰ ਰਾਹ ਵਿਚ ਲੋੜ ਪੈ ਸਕਦੀ ਹੈ। ਟੋਰਾਂਟੋ ਪਹੁੰਚ ਕੇ ਮੇਰੇ ਕੋਲ ਟੈਕਸੀ ਜਾਂ ਬੱਸ ਦਾ ਕਿਰਾਇਆ ਵੀ ਨਹੀਂ।" ਫਿਰ ਥੋੜ੍ਹਾ ਕੁ ਰੁਕ ਕੇ ਬੋਲੀ, "ਤੂੰ ਮੈਨੂੰ ਪੰਜਾਹ ਡਾਲਰ ਉਧਾਰੇ ਦੇ ਸਕਦੈਂ, ਪਲੀਜ਼।"

ਮੈਂ ਮਿੰਟ ਕੁ ਹਿਚਕਚਾਇਆ। ਪੰਜਾਹ ਡਾਲਰ ਤਾਂ ਮੈਂ ਹਾਲੇ ਕਮਾਏ ਵੀ ਨਹੀਂ ਸੀ। ਮੈਂ ਉਸ ਨੂੰ ਵੀਹ ਡਾਲਰ ਦੇ ਦਿੱਤੇ। "ਤੇਰਾ ਬਹੁਤ ਬਹੁਤ ਧੰਨਵਾਦ। ਤੁਸੀਂ ਲੋਕ ਬਹੁਤ ਦਿਆਲੂ ਓਂ।" ਆਖ ਕੇ ਉਸ ਨੇ ਮੇਰਾ ਹੱਥ ਘੁੱਟਿਆ, ਫਿਰ ਫ਼ੋਨ ਨੰਬਰ ਵਾਲੀ ਪਰਚੀ ਫੜਾਉਂਦੀ ਹੋਈ ਬੋਲੀ, "ਮੇਰਾ ਨਾਂ ਕ੍ਰਿਸਟਲ ਹੈ। ਸੋਮਵਾਰ ਸ਼ਾਮ ਨੂੰ ਮੈਥੋਂ ਆਪਣੇ ਪੈਸੇ ਲੈ ਜਾਵੀਂ।"

"ਫਿਕਰ ਨਾ ਕਰ, ਆਪਣੇ ਟ੍ਰਿੱਪ ਦਾ ਆਨੰਦ ਮਾਣ।" ਆਖਦਿਆਂ ਮੈਂ ਉਸ ਦਾ ਅਟੈਚੀ ਟੈਕਸੀ 'ਚੋਂ ਬਾਹਰ ਕੱਢ ਕੇ ਉਸ ਨੂੰ ਫੜਾ ਦਿੱਤਾ। ਉਹ ਉਂਗਲਾਂ ਨਚਾ ਕੇ 'ਬਾਏ' ਕਹਿੰਦੀ ਏਅਰਪੋਰਟ ਦੇ ਅੰਦਰ ਚਲੀ ਗਈ।

ਮੈਨੂੰ ਆਪਣਾ-ਆਪ ਚੰਗਾ ਚੰਗਾ ਲੱਗਣ ਲੱਗਾ, ਜਿਵੇਂ ਕਿਸੇ ਨੇਕ ਕੰਮ ਕਰਨ ਤੋਂ ਬਾਅਦ ਮਹਿਸੂਸ ਹੁੰਦਾ ਹੈ। ਉਸ ਨਾਲ ਕੀਤੀਆਂ ਗੱਲਾਂ ਨੂੰ ਮੈਂ ਆਪਣੇ ਅੰਦਰ ਰਿੜਕਣ ਲੱਗਾ। ਉਸ ਵੱਲੋਂ ਦਿੱਤੀ ਸਲਾਹ ਕਿ 'ਬੱਚਿਆਂ ਨਾਲ ਹੋਰ ਸਮਾਂ ਬਿਤਾਉਣਾ ਚਾਹੀਦਾ ਹੈ' ਮੈਨੂੰ ਚੰਗੀ ਲੱਗੀ। 'ਇਕ-ਅੱਧਾ ਟ੍ਰਿਪ ਹੋਰ ਲਾ ਕੇ ਚੱਲਦੇ ਆਂ ਘਰ', ਸੋਚਦਾ ਮੈਂ ਏਅਰਪੋਰਟ ਤੋਂ ਵਾਪਸ ਆ ਗਿਆ। ਟੈਕਸੀ 'ਹਾਸਪੀਟਲ ਸਟੈਂਡ' 'ਤੇ ਲਾ ਕੇ ਮੈਂ ਜੇਬ ਵਿਚ ਹੱਥ ਮਾਰਿਆ। ਕ੍ਰਿਸਟਲ ਵੱਲੋਂ ਦਿੱਤੀ ਪਰਚੀ ਬਾਹਰ ਕੱਢੀ ਅਤੇ ਨੰਬਰ ਨੂੰ ਆਪਣੇ ਸੈੱਲ ਫ਼ੋਨ ਵਿਚ ਭਰਨ ਲਈ ਉਹ ਨੰਬਰ ਮਿਲਾ ਲਿਆ। ਅੱਗਿਉਂ ਪਹਿਲੀ ਘੰਟੀ 'ਤੇ ਹੀ ਕੈਨੇਡਾ ਪੋਸਟ ਦੀ ਇੰਪਲਾਇਮੈਂਟ ਲਾਈਨ ਬੋਲ ਪਈ। ਮੈਂ ਨੰਬਰ ਦੁਬਾਰਾ ਮਿਲਾਇਆ, ਫਿਰ ਉਹੀ ਸੁਨੇਹਾ। ਮੈਂ ਨੰਬਰਾਂ ਨੂੰ ਅੱਗੇ-ਪਿੱਛੇ ਕਰ ਕੇ ਕੋਸ਼ਿਸ਼ ਕੀਤੀ, ਪਰ ਕੋਈ ਵੀ ਨੰਬਰ ਠੀਕ ਨਹੀਂ ਮਿਲਿਆ। 'ਹੋ ਗਿਆ ਕੰਮ', ਮੈਨੂੰ ਥੋੜ੍ਹੀ ਜਿਹੀ ਸ਼ੱਕ ਪਈ। ਫਿਰ ਸੋਚਿਆ ਕਿ ਉਹ ਲਗਦੀ ਤਾਂ ਨਹੀਂ ਸੀ ਇਹੋ ਜਿਹੀ, ਘਬਰਾਹਟ ਵਿਚ ਗਲਤ ਨੰਬਰ ਲਿਖ ਗਈ ਹੋਵੇਗੀ, ਪਰ ਸ਼ੱਕ ਦੂਰ ਨਾ ਹੋਇਆ। ਮੈਂ ਕੰਪਿਊਟਰ ਵਿਚੋਂ ਕ੍ਰਿਸਟਲ ਦੇ ਟ੍ਰਿੱਪ ਵਾਲਾ ਐਡਰੈੱਸ ਕੱਢਿਆ ਅਤੇ ਸੋਚਿਆ ਕਿ ਆਪਣਾ ਸ਼ੱਕ ਦੂਰ ਕਰ ਹੀ ਲਵਾਂ। ਉਸ ਪਤੇ 'ਤੇ ਪਹੁੰਚ ਕੇ ਜਦ ਮੈਂ ਸੁਈਟ ਨੰਬਰ ਵਾਲੀ ਲਿਸਟ ਵੇਖੀ ਤਾਂ ਉਸ ਲਿਸਟ ਵਿਚ ਉਹ ਸੁਈਟ ਨੰਬਰ ਹੀ ਨਹੀਂ ਸੀ। ਮੈਨੂੰ ਕ੍ਰਿਸਟਲ ਦੇ ਬਾਹਰ ਆ ਕੇ ਖੜ੍ਹਨ ਦੀ ਸਮਝ ਆਉਣ ਲੱਗੀ।

"ਲਾ ਗਈ ਲੋਦਾ!" ਮੇਰੇ ਮੂੰਹੋਂ ਨਿਕਲਿਆ।

## 'ਟਿੱਡੀਆਂ' 'ਸ਼ੇਰ' ਬਣ ਗਈਆਂ

*(ਪਿਛਲੇ ਸਫੇ ਦੀ ਬਾਕੀ)*

ਹੀਣਤਾ ਅਤੇ ਹੋਰਨਾਂ ਅਧਿਆਪਕਾਂ ਪ੍ਰਤੀ ਉਨ੍ਹਾਂ ਦਾ ਅਪਮਾਨਜਨਕ ਵਤੀਰਾ ਮੇਰੀ ਰੂਹ ਨੂੰ ਜ਼ਖ਼ਮੀ ਕਰਦਾ ਰਹਿੰਦਾ ਸੀ।

ਇਹੋ ਕਾਰਨ ਸੀ ਕਿ ਹੋਰਨਾਂ ਨਾਲ ਹੋਇਆ ਵਾਧਾ ਵੀ ਮੈਨੂੰ ਆਪਣੇ ਨਾਲ ਹੋਇਆ ਵਾਧਾ ਲੱਗਦਾ ਸੀ। ਮੈਂ ਕਿਸੇ ਦੂਜੇ ਅਧਿਆਪਕ ਨਾਲ ਸਰ੍ਹੀਂਣ ਹੁੰਦੀ ਵਧੀਕੀ ਬਰਦਾਸ਼ਤ ਨਹੀਂ ਸਾਂ ਕਰ ਸਕਦਾ। ਜੇ ਉਸ ਅਧਿਆਪਕ ਦੀ ਇੱਛਾ ਹੁੰਦੀ ਤਾਂ ਮੈਂ ਆਪ ਵਿਚ ਪੈ ਕੇ ਮਸਲਾ ਨਜਿੱਠਣ ਦੀ ਕੋਸ਼ਿਸ਼ ਵੀ ਕਰਦਾ ਤੇ ਕਰਵਾਉਂਦਾ। ਅੱਵਲ ਤਾਂ ਮੁੰਡਾ ਮੇਰੇ ਕੋਲੋਂ ਹੀ ਮੰਨ ਜਾਂਦਾ, ਪਰ ਜੇ ਕੋਈ ਜ਼ਿਆਦਾ ਟੇਢਾ ਦਿਸਦਾ ਤਾਂ ਮੈਂ ਉਸ ਦੇ ਮਾਪਿਆਂ ਨੂੰ ਬੁਲਾ ਕੇ ਉਹਨੂੰ ਸਮਝਾਉਣ ਅਤੇ ਮੁਆਫ਼ੀ ਮੰਗਣਵਾਉਣ ਵਾਸਤੇ ਕਹਿੰਦਾ। ਇਸ ਤੋਂ ਵੱਡੀ ਸਜ਼ਾ ਦੇ ਸਕਣ ਦੀ ਇਸ ਹਾਲਾਤ ਵਿਚ ਗੁੰਜਾਇਸ਼ ਹੀ ਨਹੀਂ ਸੀ। ਮੁਆਫ਼ੀ ਮੰਗਵਾਉਣ ਵਾਲਾ ਕੰਮ ਅਕਸਰ ਸਾਰੀ ਜਮਾਤ ਸਾਹਮਣੇ ਕਰਵਾਉਂਦਾ, ਤਾਂ ਕਿ ਦੂਜੇ ਵਿਦਿਆਰਥੀਆਂ ਨੂੰ ਵੀ ਕੰਨ ਹੋ ਜਾਣ। ਉਂਜ ਮੇਰੇ ਮਨ ਵਿਚ ਇਹ ਡਰ ਵੀ ਬਣਿਆ ਰਹਿੰਦਾ ਕਿ ਜੇ ਕੋਈ ਵਿਦਿਆਰਥੀ ਮੇਰੇ ਅੱਗੇ ਵੀ ਆਕੜ ਪਿਆ, ਤਾਂ! ਇਹ ਵੀ ਸ਼ੁਕਰ ਦੀ ਗੱਲ ਸੀ ਕਿ ਮੁੱਖ ਅਧਿਆਪਕ ਨਾਲ ਵਧੀਕੀ ਕਰਨ ਵਾਲੇ ਸੁਖਦੇਵ ਅਤੇ ਗੱਟੂ, ਦੋਵੇਂ ਵਿਦਿਆਰਥੀ ਵੀ ਮੇਰੇ ਕਹਿਣ 'ਤੇ ਮੁਆਫ਼ੀ ਮੰਗ ਗਏ ਸਨ।

ਅਨੁਸ਼ਾਸਨ-ਹੀਣਤਾ ਅਤੇ ਗਰਕਦੀ ਜਾਂਦੀ ਪੜ੍ਹਾਈ ਦਾ ਕਾਰਨ ਕਈ ਜਣੇ ਮੁੱਖ ਅਧਿਆਪਕ ਦੀ ਨਰਮੀ, ਲਾਪ੍ਰਵਾਹੀ ਅਤੇ ਗ਼ੈਰ-ਹਾਜ਼ਰੀ 'ਤੇ ਸੁੱਟਦੇ ਸਨ; ਪਰ ਇਹ ਉਨ੍ਹਾਂ ਦਾ ਮਹਿਜ਼ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦਾ ਬਹਾਨਾ ਸੀ। ਇਸ ਖ਼ੌਫ਼ਨਾਕ ਦੌਰ ਤੋਂ ਪਹਿਲਾਂ ਇਹੋ ਹੀ ਮੁੱਖ ਅਧਿਆਪਕ ਸੀ ਜਿਸ ਦੀ ਸੋਭਾ ਕਰਦੇ ਅਧਿਆਪਕ ਤੇ ਪਿੰਡ ਵਾਲੇ ਥੱਕਦੇ ਨਹੀਂ ਸਨ। ਉਸ ਨੇ ਆ ਕੇ ਸਕੂਲ ਦਾ ਮੁਹਾਂਦਰਾ ਬਦਲ ਦਿੱਤਾ ਸੀ। ਹਰੇ ਭਰੇ ਲਾਅਨ ਬਣ ਗਏ ਸਨ। ਅਨੁਸ਼ਾਸਨ ਅਤੇ ਪੜ੍ਹਾਈ ਦਾ ਗਰਾਫ਼ ਪਹਿਲਾਂ ਨਾਲੋਂ ਉਚਾ ਹੋ ਗਿਆ ਸੀ। ਉਹ ਮਿੱਠ-ਬੋਲੜਾ ਸੀ। ਉਸ ਵਿਚ ਹਉਮੈ ਨਹੀਂ ਸੀ। ਉਹਨੂੰ ਪਿਆਰ ਨਾਲ ਕੰਮ ਲੈਣ ਦਾ ਸਲੀਕਾ ਆਉਂਦਾ ਸੀ, ਪਰ ਹੁਣ ਜਦੋਂ 'ਵਾ ਹੀ ਇਹੋ ਜਿਹੀ ਵਗ ਗਈ ਸੀ ਤਾਂ ਡੋਰ ਉਹਦੇ ਹੱਥੋਂ ਖਿਸਕ ਗਈ ਸੀ। ਸਾਰੇ ਇਸ ਢਿੱਲ ਦਾ ਲਾਭ ਲੈਣਾ ਚਾਹੁੰਦੇ ਸਨ। ਜ਼ਿੰਮੇਵਾਰ ਘੱਟ ਅਤੇ ਤਮਾਸ਼ਬੀਨ ਵੱਧ ਬਣ ਰਹੇ ਸਨ। ਉਹ ਵਿਚਾਰਾ ਇਕੱਲਾ ਕੀ ਕਰ ਸਕਦਾ ਸੀ! ਇਕੱਲਾ ਹੀ ਤਾਂ ਸੀ, ਕਿਉਂਕਿ ਦੂਜੇ ਸਭ ਬੜੇ ਸੁਚੇਤ ਹੋ ਕੇ ਵਿਚਰਦੇ ਅਤੇ ਕਿਸੇ ਵਿਵਾਦ ਵਿਚ ਫਸਣੋਂ ਬਚਦੇ ਰਹਿੰਦੇ ਸਨ। ਉਸ ਲਈ ਸਭ ਤੋਂ ਵੱਡਾ ਖ਼ਤਰਾ ਤਾਂ ਉਸ ਦੀ ਦਿੱਖ ਸੀ, ਜਿਹੜੀ ਉਹਨੂੰ ਕੋਈ ਵੀ ਪਹਿਲਕਦਮੀ ਕਰਨ ਤੋਂ ਵਰਜਦੀ ਰਹਿੰਦੀ ਸੀ। ਇਸੇ ਦਿੱਖ ਦੇ ਪਾਲੇ ਤੋਂ ਡਰਦਾ ਹੀ ਉਹ ਲੰਮੀ ਛੁੱਟੀ 'ਤੇ ਜਾ ਰਿਹਾ ਸੀ।

"ਭਾ ਜੀ, ਕਰੋ ਦਸਖ਼ਤ। ਕੁਝ ਨਹੀਂ ਹੁੰਦਾ। ਅਸੀਂ ਤੁਹਾਡੇ ਨਾਲ ਹਾਂ।" ਸਕੂਲ ਵਿਚ ਮੈਥੋਂ ਉਮਰੋਂ ਵੱਡੀ ਅਤੇ ਬਹੁਤ ਸਾਊ ਅਧਿਆਪਕਾ 'ਬਿਮਲਾ ਭੈਣ ਜੀ' ਨੇ ਮੈਨੂੰ ਹੌਸਲਾ ਦਿੱਤਾ।

"ਮੈਂ ਤੁਹਾਨੂੰ ਇਸ ਕਰ ਕੇ ਕਿਹੈ ਕਿ ਤੁਸੀਂ ਪ੍ਰਬੰਧ ਨੂੰ ਸੰਭਾਲ ਸਕਦੇ ਹੋ। ਮੁੰਡੇ ਤੇ ਅਧਿਆਪਕ ਤੁਹਾਡਾ ਕਿਹਾ ਮੰਨ ਸਕਦੇ ਨੇ।" ਮੁੱਖ ਅਧਿਆਪਕ ਦੀ ਗੱਲ ਸੁਣ ਕੇ ਮੇਰਾ ਹਾਸਾ ਨਿਕਲ ਗਿਆ।

"ਇਹ ਮਹਾਂ-ਪੁਰਖ਼ ਤਾਂ ਅਕਬਰ ਬਾਦਸ਼ਾਹ ਦੇ ਆਖੇ ਨੂੰ ਅੱਡੀ ਥੱਲੇ ਮਲ਼ ਕੇ ਸੁੱਟ ਦੇਣ, ਮੈਂ ਕੀਹਦਾ ਪਾਣੀ-ਹਾਰ ਆਂ।" ਮੈਂ ਆਲੇ-ਦੁਆਲੇ ਬੈਠੇ ਆਪਣੇ ਸਹਿਕਰਮੀਆਂ ਵੱਲ ਹੱਥ ਕਰ ਕੇ ਹੱਸਿਆ।

"ਅਸੀਂ, ਜੋ ਤੁਸੀਂ ਆਖੋਗੇ, ਮੰਨਾਂਗੇ। ਜਿਵੇਂ ਪ੍ਰਬੰਧ ਚਲਾਉਣਾ ਚਾਹੋਗੇ, ਤੁਹਾਨੂੰ ਪੂਰਾ ਸਹਿਯੋਗ ਦਿਆਂਗੇ।" ਰਮੇਸ਼ ਇਕ ਤਰ੍ਹਾਂ ਸਾਰਿਆਂ ਵੱਲੋਂ ਬੋਲਿਆ।

"ਬਣੋ ਭਾ ਜੀ, 'ਸੰਧੂ' ਹੋ ਕੇ ਵੀ ਮੈਦਾਨ ਛੱਡਦੇ ਜੇ!" ਪੰਜਾਬੀ ਅਧਿਆਪਕਾ ਨਰਿੰਦਰ 'ਸੰਧੂ' ਨੇ ਹਾਸੇ ਹਾਸੇ ਵਿਚ ਮੈਨੂੰ ਵੰਗਾਰਿਆ।

"ਮੈਂ ਇੰਚਾਰਜ ਬਣ ਗਿਆ ਤਾਂ ਮੈਂ ਫਰਲੋ ਕੋਈ ਨਹੀਂ ਦੇਣੀ।" ਮੈਂ ਆਖਿਆ ਤਾਂ ਸਾਰੇ ਅਧਿਆਪਕ ਹੱਸ ਪਏ। ਫਰਲੋ ਤਾਂ ਉਨ੍ਹਾਂ ਵਿਚੋਂ ਸਾਰੇ ਹੀ ਮਾਰਦੇ ਸਨ, ਪਰ ਸ਼ਹਿਰੋਂ ਆਉਂਦੀ ਨਰਿੰਦਰ ਇਸ ਪੱਖੋਂ ਵਧੇਰੇ ਚਰਚਾ ਵਿਚ ਸੀ।

ਆਪਣੇ ਉਤੇ ਵਾਰ ਹੋਇਆ ਸਮਝ ਕੇ ਉਹ ਹੱਸਦੀ ਹੋਈ ਬੋਲੀ, "ਤੁਸੀਂ ਫਰਲੋ ਬੰਨ੍ਹ ਦਿਓ ਸਾਰਿਆਂ ਲਈ ਇਕੋ ਜਿੰਨੀ। ਦੂਜਿਆਂ ਨਾਲੋਂ ਵੱਧ ਨਹੀਂ ਲੈਂਦੀ। ਵਾਅਦਾ ਰਿਹਾ।"

"ਕੋਈ ਨ੍ਹੀਂ ਭਾ ਜੀ, ਰਲ ਮਿਲ ਕੇ ਚਲਾ ਲਾਂ'ਗੇ।" ਪੀ ਟੀ ਨੇ ਵੀ ਹੱਲਾਸ਼ੇਰੀ ਦਿੱਤੀ।

ਮੈਂ ਦੁਬਿਧਾ ਵਿਚ ਫਸ ਗਿਆ।

"ਸੰਧੂ ਸਾਹਿਬ! ਇਸ ਹਾਲਤ ਵਿਚ, ਤੁਸੀਂ ਆਪ ਹੀ ਜਾਣਦੇ ਜੇ, ਹੈਡਮਾਸਟਰ ਸਾਹਬ ਦਾ ਸਕੂਲ ਆਉਣਾ ਖ਼ਤਰੇ ਤੋਂ ਖਾਲੀ ਨਹੀਂ। ਹੋਰ ਕੋਈ ਇਹ ਜ਼ਿੰਮੇਵਾਰੀ ਸੰਭਾਲਣ ਦੇ ਸਮਰੱਥ ਨਹੀਂ। ਸਭ ਨੇ ਤੁਹਾਡੇ ਵਿਚ ਭਰੋਸਾ ਪ੍ਰਗਟਾਇਆ ਹੈ। ਹੁਣ ਭਰਾਵਾਂ ਦੇ ਭਰੋਸੇ ਦੀ ਲੱਜ ਪਾਲੋ!"

ਮੇਰੇ ਦੁਆਲੇ ਚੱਕਰਵਿਊ ਵਲਿਆ ਗਿਆ ਸੀ। ਮੁੱਖ ਅਧਿਆਪਕ ਨੇ ਆਰਡਰ-ਬੁੱਕ ਫਿਰ ਮੇਰੇ ਵੱਲ ਕੀਤੀ।

"ਕਰ ਯਾਰ! ਮੇਰੇ ਆਖੇ ਵੀ ਨਹੀਂ ਲੱਗੇਂਗਾ? ਜਿੱਦਾਂ ਅੱਗੇ ਚੱਲਦਾ, ਆਪੇ ਚੱਲੀ ਜਾਊ ਸਭ।" ਮੁੱਖ ਅਧਿਆਪਕ ਨੇ ਨਿੱਜੀ ਮੋਹ ਵਿਚ ਮੁਸਕਰਾਉਂਦੀਆਂ ਅੱਖਾਂ ਮੇਰੇ ਚਿਹਰੇ 'ਤੇ ਗੱਡੀਆਂ ਹੋਈਆਂ ਸਨ। ਉਹਦੀਆਂ ਨਜ਼ਰਾਂ ਵਿਚਲਾ ਮੋਹ, ਤਰਲਾ ਅਤੇ ਲੁਕਵਾਂ ਭੈਅ ਵੇਖ ਕੇ ਮੈਨੂੰ ਲੱਗਾ ਕਿ ਇਸ ਦੀ ਮਦਦ ਕਰਨੀ ਚਾਹੀਦੀ ਹੈ। ਸੋਚਿਆ, 'ਠੀਕ ਹੀ ਤਾਂ ਹੈ; ਜਿੱਦਾਂ ਅੱਗੇ ਚੱਲਦਾ, ਆਪੇ ਚੱਲੀ ਜਾਊ ਸਭ। ਮੈਂ ਕਿਹੜਾ ਸਿਰ 'ਤੇ ਪਹਾੜ ਚੁੱਕਣਾ ਹੈ!"

*(ਚਲਦਾ)*

ਕਹਾਣੀ

# ਗਰੀਨ ਕਾਰਡ

***ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿੰਦੇ ਪਰਵਾਸੀਆਂ ਨੂੰ ਪੱਕੇ ਹੋਣ ਯਾਨਿ ਹਰਾ ਪੱਤਾ (ਗਰੀਨ ਕਾਰਡ) ਲੈਣ ਲਈ ਕਿਹੜੇ ਕਿਹੜੇ ਜਫਰ ਜਾਲਣੇ ਪੈਂਦੇ ਹਨ, ਇਹ ਤਾਂ ਓਹੀ ਜਾਣਦੇ ਹਨ, ਜਿਨ੍ਹਾਂ ਨੂੰ ਇਸ ਚੱਕਰਵਿਊ ਵਿਚੋਂ ਨਿਕਲਣਾ ਪਿਆ ਹੈ। ਸਾਰੇ ਪਾਪੜ ਵੇਲ ਕੇ ਵੀ ਜੇ ਹਰਾ ਪੱਤਾ ਮਿਲ ਜਾਵੇ ਤਾਂ ਵੱਡੀ ਖੁਸ਼ਕਿਸਮਤੀ ਪਰ ਜਿਨ੍ਹਾਂ ਨੂੰ ਹਰ ਹਰਬਾ ਵਰਤ ਕੇ ਵੀ ਵੀਹ-ਵੀਹ ਸਾਲ ਪਿਛੋਂ ਵੀ ਇਹ ਪੱਤਾ ਨਹੀਂ ਮਿਲਦਾ, ਉਨ੍ਹਾਂ ਬਾਰੇ ਤਾਂ ਬੱਸ ਨਾ ਹੀ ਪੁੱਛੋ। ਹਰਮਹਿੰਦਰ ਚਹਿਲ, ਜਿਸ ਦੇ ਦੋ ਲੰਮੇ ਲੇਖ 'ਆਫੀਆ ਸੱਦੀਕੀ ਦਾ ਜਹਾਦ' ਅਤੇ 'ਅਫਸਾਨਾ-ਏ-ਅਫਗਾਨਿਸਤਾਨ' ਪਾਠਕ ਪੜ੍ਹ ਚੁਕੇ ਹਨ, ਨੇ ਇਹੋ ਹੀ ਵਾਰਤਾ ਇਸ ਕਹਾਣੀ ਵਿਚ ਬਿਆਨੀ ਹੈ, ਜਿਸ ਨੂੰ ਪੜ੍ਹ ਕੇ ਬੰਦਾ ਜਜ਼ਬਾਤੀ ਵਹਿਣ ਵਿਚ ਵਹਿ ਜਾਂਦਾ ਹੈ। -ਸੰਪਾਦਕ***

ਜਿਸ ਗੱਲ ਦਾ ਧੁੜਕੂ ਮੈਨੂੰ ਕਈ ਦਿਨਾਂ ਤੋਂ ਲੱਗਾ ਹੋਇਆ ਸੀ, ਉਹ ਉਸ ਦਿਨ ਸੱਚ ਹੋ ਗਈ। ਪਰ ਮੈਂ ਜਗਤਾਰ ਅੰਕਲ ਤੋਂ ਕਦੇ ਇਹ ਉਮੀਦ ਨਹੀਂ ਸੀ ਕੀਤੀ ਕਿ ਉਹ ਇਸ ਹੱਦ ਤੱਕ ਵੀ ਜਾ ਸਕਦਾ ਹੈ। ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਆਖਰ ਮੈਂ ਇਹ ਗੱਲ ਆਪਣੇ ਛੋਟੇ ਭਰਾ ਮਿੱਕੀ ਨਾਲ ਕਰਨ ਦਾ ਫੈਸਲਾ ਕਰ ਲਿਆ।

ਅਮਰੀਕ ਜਿਸ ਨੂੰ ਘਰ 'ਚ ਸਾਰੇ ਮਿੱਕੀ ਕਹਿ ਕੇ ਬੁਲਾਉਂਦੇ ਹਨ, ਮੇਰਾ ਛੋਟਾ ਭਰਾ ਹੈ। ਪੰਜਾਬ 'ਚ ਰਹਿੰਦਿਆਂ ਸਾਡੇ ਵਿਚਾਲੇ ਆਮ ਜਿਹਾ ਸਬੰਧ ਹੀ ਸੀ। ਪਰ ਅਮਰੀਕਾ ਆ ਕੇ ਬਹੁਤ ਕੁਝ ਬਦਲ ਗਿਆ ਤੇ ਸਾਡੇ ਵਿਚ ਦੋਸਤੀ ਦਾ ਰਿਸ਼ਤਾ ਬਣ ਗਿਆ। ਅਸੀਂ ਆਪਸ ਵਿਚ ਹਰ ਤਰ੍ਹਾਂ ਦਾ ਵਿਚਾਰ-ਵਟਾਂਦਰਾ ਕਰਨ ਲੱਗ ਪਏ। ਪਿੰਡੋਂ ਤੁਰਨ ਲੱਗਿਆਂ ਭਾਪੇ ਨੇ ਮੇਰੇ ਸਿਰ 'ਤੇ ਹੱਥ ਰੱਖਦਿਆਂ ਸਮਝਾਇਆ ਸੀ, ਮਿੱਕੀ ਛੋਟਾ ਹੈ, ਤੂੰ ਹੀ ਸੰਭਾਲਣਾ ਹੈ। ਮਿੱਕੀ ਨੂੰ ਵੀ ਇਹੀ ਨਸੀਹਤ ਦਿੱਤੀ ਕਿ ਪਰਮਜੀਤ ਉਮਰ ਵਿਚ ਭਾਵੇਂ ਤੈਥੋਂ ਵੱਡੀ ਐ, ਪਰ ਤੂੰ ਇਸ ਦੀ ਰਾਖੀ ਵੱਡੇ ਭਰਾ ਵਾਂਗੂੰ ਕਰਨੀ ਐਂ। ਇਸ ਰਾਖੀ ਲਫਜ਼ ਵਿਚ ਬਹੁਤ ਕੁਝ ਸੀ ਜੋ ਮੈਂ ਸਮਝ ਗਈ। ਮਾਂ ਨੇ ਘੰਟਾ ਭਰ ਇਸੇ ਗੱਲ 'ਤੇ ਲਾ ਦਿੱਤਾ ਕਿ ਜੇ ਤੇਰੇ ਵੱਲੋਂ ਕੋਈ ਊਚ-ਨੀਚ ਹੋ ਗਈ ਤਾਂ ਤੇਰੇ ਭਾਪੇ ਨੇ ਨਾ ਤੈਨੂੰ ਛੱਡਣੈਂ ਤੇ ਨਾ ਆਪਣੇ ਆਪ ਨੂੰ। ਇਹੀ ਗੱਲ ਮਿੱਕੀ ਨੂੰ ਵੀ ਕਹੀ ਕਿ ਤੁਸੀਂ ਅਮਰੀਕਾ ਪੜ੍ਹਨ ਲਈ ਜਾ ਰਹੇ ਓ। ਪੜ੍ਹਾਈ



**ਹਰਮਹਿੰਦਰ ਚਹਿਲ**
**ਫੋਨ: 703-362-3239**
chahals57@yahoo.com

ਪੂਰੀ ਕਰਨ ਪਿਛੋਂ ਉਥੋਂ ਕਿਸੇ ਕੰਮ ਤੋਂ ਸਪਾਂਸਰ ਹੋਜੋਂਗੇ। (ਇਹੀ ਕੁਝ ਸਟੱਡੀ ਵੀਜ਼ਾ ਲਵਾਉਣ ਵਾਲੇ ਏਜੰਟ ਨੇ ਕਿਹਾ ਸੀ)। ਵਾਪਸ ਆਉਣ 'ਤੇ ਤੁਹਾਡੀ ਸ਼ਾਦੀ ਸ਼ਾਹੀ ਢੰਗ ਨਾਲ ਕਰਾਂਗੇ। ਕੀ ਹੋਇਆ, ਹੁਣ ਉਹ ਸਰਦਾਰੀਆਂ ਨਹੀਂ ਰਹੀਆਂ ਪਰ ਸ਼ਾਹੀਪੁਣਾ ਤਾਂ ਸਾਡੇ ਪਰਿਵਾਰ ਦੇ ਹਰ ਜੀਅ ਵਿਚ ਰਚਿਆ ਹੋਇਆ ਹੈ। ਇਹ ਵੱਖਰੀ ਗੱਲ ਐ ਕਿ ਕਰਜ਼ੇ 'ਚ ਨੱਕੋ ਨੱਕ ਡੁੱਬੇ ਭਾਪੇ ਨੇ ਬੜਾ ਔਖਾ ਹੋ ਕੇ ਸਾਡੇ ਅਮਰੀਕਾ ਦੇ ਸਟੱਡੀ ਵੀਜ਼ੇ ਦਾ ਇੰਤਜਾਮ ਕੀਤਾ ਸੀ। ਮੇਰੇ 'ਤੇ ਸਾਰੇ ਪਰਿਵਾਰ ਨੂੰ ਬਹੁਤ ਭਰੋਸਾ ਸੀ। ਸਾਨੂੰ ਬਾਹਰ ਭੇਜਣ ਦੇ ਕਈ ਕਾਰਨ ਸਨ। ਵੱਡਾ ਇਹ ਸੀ ਕਿ ਇੱਥੇ ਦੇ ਨੌਜਵਾਨ ਮੁੰਡੇ ਨਸ਼ਿਆਂ ਵਿਚ ਗਰਕ ਰਹੇ ਨੇ। ਬਾਹਰ ਜਾ ਕੇ ਮਿੱਕੀ ਇਸ ਕੋਹੜ ਤੋਂ ਬਚਿਆ ਰਹੂ। ਦੂਜਾ, ਜਦੋਂ ਮੇਰੇ ਕੋਲ ਗਰੀਨ ਕਾਰਡ ਹੋਇਆ, ਕੋਈ ਖਾਨਦਾਨੀ ਘਰ ਭਾਲ ਕੇ ਮੇਰਾ ਵਿਆਹ ਪੂਰੀ ਸ਼ਾਨੋ-ਸ਼ੌਕਤ ਨਾਲ ਹੋਊ।

ਏਜੰਟ ਨੇ ਸਾਨੂੰ ਬਥੇਰੇ ਸਬਜ਼ ਬਾਗ ਵਿਖਾਏ ਕਿ ਉਥੇ ਜਾਂਦਿਆਂ ਹੀ ਕੰਮ ਮਿਲ ਜਾਊ। ਜਿੱਥੇ ਕੰਮ ਕਰੋਗੇ, ਉਥੋਂ ਹੀ ਸਪਾਂਸਰ ਹੋ ਕੇ ਦੋ ਸਾਲ ਵਿਚ ਤੁਹਾਨੂੰ ਗਰੀਨ ਕਾਰਡ ਮਿਲ ਜਾਊ। ਖੈਰ ਸਭ ਕੁਝ ਵੇਚ ਵੱਟ ਕੇ ਤੇ ਰਹਿੰਦ-ਖੂੰਹਦ ਗਹਿਣੇ ਕਰਕੇ ਘਰਦਿਆਂ ਨੇ ਸਾਨੂੰ ਏਜੰਟ ਰਾਹੀਂ ਸਟੱਡੀ ਵੀਜ਼ਾ ਦੁਆ ਦਿੱਤਾ। ਬੜੇ ਚਾਅ ਨਾਲ ਅਸੀਂ ਦੋਨੋਂ ਭੈਣ ਭਰਾ ਜਹਾਜ ਚੜ੍ਹੇ ਪਰ ਇੱਥੇ ਆਉਂਦਿਆਂ ਹੀ ਸਭ ਭੁਲੇਖੇ ਦੂਰ ਹੋ ਗਏ। ਸਾਡਾ ਇੱਥੇ ਕੋਈ ਜਾਣ-ਪਛਾਣ ਵਾਲਾ ਜਾਂ ਰਿਸ਼ਤੇਦਾਰ ਵੀ ਨਹੀਂ ਸੀ, ਜੋ ਕੋਈ ਸਲਾਹ ਹੀ ਦੇ ਦਿੰਦਾ। ਪਹਿਲੇ ਦੋ ਤਿੰਨ ਮਹੀਨੇ ਤਾਂ ਅਸੀਂ ਡਡਵੈਰਿਆਂ ਵਾਂਗੂੰ ਤੁਰੇ ਫਿਰੇ। ਜੇਬ ਵਿਚ ਪਾ ਕੇ ਲਿਆਂਦੇ ਡਾਲਰ ਆਉਂਦਿਆਂ ਹੀ ਖਤਮ ਹੋ ਗਏ। ਰਹਿਣ ਦਾ ਪ੍ਰਬੰਧ ਅਸੀਂ ਕਾਲਜ ਕੈਂਪਸ ਦੇ ਅਪਾਰਟਮੈਂਟ ਵਿਚ ਰਹਿੰਦੇ ਕਿਸੇ ਵਿਦਿਆਰਥੀ ਨਾਲ ਕਰ ਲਿਆ। ਟੁੱਟੀਆਂ-ਭੱਜੀਆਂ ਜਾਬਾਂ ਵੀ ਲੱਭ ਲਈਆਂ। ਕੋਈ ਵਰਕ ਪਰਮਿਟ ਤਾਂ ਹੈ ਨਹੀਂ ਸੀ, ਇਸ ਕਰਕੇ ਜੋ ਵੀ ਕੋਈ ਰੈਸਟੋਰੈਂਟ 'ਤੇ ਸਫਾਈ ਵਗੈਰਾ ਦੀ ਨੌਕਰੀ ਮਿਲੀ, ਕਰ ਲਈ। ਪਰ ਨੌਕਰੀ ਕਰਕੇ ਅਸੀਂ ਪੜ੍ਹਾਈ 'ਚ ਪਛੜਨ ਲੱਗੇ। ਸਟੱਡੀ ਵੀਜ਼ੇ ਦੀ ਸ਼ਰਤ ਮੁਤਾਬਕ ਸਾਡੇ ਲਈ ਬੀ ਗਰੇਡ ਲੈਣੇ ਜ਼ਰੂਰੀ ਸਨ। ਪਰ ਅਸੀਂ ਪਾਸ ਵੀ ਮਸੀਂ ਹੁੰਦੇ। ਪਹਿਲਾਂ ਸਮਝਾਇਆ, ਫਿਰ ਕਾਲਜ 'ਚੋਂ ਕੱਢਣ ਦਾ ਵਾਰਨਿੰਗ ਨੋਟਿਸ ਮਿਲ ਗਿਆ। ਖੈਰ, ਅਸੀਂ ਪਹਿਲੇ ਸਾਲ ਦੇ ਫਾਈਨਲ 'ਚੋਂ ਬੜੀ ਮੁਸ਼ਕਲ ਨਾਲ ਬੀ ਗਰੇਡ ਲੈ ਸਕੇ। ਉਂਜ ਡਰ ਸੀ ਕਿ ਕਾਲਜ 'ਚੋਂ ਕਿਸੇ ਵੇਲੇ ਵੀ ਛੁੱਟੀ ਹੋ ਸਕਦੀ ਹੈ।

ਇਸ ਦੌਰਾਨ ਕੁਝ ਦੇਸੀ ਮੁੰਡੇ ਕੁੜੀਆਂ ਸਾਡੇ ਦੋਸਤ ਬਣ ਗਏ। ਉਨ੍ਹਾਂ ਤੋਂ ਹੀ ਇਹ ਸਲਾਹ ਮਿਲੀ ਕਿ ਨਿਰਾ-ਪੁਰਾ ਇਸ ਕਾਲਜ ਦੇ ਸਿਰ 'ਤੇ ਨਾ ਰਹੋ ਸਗੋਂ ਆਪਣੇ ਗਰੀਨ ਕਾਰਡ ਦਾ ਕੋਈ ਪ੍ਰਬੰਧ ਕਰੋ। ਇਨ੍ਹੀਂ ਦਿਨੀਂ ਮੈਂ ਇੱਕ ਦਿਨ ਮਿੱਕੀ ਨੂੰ ਕਿਸੇ ਕੁੜੀ ਨਾਲ ਘੁੰਮਦਿਆਂ ਵੇਖਿਆ।

"ਮਿੱਕੀ ਇਹ ਕੌਣ ਐਂ?"

ਉਸ ਨੇ ਮੇਰੀ ਗੱਲ ਦਾ ਕੋਈ ਜੁਆਬ ਨਾ ਦਿੱਤਾ।

"ਤੈਨੂੰ ਪਤੈ ਕਿ ਤੂੰ ਕੀ ਕਰ ਰਿਹੈਂ?"

"ਦੀਦੀ ਮੈਂ ਆਪਣੇ ਗਰੀਨ ਕਾਰਡ ਦਾ ਇੰਤਜ਼ਾਮ ਕਰ ਰਿਹਾਂ।"

"ਇਸ ਤਰ੍ਹਾਂ ਗਰੀਨ ਕਾਰਡ?"

"ਦੀਦੀ ਤੈਨੂੰ ਪਤਾ ਈ ਐ। ਹੋ ਸਕਦੈ, ਕਾਲਜ 'ਚੋਂ ਛੁੱਟੀ ਹੋ ਜਾਵੇ। ਫਿਰ ਤੂੰ ਹੀ ਦੱਸ, ਪਿੱਛੇ ਫਿਰ ਹੋਰ ਕਿਹੜਾ ਤਰੀਕਾ ਰਹਿ ਜਾਂਦੈ?"

ਉਦੋਂ ਮੈਂ ਚੁੱਪ ਰਹੀ। ਸੋਚਿਆ, ਸ਼ਾਇਦ ਇਥੋਂ ਤੱਕ ਗੱਲ ਨਾ ਹੀ ਪਹੁੰਚੇ। ਪਰ ਇੱਕ ਦਿਨ ਮਿੱਕੀ ਨੇ ਮੈਨੂੰ ਚੌਂਕਾ ਦਿਤਾ। ਉਹ ਮੈਥੋਂ ਉਸ ਕੁੜੀ ਨਾਲ ਵਿਆਹ ਦੀ ਇਜਾਜ਼ਤ ਮੰਗ ਰਿਹਾ ਸੀ ਤਾਂ ਕਿ ਉਸ ਨੂੰ ਗਰੀਨ ਕਾਰਡ ਮਿਲ ਜਾਵੇ।

"ਮਿੱਕੀ ਜੇ ਪਿੰਡ ਵਾਲਿਆਂ ਨੂੰ ਪਤਾ ਲੱਗ ਗਿਆ ਤਾਂ?"

"ਪਹਿਲੀ ਗੱਲ ਤਾਂ ਪਤਾ ਲੱਗਣਾ ਹੀ ਨ੍ਹੀਂ। ਪਰ ਜੇ ਪਤਾ ਲੱਗ ਵੀ ਗਿਆ ਤਾਂ ਮੈਂ ਕਿਹੜਾ ਇਹ ਵਿਆਹ ਪੱਕੇ ਤੌਰ 'ਤੇ ਕਰਵਾ ਰਿਹਾਂ।"

"ਵੇਖ ਲੈ ਮਿੱਕੀ ਮੇਰਾ ਦਿਲ ਨ੍ਹੀਂ ਮੰਨਦਾ।"

"ਤੂੰ ਹੀ ਦੱਸ, ਹੁਣ ਜੇ ਵਾਪਸ ਜਾਣਾ ਪੈ ਗਿਆ ਤਾਂ ਕਿਹੜੇ ਮੂੰਹ ਜਾਵਾਂਗੇ। ਮੈਂ ਤਾਂ ਤੈਨੂੰ ਵੀ ਕਹੂੰਗਾ ਕਿ ਤੂੰ ਵੀ ਆਪਣੇ ਵਿਆਹ ਦਾ ਕੋਈ ਇੰਤਜਾਮ।"

"ਤੇਰਾ ਦਿਮਾਗ ਤਾਂ ਨੀ ਖਰਾਬ ਹੋ ਗਿਆ।"

"ਦੀਦੀ ਜੋ ਮਰਜ਼ੀ ਸਮਝ। ਪਰ ਆਪਾਂ ਮਜ਼ਬੂਰ ਆਂ ਤੇ ਮਜ਼ਬੂਰੀ ਵਿਚ ਇਨਸਾਨ ਨੂੰ ਬਹੁਤ ਕੁਛ ਅਣਚਾਹਿਆ ਕਰਨਾ ਪੈਂਦੈ।"

ਉਸ ਦੀ ਗੱਲ ਸਹੀ ਨਿਕਲੀ ਤੇ ਸਾਨੂੰ ਕਾਲਜ 'ਚੋਂ ਕੱਢ ਦਿੱਤਾ ਗਿਆ। ਸਟੱਡੀ ਵੀਜ਼ੇ ਦੀ ਸ਼ਰਤ ਮੁਤਾਬਕ ਤਿੰਨ ਮਹੀਨਿਆਂ ਦੇ ਵਿਚ ਵਿਚ ਅਮਰੀਕਾ ਛੱਡਣਾ ਪੈਣਾ ਸੀ। ਉਸ ਤੋਂ ਬਾਅਦ ਅਸੀਂ ਅਮਰੀਕਾ 'ਚ ਇਲਲੀਗਲ ਹੋ ਜਾਣਾ ਸੀ। ਅਮਰੀਕਾ ਅਸੀਂ ਕਿਵੇਂ ਛੱਡਦੇ, ਘਰਦਿਆਂ ਨੇ ਸਭ ਕੁਛ ਵੇਚ ਵੱਟ ਕੇ ਸਾਨੂੰ ਸਟੱਡੀ ਵੀਜ਼ੇ ਦੁਆਏ ਸਨ। ਇੱਥੇ ਰਹਿਣ ਦਾ ਇੱਕੋ ਹੀ ਤਰੀਕਾ ਬਚਿਆ ਸੀ, ਕਿਸੇ ਅਮਰੀਕਨ ਸਿਟੀਜ਼ਨ ਨਾਲ ਵਿਆਹ ਕਰਵਾ ਕੇ ਗਰੀਨ ਕਾਰਡ ਲੈਣ ਦਾ। ਮਿੱਕੀ ਤਾਂ ਮੁੰਡਾ ਸੀ। ਉਸ ਦੇ ਤਾਂ ਇਹ ਤਰੀਕਾ ਰਾਸ ਆ ਸਕਦਾ ਸੀ ਪਰ ਮੈਂ ਤਾਂ ਇਸ ਤਰ੍ਹਾਂ ਕਰਨ ਬਾਰੇ ਸੋਚ ਵੀ ਨਹੀਂ ਸੀ ਸਕਦੀ। ਮੈਨੂੰ ਤਾਂ ਕਿਸੇ ਮੁੰਡੇ ਵੱਲ ਵੇਖਣ ਦੀ ਵੀ ਮਨਾਹੀ ਸੀ, ਆਪਣੀ ਮਰਜ਼ੀ ਨਾਲ ਵਿਆਹ ਕਰਾਉਣਾ ਤਾਂ ਦੂਰ। ਮੈਨੂੰ ਸਾਡੇ ਘਰ ਵਾਪਰੀ ਇੱਕ ਘਟਨਾ ਯਾਦ ਆ ਗਈ ਜੋ ਘਰਦੀਆਂ ਬੁੜੀਆਂ ਤੋਂ ਸੁਣੀ ਹੋਈ ਸੀ। ਮੇਰੇ ਭਾਪੇ ਦੀ ਸਾਰਿਆਂ ਤੋਂ ਵੱਡੀ ਭੈਣ ਸੀ। ਮੇਰਾ ਦਾਦਾ ਬਹੁਤ ਸਖਤ ਸੁਭਾਅ ਵਾਲਾ ਸੀ। ਗੁਆਂਢ ਵਿਚ ਕੋਈ ਕੁੜੀ ਵਿਆਹੀ ਗਈ, ਉਸ ਦਾ ਘਰਵਾਲਾ ਆਉਂਦਾ ਤਾਂ ਸਾਲੀਆਂ 'ਚ ਘਿਰ ਕੇ ਬਹਿ ਜਾਂਦਾ। ਇਸੇ ਪ੍ਰਾਹੁਣੇ ਨਾਲ ਪਹਿਲਾਂ ਤਾਂ ਮੇਰੀ ਭੂਆ ਨੂੰ ਦਾਦੇ ਨੇ ਹੱਸ ਹੱਸ ਕੇ ਗੱਲਾਂ ਕਰਨ ਕਾਰਨ ਖੂੰਡਾ ਕੱਢ ਮਾਰਿਆ। ਦੁਬਾਰਾ ਭੂਆ ਨੂੰ ਕਿਧਰੇ ਪ੍ਰਾਹੁਣੇ ਕੋਲ 'ਕੱਲੀ ਖੜ੍ਹੀ ਵੇਖ ਲਿਆ ਤਾਂ ਉਹ ਦਾਦੇ ਦੀ ਅੱਖ ਦਾ ਕਾਂਟਾ ਬਣ ਗਈ। ਸਾਡੀ ਦੂਸਰੇ ਗਵਾਂਢੀਆਂ ਨਾਲ ਸਾਂਝੀ ਖੂਹੀ ਸੀ। ਇੱਕ ਸ਼ਾਮ ਮੇਰੀ ਭੂਆ ਖੂਹੀ ਤੋਂ ਪਾਣੀ ਭਰ ਰਹੀ ਸੀ, ਦਾਦੇ ਨੇ ਪਿਛਲੇ ਪਾਸਿਓਂ ਆ ਕੇ ਉਸ ਨੂੰ ਚੁੱਕ ਕੇ ਖੂਹੀ ਵਿਚ ਸੁੱਟ ਦਿੱਤਾ। ਬੁੜੀਆਂ ਨੇ ਬਥੇਰਾ ਰੌਲਾ ਪਾਇਆ ਪਰ ਦਾਦਾ ਉਦੋਂ ਤੱਕ ਉਥੋਂ ਪਾਸੇ ਨਾ ਹਟਿਆ, ਜਦੋਂ ਤੱਕ ਭੂਆ ਦੀਆਂ ਚੀਕਾਂ ਸੁਣਨੀਆਂ ਬੰਦ ਨਾ ਹੋ ਗਈਆਂ। ਬਾਅਦ ਵਿਚ ਇਹ ਗੱਲ ਉਡਾ ਦਿੱਤੀ ਕਿ ਪੈਰ ਤਿਲਕ ਜਾਣ ਕਰਕੇ ਖੂਹੀ ਵਿਚ ਡਿੱਗ ਕੇ ਮਰ ਗਈ। ਅੱਜ ਤੱਕ ਸਾਡੇ ਘਰ 'ਚ ਉਸ ਭੂਆ ਦਾ ਨਾਂ ਲੈਣ ਤੱਕ ਦੀ ਮਨਾਹੀ ਸੀ।

ਖੈਰ, ਮਿੱਕੀ ਮੈਨੂੰ ਜੋ ਸਲਾਹ ਦੇ ਰਿਹਾ ਸੀ, ਉਸ ਦਾ ਮਤਲਬ ਗੈਰੀ ਤੋਂ ਸੀ ਜੋ ਮੇਰੀ ਹੀ ਕਲਾਸ ਵਿਚ ਪੜ੍ਹਦਾ ਸੀ ਤੇ ਮੇਰੇ ਨਾਲ ਉਸ ਦੀ ਚੰਗੀ ਬਣਦੀ ਸੀ। ਪਰ ਇਹ ਸਿਰਫ ਦੋਸਤੀ ਸੀ। ਦਿਲੋਂ ਮੈਂ ਡਰੀ ਹੋਈ ਸੀ ਤੇ ਜਾਣੇ ਅਣਜਾਣੇ ਗੈਰੀ ਨਾਲ ਨੇੜਤਾ ਬਣਾਈ ਹੋਈ ਸੀ। ਮਿੱਕੀ ਜਿਸ ਕੁੜੀ ਨਾਲ ਸ਼ਾਦੀ ਕਰਨ ਦੀ ਮੈਥੋਂ ਇਜਾਜ਼ਤ ਮੰਗ ਰਿਹਾ ਸੀ, ਉਸ ਨੂੰ ਪਤਾ ਲੱਗ ਗਿਆ ਕਿ ਇਹ ਸਿਰਫ ਗਰੀਨ ਕਾਰਡ ਲਈ ਵਿਆਹ ਕਰਵਾ ਰਿਹਾ ਹੈ। ਉਸ ਨੇ ਮਿੱਕੀ ਤੋਂ ਪਾਸਾ ਵੱਟ ਲਿਆ। ਇੱਕ ਦਿਨ ਮਿੱਕੀ ਨੇ ਕਿਹਾ, "ਦੀਦੀ ਫਿਰ ਨਾ ਕਹੀਂ, ਮੈਂ ਤੈਨੂੰ ਵਕਤ ਸਿਰ ਦਸਿਆ ਨ੍ਹੀਂ। ਗੈਰੀ ਤੇਰੇ 'ਚ ਇੰਟਰੱਸਟਡ ਐ। ਤੂੰ ਵਿਆਹ ਦੀ ਗੱਲ ਚਲਾ।"

"ਮਿੱਕੀ ਮੇਰੇ ਲਈ ਇਹ ਬਹੁਤ ਵੱਡੀ ਗੱਲ ਐ।"

"ਆਪਣੇ ਲਈ ਜੇ ਕੋਈ ਵੱਡੀ ਗੱਲ ਐ ਤਾਂ ਉਹ ਇਸ ਵੇਲੇ ਗਰੀਨ ਕਾਰਡ ਐ। ਮੌਕਾ ਸਾਂਭ ਲੈ।"




ਮੈਂ ਵੀ ਸੰਜੀਦਾ ਹੋ ਗਈ। ਪਰ ਗੈਰੀ ਕਿਸੇ ਹੋਰ ਜਾਤ ਦਾ ਨਿਕਲਿਆ। ਮੈਂ ਮਿੱਕੀ ਨੂੰ ਸੱਚਾਈ ਦੱਸ ਦਿੱਤੀ।

"ਫਿਰ ਕੀ ਐ ਦੀਦੀ। ਇੱਥੇ ਅਮਰੀਕਾ 'ਚ ਕੌਣ ਪੁਛਦੈ, ਉਹ ਕਿਸ ਜਾਤ ਦਾ ਐ।"

"ਨਹੀਂ ਮਿੱਕੀ, ਮੈਂ ਇਹ ਨ੍ਹੀਂ ਕਰ ਸਕਦੀ। ਆਖਰ ਜ਼ਿੰਦਗੀ ਭਰ ਦੀ ਗੱਲ ਐ ਤੇ ਫਿਰ ਘਰਦਿਆਂ ਨੂੰ ਵੀ ਪਤਾ ਲੱਗ ਹੀ ਜਾਣੈ।" ਨਾਲ ਹੀ ਮੈਂ ਉਸ ਨੂੰ ਪਿਛਲੇ ਮਹੀਨੇ ਸਾਡੇ ਪਿੰਡਾਂ ਵੱਲ ਹੋਏ ਹਾਦਸੇ ਦੀ ਗੱਲ ਸੁਣਾਈ। ਸਾਥੋਂ ਕਿਸੇ ਨੇੜਲੇ ਪਿੰਡ ਵੱਖਰੀ ਜਾਤ ਦੇ ਮੁੰਡੇ-ਕੁੜੀ ਨੇ ਸ਼ਾਦੀ ਕਰ ਲਈ। ਜਦੋਂ ਪਤਾ ਲੱਗਾ ਤਾਂ ਲੋਕਾਂ ਪੰਚਾਇਤਾਂ ਇਕੱਠੀਆਂ ਕਰ ਲਈਆਂ। ਪੰਚਾਇਤਾਂ ਨੇ ਦੋਵੇਂ ਸਮਾਜ 'ਚੋਂ ਛੇਕ ਦਿਤੇ। ਕੁਛ ਦਿਨਾਂ ਬਾਅਦ ਦੋਵਾਂ ਦੀਆਂ ਲਾਸ਼ਾਂ ਨਹਿਰ ਵਿਚੋਂ ਮਿਲੀਆਂ।

"ਪਰ ਉਸ ਨੂੰ ਇਹ ਥੋੜਾ ਦੱਸਣੈ ਕਿ ਤੂੰ ਗਰੀਨ ਕਾਰਡ ਲਈ ਵਿਆਹ ਕਰਵਾ ਰਹੀ ਐਂ। ਜਦੋਂ ਗਰੀਨ ਕਾਰਡ ਬਣ ਗਿਆ, ਤਲਾਕ ਦੇ ਦੇਵੀਂ।" ਮਿੱਕੀ ਨੇ ਗੱਲ ਇੰਨੀ ਸਹਿਜ ਸੁਭਾਅ ਕਹੀ ਕਿ ਮੈਂ ਹੈਰਾਨ ਰਹਿ ਗਈ।

"ਤੇਰੀ ਅਕਲ ਤਾਂ ਟਿਕਾਣੇ ਐਂ?"

"ਭੈਣ ਨੂੰ ਨ੍ਹੀਂ। ਸਗੋਂ ਇਹ ਸਲਾਹ ਇੱਕ ਦੋਸਤ ਨੂੰ ਦੇ ਰਿਹਾਂ। ਕਿਉਂਕਿ ਸਾਹਮਣੇ ਬੜੇ ਟੇਢੇ ਰਾਹ ਸਾਡੀ ਉਡੀਕ ਕਰ ਰਹੇ ਨੇ।"

ਮੈਨੂੰ ਮਿੱਕੀ ਦੀ ਗੱਲ ਵਿਚ ਵਜ਼ਨ ਲੱਗਾ। ਮੈਂ ਗੈਰੀ ਨਾਲ ਸਿੱਧੀ ਗੱਲ ਕੀਤੀ। ਪਰ ਉਹ ਤਾਂ ਉਲਟਾ ਮੈਥੋਂ ਗਰੀਨ ਕਾਰਡ ਭਾਲਦਾ ਸੀ।

ਉਂਜ ਇਹ ਗਰੀਨ ਕਾਰਡ ਲੈ ਕੇ ਤਲਾਕ ਦੇਣ ਵਾਲੀ ਗੱਲ ਇੱਥੇ ਆਮ ਹੁੰਦੀ ਜਾ ਰਹੀ ਐ। ਜਿਹੜੇ ਬਿਲਕੁਲ ਸਹੀ ਵਿਆਹ ਹੁੰਦੇ ਨੇ ਉਨ੍ਹਾਂ 'ਚ ਵੀ ਕਈ ਵਾਰੀ ਇੰਡੀਆ ਤੋਂ ਆਏ ਮੁੰਡਾ ਜਾਂ ਕੁੜੀ ਗਰੀਨ ਕਾਰਡ ਮਿਲਦਿਆਂ ਹੀ ਪੱਤਰੇ ਵਾਚ ਜਾਂਦੇ ਹਨ। ਮੇਰੀ ਇੱਕ ਸਹੇਲੀ ਦੱਸ ਰਹੀ ਸੀ ਕਿ ਉਸ ਦੇ ਮਾਮੇ ਦੀ ਕੁੜੀ ਇੰਡੀਆ ਜਾ ਕੇ ਵਿਆਹ ਕਰਵਾ ਆਈ ਸੀ। ਜਦੋਂ ਮੁੰਡੇ ਨੂੰ ਗਰੀਨ ਕਾਰਡ ਮਿਲ ਗਿਆ ਤਾਂ ਉਹ ਤਲਾਕ ਦੇ ਕੇ ਵਾਪਸ ਇੰਡੀਆ ਮੁੜ ਗਿਆ। ਉਥੇ ਜਾ ਕੇ ਉਸ ਨੇ ਆਪਣੀ ਪਸੰਦ ਦਾ ਵਿਆਹ ਕਰਵਾਇਆ ਨਾਲੇ ਪੰਜਾਹ ਲੱਖ ਦਾ ਦਾਜ ਲਿਆ।

ਮਿੱਕੀ ਅੱਜ ਕੱਲ ਇੱਕ ਜਮਾਇਕਣ ਕਾਲੀ ਨਾਲ ਘੁੰਮਦਾ ਸੀ ਕਿ ਕਿਵੇਂ ਨਾ ਕਿਵੇਂ ਉਹ ਉਸ ਨੂੰ ਵਿਆਹ ਲਈ ਮਨਾ ਲਵੇ। ਜਮਾਇਕਣ ਸ਼ਾਇਦ ਉਸ ਦੀ ਮਜ਼ਬੂਰੀ ਭਾਂਪ ਗਈ। ਪਹਿਲਾਂ ਤਾਂ ਉਸ ਨੇ ਉਸ ਨੂੰ ਰੱਜ ਕੇ ਚੂੰਡਿਆ। ਮਿੱਕੀ ਔਖਾ-ਸੌਖਾ ਜੋ ਵੀ ਬਚਾਉਂਦਾ, ਉਹ ਉਸ ਦੀ ਜੇਬ ਵਿਚ ਚਲਿਆ ਜਾਂਦਾ। ਪਤਾ ਉਦੋਂ ਹੀ ਲੱਗਾ ਜਦੋਂ ਉਹ ਮਿੱਕੀ ਦਾ ਹਰ ਨਿੱਕਾ ਮੋਟਾ ਸਮਾਨ ਚੁੱਕ ਕੇ ਰਫੂ ਚੱਕਰ ਹੋ ਗਈ। ਮਿੱਕੀ ਬਹੁਤ ਪ੍ਰੇਸ਼ਾਨ ਹੋ ਗਿਆ। ਇੱਧਰ ਜਿਸ ਕਾਉਂਟੀ ਵਿਚ ਅਸੀਂ ਰਹਿੰਦੇ ਸੀ, ਉਸ ਕਾਉਂਟੀ ਨੇ ਕੱਚਿਆਂ (ਗੈਰ ਕਾਨੂੰਨੀਆਂ) ਨੂੰ ਅਰੈਸਟ ਕਰਨ ਦਾ ਕਾਨੂੰਨ ਬਣਾ ਦਿੱਤਾ। ਇਲਲੀਗਲ ਹੋਣ ਦੀ ਸੂਰਤ ਵਿਚ ਪੁਲਿਸ ਅਰੈਸਟ ਕਰ ਸਕਦੀ ਹੈ। ਹੋਰ ਮੁਸੀਬਤ ਖੜ੍ਹੀ ਹੋ ਗਈ, ਕੰਮ 'ਤੇ ਵੀ ਲੁਕਦੇ ਛਿਪਦੇ ਜਾਂਦੇ। ਅਸੀਂ ਮੂਵ ਹੋ ਕੇ ਫੇਅਰਫੈਕਸ ਕਾਉਂਟੀ ਵਿਚ ਕਿਸੇ ਨਾਲ ਅਪਾਰਟਮੈਂਟ ਸ਼ੇਅਰ ਕਰਨ ਦਾ ਇੰਤਜ਼ਾਮ ਕਰ ਲਿਆ। ਮਿੱਕੀ ਦੀ ਵਿਚਾਰਗੀ ਮੈਥੋਂ ਵੇਖੀ ਨਾ ਜਾਂਦੀ, ਆਪਣੀ ਤੇ ਨਾਲ ਮੇਰੀ ਜ਼ਿੰਮੇਦਾਰੀ! ਇੱਕ ਦਿਨ ਮਿੱਕੀ ਨੇ ਨਵੀਂ ਤਰਕੀਬ ਦੱਸੀ, "ਦੀਦੀ ਮੈਂ ਤੇਰੇ ਲਈ ਇੱਕ ਮੁੰਡੇ ਨਾਲ ਗੱਲ ਕੀਤੀ ਐ। ਉਹ ਪੈਸੇ ਲੈ ਕੇ ਵਿਆਹ ਕਰਵਾਊ ਤੇ ਗਰੀਨ ਕਾਰਡ ਲੈ ਦਊ।"

"ਪਹਿਲਾਂ ਤੂੰ ਆਪਣਾ ਕੁਛ ਬਣਾ, ਫਿਰ ਮੇਰਾ ਵੀ ਸੋਚ ਲਵੀਂ।" ਮੈਂ ਕਿਹਾ।

"ਨਹੀਂ ਦੀਦੀ ਮੇਰਾ ਕੀ ਐ, ਮੈਂ ਤਾਂ ਕਿਵੇਂ ਨਾ ਕਿਵੇਂ ਕੋਈ ਰਸਤਾ ਲੱਭ ਲਊਂ ਪਰ ਤੇਰੇ ਲਈ ਤਾਂ ਪਹਿਲਾਂ ਇਹ ਕਰ ਲਈਏ।" ਮਿੱਕੀ ਵਾਕਿਆ ਹੀ ਮੇਰਾ ਵੱਡਾ ਭਰਾ ਬਣਿਆ ਖੜ੍ਹਾ ਸੀ।

"ਸ਼ਰਤਾਂ ਕੀ ਨੇ?"

"ਪੈਸੇ ਤਾਂ ਦੇਣੇ ਹੀ ਨੇ। ਉਹ ਕਹਿੰਦੈ, ਆਪਾਂ ਉਸ ਦੇ ਘਰ ਵੀ ਰਹਿ ਸਕਦੇ ਆਂ। ਇਸ ਤਰ੍ਹਾਂ ਕਿਸੇ ਨੂੰ ਸ਼ੱਕ ਵੀ ਨਹੀਂ ਪਵੇਗਾ।"

ਮੈਂ ਝਿਜਕ ਰਹੀ ਸਾਂ ਪਰ ਮਿੱਕੀ ਨੇ ਇਹ ਕਹਿ ਕੇ ਮੇਰੀ ਝਿਜਕ ਦੂਰ ਕਰ ਦਿੱਤੀ ਕਿ ਉਹ ਖੁਦ ਵੀ ਤਾਂ ਨਾਲ ਹੀ ਰਹੇਗਾ। ਅਸੀਂ ਉਸ ਮੁੰਡੇ ਦੇ ਘਰ ਮੂਵ ਹੋ ਗਏ। ਉਸ ਪੈਸਿਆਂ ਦੀ ਪਹਿਲੀ ਕਿਸ਼ਤ ਵੀ ਲੈ ਲਈ ਪਰ ਅਗੇ ਕੁਝ ਨਹੀਂ ਸੀ ਕਰ ਰਿਹਾ, ਟਾਲ ਮਟੋਲ ਕਰੀ ਜਾਂਦਾ। ਉਹ ਮਿੱਕੀ ਨੂੰ ਆਪਣੀ ਗੱਡੀ 'ਤੇ ਕਿਧਰੇ ਨਾ ਕਿਧਰੇ ਭੇਜੀ ਰੱਖਦਾ। ਇਸ ਨਾਲ ਉਸ ਦੀ ਨੌਕਰੀ ਦਾ ਨੁਕਸਾਨ ਵੀ ਹੁੰਦਾ ਤੇ ਵਾਧੂ ਦੀ ਪ੍ਰੇਸ਼ਾਨੀ ਵੀ ਹੁੰਦੀ। ਫਿਰ ਇਕ ਦਿਨ ਉਸ ਨੂੰ ਪੁਲਿਸ ਨੇ ਡਰੱਗ ਸਮੇਤ ਫੜ੍ਹ ਲਿਆ। ਚੰਗਾ ਇਹ ਕਿ ਮਿੱਕੀ ਉਸ ਦੇ ਨਾਲ ਨਹੀਂ ਸੀ। ਕੁਝ ਦਿਨ ਉਸ ਦੇ ਅਪਾਰਟਮੈਂਟ ਵਿਚ ਰਹੇ ਤੇ ਫਿਰ ਉਹ ਵੀ ਛੱਡਣਾ ਪਿਆ। ਇੱਕ ਵਾਰ ਫਿਰ ਅਸੀਂ ਸੜਕ 'ਤੇ ਆ ਗਏ। ਇੱਕ ਦਿਨ ਐਵੇਂ ਹੀ ਮੈਂ ਨੇੜਲੇ ਸ਼ਾਪਿੰਗ ਸੈਂਟਰ ਵਿਚਲੇ ਪੰਜਾਬੀ ਰੈਸਟੋਰੈਂਟ 'ਤੇ ਚਲੀ ਗਈ। ਮੈਨੂੰ ਇੱਥੇ ਨੌਕਰੀ ਮਿਲ ਗਈ। ਇਹਦਾ ਮਾਲਕ ਕੋਈ ਵਡੇਰੀ ਉਮਰ ਦਾ ਭਲਾਮਾਣਸ ਪੰਜਾਬੀ ਬਜ਼ੁਰਗ ਸੀ। ਇਕ ਦਿਨ ਮੈਂ ਉਸ ਨੂੰ ਆਪਣੀ ਹੱਡਬੀਤੀ ਸੁਣਾਈ ਤਾਂ ਉਹ ਸੁਣ ਕੇ ਸੁੰਨ ਹੋ ਗਿਆ। ਉਸ ਨੇ ਮੇਰੀ ਮੱਦਦ ਕਰਨ ਦਾ ਭਰੋਸਾ ਦਿੱਤਾ। ਹੋਇਆ ਇਉਂ ਕਿ ਉਸ ਦਾ ਕੋਈ ਪੱਕਾ ਗਾਹਕ ਰੈਸਟੋਰੈਂਟ 'ਤੇ ਆਇਆ। ਜਗਤਾਰ ਸਿੰਘ ਘਰਵਾਲੀ ਸਮੇਤ ਰਿਟਾਇਰਡ ਜ਼ਿੰਦਗੀ ਬਿਤਾ ਰਿਹਾ ਸੀ। ਉਹਦਾ ਮੁੰਡਾ ਅਤੇ ਕੁੜੀ ਪਰਿਵਾਰਾਂ ਵਾਲੇ ਸਨ। ਜਗਤਾਰ ਸਿੰਘ ਰਾਜੀ ਹੋ ਗਿਆ ਕਿ ਮੈਂ ਉਸ ਦੇ ਘਰ ਮੇਡ ਦਾ ਕੰਮ ਕਰੂੰ ਤੇ ਉਹ ਇਸੇ ਬੇਸ 'ਤੇ ਮੈਨੂੰ ਸਪਾਂਸਰ ਕਰਕੇ ਗਰੀਨ ਕਾਰਡ ਦਿਵਾ ਦਊ। ਸ਼ੁਰੂ ਵਿਚ ਉਨ੍ਹਾਂ ਦੇ ਘਰ ਮੈਨੂੰ ਬਹੁਤ ਸਕੂਨ ਮਿਲਿਆ, ਬਿਲਕੁਲ ਆਪਦੇ ਘਰ ਵਰਗਾ ਮਾਹੌਲ ਸੀ। ਉਸ ਦੀ ਘਰਵਾਲੀ ਦਾ ਸੁਭਾਅ ਵੀ ਚੰਗਾ ਸੀ। ਕਾਫੀ ਦਿਨਾਂ ਪਿੱਛੋਂ ਜਦੋਂ ਉਹ ਮੈਨੂੰ ਲੈ ਕੇ ਵਕੀਲ ਦੇ ਗਿਆ ਤਾਂ ਉਸ ਨੇ ਦੱਸਿਆ ਕਿ ਇਸ ਢੰਗ ਨਾਲ ਗਰੀਨ ਕਾਰਡ ਲੈਣ ਵਾਲੀ ਕੈਟਾਗਰੀ ਤਾਂ ਬੰਦ ਹੋ ਗਈ ਹੈ। ਮੇਰੀ ਆਸ ਖਤਮ ਹੋ ਗਈ ਪਰ ਜਗਤਾਰ ਅੰਕਲ ਨੇ ਮੈਨੂੰ ਭਰੋਸਾ ਦਿਤਾ ਕਿ ਉਹ ਜਿਵੇਂ ਕਿਵੇਂ ਮੈਨੂੰ ਗਰੀਨ ਕਾਰਡ ਦਿਵਾ ਦਊ। ਉਹ ਆਪਣੀ ਧੀ ਅਡਾਪਟ ਕਰਕੇ ਗਰੀਨ ਕਾਰਡ ਦਿਵਾ ਸਕਦਾ ਹੈ। ਮੈਂ ਇਸੇ ਉਮੀਦ ਵਿਚ ਉਨ੍ਹਾਂ ਦੇ ਘਰ ਕੰਮ ਕਰਦੀ ਰਹੀ। ਮੇਰੇ ਰੋਜ਼ ਰੋਜ਼ ਕਹਿਣ 'ਤੇ ਉਹ ਮੈਨੂੰ ਕਿਸੇ ਹੋਰ ਵਕੀਲ ਕੋਲ ਲੈ ਗਿਆ ਤੇ ਅਡਾਪਸ਼ਨ ਦੇ ਕੇਸ ਬਾਰੇ ਪੁੱਛਣ ਲੱਗਾ। ਵਕੀਲ ਹੱਸਦਿਆਂ ਬੋਲਿਆ, "ਮਿਸਟਰ ਸਿੰਘ, ਅਡਾਪਟ, ਬੱਚੇ ਕੀਤੇ ਜਾਂਦੇ ਐ ਨਾ ਕਿ ਅਡੱਲਟ।"

ਮੈਂ ਮਨ ਜਿਹਾ ਮਾਰ ਕੇ ਕੰਮ ਕਰਦੀ ਰਹੀ। ਜਾਪਣ ਲੱਗਾ ਕਿ ਗਰੀਨ ਕਾਰਡ ਮਿਲਣਾ ਕੋਈ ਖੇਡ ਨਹੀਂ। ਵਕਤ ਲੰਘੀ ਜਾਵੇ, ਇਹੀ ਬਹੁਤ ਐ। ਰਹਿਣ ਲਈ ਮਸਾਂ ਆਸਰਾ ਮਿਲਿਆ ਸੀ। ਓਧਰ ਮਿੱਕੀ ਵੀ ਆਪਣੀ ਵਾਹ ਲਾਉਂਦਾ ਫਿਰਦਾ ਸੀ। ਉਹ ਨਾਲ ਲੱਗਦੀ ਸਟੇਟ ਵਿਚ ਕਿਸੇ ਹੋਰ ਨਾਲ ਰਹਿਣ ਲੱਗ ਪਿਆ। ਇਸ ਦੌਰਾਨ ਮੇਰੇ ਉਪਰ ਇੱਕ ਹੋਰ ਪਹਾੜ ਟੁੱਟ ਪਿਆ। ਅੰਕਲ ਦੀ ਘਰਵਾਲੀ ਗੁਜ਼ਰ ਗਈ। ਉਸ ਦੇ ਹੁੰਦਿਆਂ ਮੈਨੂੰ ਉਹ ਘਰ ਆਪਣੇ ਘਰ ਵਰਗਾ ਲੱਗਦਾ ਸੀ। ਹਫਤਾ ਦਸ ਦਿਨ ਅਫਸੋਸ ਕਰਨ ਵਾਲੇ ਆਉਂਦੇ ਰਹੇ। ਮੈਂ ਫਿਕਰ ਵਿਚ ਸੀ ਕਿ ਮੇਰੀ ਇਹ ਨੌਕਰੀ ਰਹੂ ਜਾਂ ਨਹੀਂ। ਇੱਕ ਦਿਨ ਜਗਤਾਰ ਅੰਕਲ ਨੇ ਆਪ ਹੀ ਕਹਿ ਦਿੱਤਾ ਕਿ ਮੈਂ ਪਹਿਲਾਂ ਦੀ ਤਰ੍ਹਾਂ ਹੀ ਕੰਮ ਕਰਦੀ ਰਹਾਂ। ਦਿਨ ਨਿਕਲਦੇ ਰਹੇ। ਮੈਂ ਅੰਦਾਜ਼ਾ ਲਾਇਆ ਕਿ ਜਗਤਾਰ ਅੰਕਲ ਹੁਣ ਮੈਨੂੰ ਪਹਿਲਾਂ ਵਾਲੀਆਂ ਨਜ਼ਰਾਂ ਨਾਲ ਨਹੀਂ ਵੇਖਦਾ। ਉਸ ਦੀਆਂ ਅੱਖਾਂ ਵਿਚਲੀ ਵਾਸ਼ਨਾ ਮੈਂ ਸਾਫ ਪੜ੍ਹ ਰਹੀ ਸਾਂ। ਕਦੀ ਸੋਚਦੀ, ਇਹ ਮੇਰਾ ਭੁਲੇਖਾ ਐ ਤੇ ਕਈ ਵਾਰੀ ਮੈਨੂੰ ਡਰ ਵੀ ਲੱਗਦਾ।

ਇਕ ਰਾਤ ਉਹ ਮੇਰੇ ਕਮਰੇ 'ਚ ਆਇਆ। ਮੇਰੇ ਨਾਲ ਬਹਿੰਦਿਆਂ ਉਪਰ ਦੀ ਬਾਂਹ ਵਲਣੀ ਚਾਹੀ ਤਾਂ ਮੈਂ ਛਾਲ ਮਾਰ ਕੇ ਖੜ੍ਹੀ ਹੋ ਗਈ।

"ਅੰਕਲ ਇਹ ਕੀ? ਤੁਸੀਂ ਮੇਰੇ ਪਿਉ ਤੋਂ ਵੀ ਵੱਡੇ ਓ। ਮੈਨੂੰ ਆਪਣੀ ਧੀ ਕਹਿਨੇ ਓਂ!"

"ਮੈਂ ਕਿਸੇ ਵੀ ਉਮਰ ਦਾ ਆਂ ਤੇ ਤੈਨੂੰ ਕੁਛ ਵੀ ਕਹਿ ਕੇ ਬਲਾਉਨਾਂ, ਇਨ੍ਹਾਂ ਗੱਲਾਂ ਨੂੰ ਪਾਸੇ

***(ਬਾਕੀ ਅਗਲੇ ਸਫੇ 'ਤੇ)***

# ਲਰਜ਼ਦਾ ਨੀਰ ਗੁਰਬਖਸ਼ ਸਿੰਘ ਭੰਡਾਲ

**ਮੇਲ-ਮੁਲਾਕਾਤ**

ਡਾ. ਗੁਰਬਖਸ਼ ਸਿੰਘ ਭੰਡਾਲ ਦੀ ਨਜ਼ਮ ਤੇ ਨਸਰ ਸਭ ਕਵਿਤਾ ਹੀ ਹੈ। ਉਸ ਦੀ ਕਵਿਤਾ ਲਰਜ਼ਦੇ ਨੀਰ ਵਰਗੀ ਹੈ। ਭੰਡਾਲ ਨਦੀ ਦੀ ਛੱਲ ਦਾ ਮੋਤੀ ਹੈ। ਉਹਦੇ ਤੇ ਸੁਰਜੀਤ ਪਾਤਰ ਦੇ ਪਿੰਡ ਬਿਆਸ ਦੇ ਚੜ੍ਹਦੇ ਬੰਨੇ ਹਨ। ਪਾਸ਼ ਤੇ ਮੀਸ਼ੇ ਦੇ ਪਿੰਡ ਵੀ ਉਨ੍ਹਾਂ ਦੇ ਨੇੜੇ ਹੀ ਪੈਂਦੇ ਹਨ। ਸ. ਭੰਡਾਲ ਬੇਟ ਦਾ ਜੰਮਪਲ ਹੈ। ਉਸ ਇਲਾਕੇ ਦਾ ਪੌਣ ਪਾਣੀ ਸ਼ਾਇਰੀ ਦੀ ਗੁੜ੍ਹਤੀ ਬਖਸ਼ਦੈ। ਐਨ ਉਵੇਂ ਜਿਵੇਂ ਨਹਿਰ ਸਰਹੰਦ ਦੇ ਪਾਣੀ ਨਾਲ ਰਾਮਪੁਰ ਦੇ ਜੰਮੇ ਜਾਏ ਸ਼ਾਇਰ ਬਣਦੇ ਹਨ। ਭੰਡਾਲ ਸ਼ਾਇਰ ਵੀ ਹੈ ਤੇ ਵਾਰਤਕ ਲੇਖਕ ਵੀ। ਉਹ ਸੰਵੇਦਨਸ਼ੀਲ ਇਨਸਾਨ ਹੈ। ਦਰਦ ਦਾ ਭਰ ਵਗਦਾ ਦਰਿਆ। ਉਸ ਦੀਆਂ ਅੱਖਾਂ 'ਚ ਤਰਲ ਮੋਤੀ ਲਿਸ਼ਕਦੇ ਰਹਿੰਦੇ ਹਨ। ਉਹ ਬਿਆਸ ਦੇ ਮੰਡ ਦਾ ਮੋਤੀ ਹੀ ਤਾਂ ਹੈ!



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਉਹਦੀ ਲਿਖਤ ਦਾ ਨਮੂਨਾ ਵੇਖੋ, "ਬਾਪ ਮਿਹਨਤ ਦਾ ਸੁੱਚਾ ਹਰਫ਼। ਘਾਲਣਾ ਦਾ ਮਾਨਵੀ ਕਰਮ। ਇਮਾਨਦਾਰੀ ਦਾ ਪਾਕ ਧਰਮ। ਅਕੀਦੇ ਦੀ ਪ੍ਰਾਪਤੀ ਦਾ ਪ੍ਰਣ। ਕਿਰਤ-ਕਮਾਈ ਦੀ ਸੁੱਚੀ ਇਬਾਦਤ। ਅਸੀਸਾਂ ਦੀ ਆਬਸ਼ਾਰ ਅਤੇ ਜੀਵਨ ਓਟੇ 'ਤੇ ਜਗਦਾ ਚਿਰਾਗ। ਸਮੁੱਚਾ ਜੀਵਨ ਇਕ ਨਿਰੰਤਰ ਸੰਘਰਸ਼ ਦਾ ਨਾਮਕਰਣ। ਦੀਦਿਆਂ ਵਿਚ ਬੀਤੇ ਪਲਾਂ ਦਾ ਲਿਸ਼ਕਾਰਾ ਤੇ ਬੋਲਾਂ ਵਿਚ ਮਾਣਮੱਤੀ ਇਬਾਰਤ।" ਕੀ ਕਿਹਾ ਜਾਵੇ ਅਜਿਹੀ ਰਚਨਾਕਾਰੀ ਨੂੰ? ਉਹਦੀ ਸਾਰੀ ਰਚਨਾ ਹੀ ਇਸੇ ਤਰ੍ਹਾਂ ਦੀ ਹੈ। ਕਵਿਤਾ ਵਾਰਤਕ ਹੈ ਤੇ ਵਾਰਤਕ ਕਵਿਤਾ!

ਉਹਦਾ ਜਨਮ 2 ਅਪ੍ਰੈਲ 1953 ਨੂੰ ਪਿੰਡ ਭੰਡਾਲ ਬੇਟ ਵਿਚ ਸ. ਚੰਨਣ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਹੋਇਆ। ਉਸ ਨੇ ਪਿੰਡੋਂ ਮੁੱਢਲੀ ਪੜ੍ਹਾਈ ਤੇ ਦਸਵੀਂ ਸਰਕਾਰੀ ਹਾਈ ਸਕੂਲ ਧਾਲੀਵਾਲ ਤੋਂ ਪਾਸ ਕੀਤੀ। ਰਣਧੀਰ ਕਾਲਜ ਕਪੂਰਥਲਾ ਤੋਂ ਬੀ ਐਸ ਸੀ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਭੌਤਿਕ ਵਿਗਿਆਨ ਦੀ ਐਮ ਐਸ ਸੀ।! ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੀ ਐਚ ਡੀ ਕਰ ਲਈ ਅਤੇ ਇੰਜ ਡੰਗਰ ਚਾਰਦਿਆਂ 11ਵੀਂ ਜਮਾਤ 'ਚੋਂ ਫੇਲ੍ਹ ਹੋਣ ਦਾ ਉਲਾਂਭਾ ਲਾਹ ਦਿਤਾ!

ਉਸ ਨੇ 1977 ਤੋਂ 2010 ਤਕ ਗੁਰੂਸਰ ਸੁਧਾਰ ਤੇ ਤਲਵੰਡੀ ਸਾਬੋ ਦੇ ਪ੍ਰਾਈਵੇਟ ਕਾਲਜਾਂ ਅਤੇ ਕਪੂਰਥਲਾ, ਹੁਸ਼ਿਆਰਪੁਰ, ਮੁਕਤਸਰ ਤੇ ਲੁਧਿਆਣੇ ਦੇ ਸਰਕਾਰੀ ਕਾਲਜਾਂ ਵਿਚ ਪੜ੍ਹਾਇਆ। ਇਨ੍ਹਾਂ ਕਾਲਜਾਂ ਦੀਆਂ ਸਭਿਆਚਾਰਕ ਸਰਗਰਮੀਆਂ ਵਿਚ ਉਸ ਦਾ ਸਰਗਰਮ ਰੋਲ ਰਿਹਾ। ਰੋਟੀਆਂ ਉਸ ਨੇ ਭੌਤਿਕ ਵਿਗਿਆਨ ਦਾ ਲੈਕਚਰਰ ਬਣ ਕੇ ਕਮਾਈਆਂ ਅਤੇ ਸ਼ੌਕ ਪਾਲਿਆ ਪੰਜਾਬੀ ਵਿਚ ਕਵਿਤਾ ਤੇ ਵਾਰਤਕ ਲਿਖਣ ਦਾ। ਉਸ ਨੇ ਕੈਨੇਡਾ ਆ ਕੇ ਪੰਜਾਬੀ ਸਪਤਾਹਿਕ 'ਪਰਵਾਸੀ' ਤੇ ਰੋਜ਼ਾਨਾ ਅਖਬਾਰ 'ਪੰਜਾਬੀ ਪੋਸਟ' ਦੀ ਸਬ ਐਡੀਟਰੀ ਕੀਤੀ। ਦੋਹਾਂ ਅਖ਼ਬਾਰਾਂ ਨੂੰ ਐਥਨਿਕ ਮੀਡੀਏ ਦਾ ਅਵਾਰਡ ਦੁਆਉਣ ਵਿਚ ਉਸ ਦੀ ਪੱਤਰਕਾਰੀ ਦਾ ਵੀ ਯੋਗਦਾਨ ਹੈ। ਉਹਦੀ ਪੱਤਰਕਾਰੀ ਵੀ ਕਵਿਤਾ ਵਰਗੀ ਹੈ। 'ਪੰਜਾਬੀ ਸੱਥ' ਅਦਾਰੇ ਨੇ ਉਹਦੇ ਕਾਵਿਮਈ ਲੇਖ ਪੁਸਤਕ 'ਲੋਏ ਲੋਏ' ਵਿਚ ਪ੍ਰਕਾਸ਼ਤ ਕੀਤੇ। ਉਨ੍ਹਾਂ ਲੇਖਾਂ ਦੇ ਕੁਝ ਸਿਰਲੇਖ ਵੇਖੋ-ਗੁੰਗੀ ਧੁੱਪ ਦਾ ਗੀਤ, ਚਾਨਣ ਦੀ ਹਾਮੀ ਕੌਣ ਭਰੇ, ਟਹਿਣਾ ਜਿਊਂਦਾ ਹੈ, ਯਾਦਾਂ ਦੀ ਮਰਮਰੀ ਸਰਦਲ 'ਤੇ, ਚੁੱਪ ਦੀ ਆਵਾਜ਼ ਸੁਣੋ, ਮਨ ਦੇ ਬਾਗ ਬਗੀਚੇ, ਜਗਦੇ ਰਹਿਣ ਚਿਰਾਗ, ਚਾਨਣ ਦੇ ਗਲੋਟੇ, ਤਾਰਿਆਂ ਦਾ ਵਿਹੜਾ, ਫੁਲਕਾਰੀ ਦੇ ਸੁੱਚੇ ਰੰਗ, ਰੁੱਸੇ ਹੋਏ ਗੀਤ, ਜਾਗਦੀ ਰਾਤ ਦਾ ਦਰਦ ਤੇ ਕਦੋਂ ਜਾਗੇਗਾ ਮੇਰਾ ਪਿੰਡ?

ਉਸ ਦੀਆਂ 15 ਪੁਸਤਕਾਂ ਪ੍ਰਕਾਸ਼ਤ ਹੋ ਚੁਕੀਆਂ ਹਨ-ਹਉਕੇ ਦੀ ਜੂਨ, ਸੁਪਨਿਆਂ ਦੀ ਜੂਹ, ਰੰਗਾਂ ਦਾ ਦਰਿਆ, ਵਿਗਿਆਨ ਦੇ ਪਾਂਧੀ, ਵਿਗਿਆਨ ਦੇ ਪਾਸਾਰ, ਧੁੱਪ ਦੀ ਤਲਾਸ਼, ਅਸੀਸ ਤੇ ਆਸਥਾ, ਘਰ ਅਰਦਾਸ ਕਰੇ, ਇਹ ਘਰ ਮੇਰਾ ਨਹੀਂ, ਪਰਵਾਸੀ ਪੈੜਾਂ, ਸੂਰਜ ਦੀ ਦਸਤਕ, ਜ਼ਿੰਦਗੀ, ਗਾਡ ਪਾਰਟੀਕਲ, ਹਵਾ ਹੱਥ ਜੋੜਦੀ ਹੈ ਤੇ ਲੋਏ ਲੋਏ। ਸੁਪਨਿਆਂ ਦੀ ਜੂਹ ਕੈਨੇਡਾ ਦਾ ਸਫ਼ਰਨਾਮਾ ਹੈ ਤੇ ਜ਼ਿੰਦਗੀ ਲੰਮੀ ਕਵਿਤਾ। ਵਿਗਿਆਨ ਦੇ ਪਾਂਧੀ ਮਹਾਨ ਵਿਗਿਆਨੀਆਂ ਦੀਆਂ ਜੀਵਨੀਆਂ ਤੇ ਵਿਗਿਆਨ ਦੇ ਪਾਸਾਰ ਵਿਗਿਆਨਕ ਲੇਖ ਹਨ। ਗਾਡ ਪਾਰਟੀਕਲ ਵਿਗਿਆਨਕ ਨਿਬੰਧਾਂ ਤੇ ਹਵਾ ਹੱਥ ਜੋੜਦੀ ਹੈ, ਵਾਤਾਵਰਣ ਨਾਲ ਸਬੰਧਿਤ ਨਿਬੰਧਾਂ ਦੇ ਸੰਗ੍ਰਹਿ ਹਨ। ਉਸ ਦੀ ਰਚਨਾ ਬਹੁਭਾਂਤੀ ਹੈ। ਉਹ ਕਵਿਤਾ ਤੋਂ ਵਿਗਿਆਨ ਤੇ ਵਿਗਿਆਨ ਤੋਂ ਕਵਿਤਾ ਦਾ ਸਫ਼ਰ ਕਰਦੀ ਹੈ।

ਪੰਜਾਬ ਵਿਚ ਪੜ੍ਹਨ ਪੜ੍ਹਾਉਣ ਪਿੱਛੋਂ ਉਹ ਪਹਿਲਾਂ ਕੈਨੇਡਾ ਤੇ ਹੁਣ ਅਮਰੀਕਾ ਦਾ ਬਸ਼ਿੰਦਾ ਬਣਿਆ ਹੈ। ਬੇਸ਼ਕ ਵਜੂਦ ਉਹਦਾ ਕੈਨੇਡਾ/ ਅਮਰੀਕਾ ਵਿਚ ਵਿਚਰਦਾ ਹੈ ਪਰ ਦਿਲ ਹਾਲਾਂ ਵੀ ਪੰਜਾਬ ਵਿਚ ਧੜਕਦਾ ਹੈ। ਆਪਣੇ ਵਿਰਸੇ ਨਾਲ ਉਸ ਨੂੰ ਬੇਹੱਦ ਮੋਹ ਹੈ। ਉਹਦੀਆਂ ਬਹੁਤੀਆਂ ਕਵਿਤਾਵਾਂ ਤੇ ਵਾਰਤਕ ਲੇਖ ਪੰਜਾਬ ਦੇ ਗ਼ਮ ਵਿਚ ਹਟਕੋਰੇ ਲੈਂਦੇ ਤੇ ਰੋਂਦੇ ਹਨ। ਉਹਦੀਆਂ ਰਚਨਾਵਾਂ ਵਿਚ ਉਦਰੇਵੇਂ, ਉਦਾਸੀ, ਵਿਗੋਚੇ ਤੇ ਵਿਛੋੜੇ ਦੇ ਵੈਣ ਹਨ, ਕੀਰਨੇ ਹਨ ਤੇ ਅਲਾਹੁਣੀਆਂ ਹਨ!

ਆਪ ਉਹ ਬੇਸ਼ਕ ਅਨਪੜ੍ਹ ਪਰਿਵਾਰ ਵਿਚ ਪੈਦਾ ਹੋਇਆ ਸੀ ਪਰ ਆਪਣੀਆਂ ਧੀਆਂ ਨੂੰ ਖੂਬ ਪੜ੍ਹਾਇਆ ਤੇ ਡਾਕਟਰ ਬਣਾਇਆ। ਉਸ ਦਾ ਵਿਆਹ ਬੀਬੀ ਸੁਖਦੇਵ ਕੌਰ ਨਾਲ ਹੋਇਆ ਜੋ ਇਕ ਅਧਿਆਪਕ ਦੀ ਧੀ ਹੈ। ਭੰਡਾਲ ਜੋੜੇ ਦੀਆਂ ਦੋ ਧੀਆਂ ਹਨ ਜਿਨ੍ਹਾਂ ਦੇ ਨਾਂ ਵੀ ਕਵਿਤਾ ਵਰਗੇ ਹਨ। ਵੱਡੀ ਦਾ ਨਾਂ ਅਜ਼ਲਪ੍ਰੀਤ ਤੇ ਛੋਟੀ ਦਾ ਗਜ਼ਬਪ੍ਰੀਤ ਹੈ। ਅਜ਼ਲਪ੍ਰੀਤ ਅਮਰੀਕਾ ਵਿਚ ਵਿਆਹੀ ਜਾਣ ਪਿੱਛੋਂ ਡਾ. ਅਜ਼ਲਪ੍ਰੀਤ ਕੌਰ ਢਿੱਲੋਂ ਬਣ ਗਈ ਤੇ ਛੋਟੀ ਅਜੇ ਡਾ. ਗਜ਼ਬਪ੍ਰੀਤ ਕੌਰ ਭੰਡਾਲ ਹੈ। ਮੈਂ ਭੰਡਾਲ ਨੂੰ ਬਰੈਂਪਟਨ ਵਿਚ ਤਾਂ ਮਿਲਦਾ ਹੀ ਰਿਹਾਂ, ਇਕ ਵਾਰ ਕਲੀਵਲੈਂਡ ਦੇ ਕਬੱਡੀ ਟੂਰਨਾਮੈਂਟ ਸਮੇਂ ਅਮਰੀਕਾ ਵਿਚ ਵੀ ਮਿਲ ਆਇਆਂ। ਉਸ ਨੂੰ ਪੰਜਾਬੀ ਭਾਸ਼ਾ ਵਿਭਾਗ ਪੰਜਾਬ ਨੇ ਪਰਵਾਸੀ ਪੰਜਾਬੀ ਲੇਖਕ ਪੁਰਸਕਾਰ ਲਈ ਚੁਣਿਆ ਹੈ। ਪੰਜਾਬੀ ਪਿਆਰਿਆਂ ਵੱਲੋਂ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਮੁਬਾਰਕਾਂ!

ਇਸ ਪੁਰਸਕਾਰ ਤੋਂ ਪਹਿਲਾਂ ਪੰਜਾਬੀ ਸੱਥ ਲਾਂਬੜਾ ਤੇ ਹੋਰ ਕਈ ਅਦਾਰਿਆਂ ਵੱਲੋਂ ਉਸ ਨੂੰ ਮਾਣ ਸਨਮਾਨ ਮਿਲ ਚੁੱਕੇ ਹਨ। ਉਹ ਅਨੇਕਾਂ ਸਾਹਿਤਕ ਅਦਾਰਿਆਂ ਨਾਲ ਜੁੜਿਆ ਹੋਇਐ ਤੇ ਭਾਸ਼ਣ ਕਲਾ ਦਾ ਮਾਹਿਰ ਹੈ। ਕੰਪਿਊਟਰ 'ਤੇ ਪੰਜਾਬੀ ਵਿਚ ਕੰਮ ਕਰਨ ਦਾ ਮਾਹਿਰ ਹੈ। ਉਸ ਦਾ ਸਾਹਿਤਕ ਸਰਕਲ ਖੁੱਲ੍ਹਾ ਹੈ। ਉਸ ਦਾ ਫੋਨ 216-556-2018 ਹੈ।

ਉਹਦੇ ਪਰਿਵਾਰਕ ਪਿਛੋਕੜ, ਜੀਵਨ ਤੇ ਰਚਨਾ ਦੀਆਂ ਕੁਝ ਝਲਕਾਂ ਉਹਦੇ ਆਪਣੇ ਪਿਤਾ ਬਾਰੇ ਲਿਖੇ ਲੇਖ ਵਿਚੋਂ ਹੀ ਦੇਖੀਆਂ ਜਾ ਸਕਦੀਆਂ ਹਨ, "ਬਾਪ ਹੁਣ ਨੱਬਿਆਂ ਦੇ ਕਰੀਬ ਹੈ। ਕੋਰਾ ਅਨਪੜ੍ਹ ਹੁੰਦਿਆਂ ਵੀ ਜੀਵਨ ਦਾ ਗੂੜ੍ਹ ਗਿਆਨੀ ਹੈ। ਬੱਚਿਆਂ ਨੇ ਵਾਹੀ ਦੇ ਕੰਮਾਂ ਤੋਂ ਤਾਂ ਵਿਹਲਾ ਕਰ ਦਿਤਾ ਪਰ ਹੁਣ ਵੀ ਉਸ ਨੂੰ ਫਿਕਰ ਰਹਿੰਦਾ ਹੈ ਭੁੱਖਣਭਾਣੀ ਲਵੇਰੀ ਗਾਂ ਦਾ, ਵੱਤਰ ਤੋਂ ਖੁੰਝ ਰਹੀ ਬਿਜਾਈ ਦਾ, ਫਸਲਾਂ ਦੀ ਸਮੇਂ ਸਿਰ ਗੁਡਾਈ ਦਾ, ਰਾਤ ਨੂੰ ਬਿਜਲੀ ਦੀ ਵਾਰੀ ਦਾ...।"

"ਬਿਆਸ ਦਰਿਆ 'ਤੇ ਵਸੇ ਸਾਡੇ ਪਿੰਡ ਦਾ ਜ਼ਿਆਦਾ ਰਕਬਾ ਮੰਡ ਦਾ ਹੁੰਦਾ ਸੀ ਜਿਸ ਵਿਚ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨਾ, ਮੰਡ ਵਿਚ ਭੱਠੀ ਲਾ ਕੇ ਦੇਸੀ ਸ਼ਰਾਬ ਕੱਢਣੀ ਅਤੇ ਬੇਸੁੱਧ ਹੋ ਕੇ ਸ਼ਾਮ ਨੂੰ ਘਰ ਆਉਣਾ ਆਮ ਵਰਤਾਰਾ ਹੁੰਦਾ ਸੀ। ਮੰਡ ਵਿਚ ਭੀਲੋਵਾਲ, ਭਲੋਜਲਾ ਆਦਿ ਮਾਝੇ ਦੇ ਪਿੰਡਾਂ ਦੇ ਲੋਕ ਆਮ ਹੀ ਸ਼ਰਾਬ ਕੱਢਿਆ ਕਰਦੇ ਸਨ ਅਤੇ ਮੰਡ ਵਿਚ ਕਾਹ-ਕਾਨੇ ਵੱਢਣ ਦਾ ਹਰਜਾਨਾ ਉਗਰਾਉਂਦੇ ਹੁੰਦੇ ਸਨ। 'ਕੇਰਾਂ ਅਸੀਂ ਕਾਹ ਦਾ ਗੱਡਾ ਲੱਦ ਕੇ ਆ ਰਹੇ ਸਾਂ ਤਾਂ ਉਹ ਗੱਡੇ ਅੱਗੇ ਹੋ ਕੇ ਪੈਸੇ ਮੰਗਣ ਲੱਗ ਪਏ। ਮੇਰਾ ਬਾਪ ਗੰਡਾਸੀ ਲੈ ਕੇ ਉਨ੍ਹਾਂ ਨੂੰ ਪੈ ਨਿਕਲਿਆ ਕਿ ਤੁਸੀਂ ਕੌਣ ਹੁੰਦੇ ਹੋ ਸਾਡੇ ਮੰਡ ਵਿਚੋਂ ਸਾਥੋਂ ਹੀ ਹਰਜਾਨਾ ਲੈਣ ਵਾਲੇ?"



ਗੁਰਬਖ਼ਸ਼ ਸਿੰਘ ਭੰਡਾਲ

"ਅਜੇ ਕੱਲ੍ਹ ਵਾਂਗ ਲੱਗਦਾ ਹੈ ਜਦ ਉਸ ਨੇ ਕਿਸੇ ਡੰਗਰ ਦੇ ਸੌਦੇ ਵਿਚੋਂ ਮੈਨੂੰ ਪੁਰਾਣਾ ਸਾਈਕਲ ਲੈ ਦਿਤਾ ਸੀ ਕਿਉਂਕਿ ਮੈਂ ਪਿੰਡ ਤੋਂ 3-4 ਮੀਲ ਦੂਰ ਧਾਲੀਵਾਲ 9ਵੀਂ ਵਿਚ ਪੜ੍ਹਨ ਜਾਣਾ ਸੀ। ਜਦ ਮੈਨੂੰ 11ਵੀਂ ਵਿਚੋਂ ਫੇਲ੍ਹ ਹੋਣ ਦਾ ਪਤਾ ਲੱਗਾ ਤਾਂ ਮੈਂ ਜੂਨ ਮਹੀਨੇ ਬਾਪ ਨਾਲ ਗੱਡੇ 'ਤੇ ਰੂੜੀ ਪਵਾ ਰਿਹਾ ਸਾਂ। ਪੁੱਤ ਦੀ ਨਾਕਾਮਯਾਬੀ ਤੋਂ ਨਿਰਾਸ਼ ਬਾਪ ਨੇ ਆਪਣੀ ਅੱਖ ਵਿਚ ਆਏ ਹੰਝੂ ਲਕੋ ਕੇ ਕਿਹਾ ਕਿ ਤੂੰ ਕਿਹੜਾ ਬੁੱਢਾ ਹੋ ਗਿਆ ਏਂ। ਇਸ ਵਾਰ ਵੱਧ ਮਿਹਨਤ ਕਰੀਂ। ਇਹ ਬਾਪ ਦੀ ਹੱਲਾਸ਼ੇਰੀ ਹੀ ਸੀ ਕਿ ਮੈਂ ਬੀ ਐਸ ਸੀ ਤੇ ਐਮ ਐਸ ਸੀ ਸਕਾਲਰਸ਼ਿਪ ਲੈ ਕੇ ਪਾਸ ਕੀਤੀਆਂ।

"ਪੀ ਐਚ ਡੀ ਸਮੇਂ ਜਦ ਮੈਨੂੰ ਐਗਜ਼ਾਮੀਨਰ ਨੇ ਪੁੱਛਿਆ ਕਿ ਤੂੰ ਤਾਂ ਸਰਕਾਰੀ ਕਾਲਜ ਵਿਚ ਪ੍ਰੋਫੈਸਰ ਏਂ। ਤੈਨੂੰ ਕੀ ਲੋੜ ਸੀ ਪੀ ਐਚ ਡੀ ਕਰਨ ਦੀ? ਤੂੰ ਪੰਜ ਸਾਲ ਇਸ 'ਤੇ ਗਵਾ ਦਿਤੇ। ਟਿਊਸ਼ਨ ਕਰਕੇ ਬਹੁਤ ਪੈਸੇ ਕਮਾ ਸਕਦਾ ਸੀ। ਤਾਂ ਮੇਰਾ ਨਿਮਰਤਾ ਸਹਿਤ ਕਹਿਣਾ ਸੀ, ਮੇਰੀ ਪੀ ਐਚ ਡੀ, ਬਾਪ ਦੀ ਅੱਖ ਵਿਚ ਤਰਦੇ ਉਸ ਹੰਝੂ ਨੂੰ ਅਕੀਦਤ ਏ ਜਿਹੜਾ ਅੱਜ ਵੀ ਮੈਨੂੰ ਪ੍ਰਤੱਖ ਨਜ਼ਰ ਆਉਂਦਾ ਏ ਜਦ ਮੈਂ ਗਿਆਰਵੀਂ ਵਿਚੋਂ ਫੇਲ੍ਹ ਹੋ ਗਿਆ ਸਾਂ।

"ਕੁਝ ਕਵਿਤਾਵਾਂ ਵਿਚ ਮੇਰਾ ਬਾਪ, ਮੇਰੇ ਸੰਗ ਤੁਰਦਾ, ਕਲਮ ਦੇ ਸੁੱਚੇ ਹਰਫ਼ ਬਣਦਾ ਏ ਜੋ ਮੇਰੀ ਰੂਹ ਦੇ ਸਭ ਤੋਂ ਨੇੜੇ ਨੇ। ਹਰਫ਼ਾਂ ਦੀ ਚਰਨ-ਬੰਦਨਾ 'ਚ ਬਾਪ ਨੂੰ ਪਰਿਭਾਸ਼ਤ ਕਰਦਿਆਂ, ਕਾਵਿਕਤਾ ਆਪ ਮੁਹਾਰੇ ਵਹਿ ਤੁਰੀ:

-ਬਾਪ ਸਿਰਫ਼ ਦੋ ਅੱਖਰਾਂ ਦਾ ਜੋੜ ਨਹੀਂ ਇਸ ਵਿਚ ਸਮਾਏ ਹੋਏ ਨੇ ਅਸੀਮ ਅਰਥ, ਸੰਵੇਦਨਾਵਾਂ ਤੇ ਸੁਪਨੇ। ਬਾਪ ਤੁਹਾਡੀ ਉਂਗਲ ਹੀ ਨਹੀਂ ਫੜਦਾ ਤੁਹਾਡੇ ਕਦਮਾਂ ਦੇ ਨਾਵੇਂ ਮੰਜ਼ਲਾਂ ਦੀ ਪੈੜ ਤੇ ਮੱਥੇ ਵਿਚ ਦਿਸਹੱਦਿਆਂ ਦਾ ਸਿਰਨਾਵਾਂ ਧਰਦਾ ਏ। ਬਾਪ ਕੰਧੋੜੀਂ ਬਿਠਾ ਕੇ ਮੇਲਾ ਹੀ ਨਹੀਂ ਦਿਖਾਉਂਦਾ ਤੁਹਾਡੇ ਅਵਚੇਤਨ ਵਿਚ ਦੁਨੀਆਂ ਦੇ ਰੰਗ ਤਮਾਸ਼ੇ ਅਤੇ ਜ਼ਿੰਦਗੀ ਦੇ ਵਿਭਿੰਨ ਰੂਪਾਂ ਦੀ ਤਸ਼ਬੀਹ ਵੀ ਖੁਣ ਦਿੰਦਾ ਏ। ਬਾਪ ਜਦ ਨੰਗੇ ਪੈਰਾਂ ਦੇ ਸਫ਼ਰ ਨੂੰ ਤੁਹਾਡੇ ਲਈ ਫੁੱਲਾਂ ਦੀ ਪਰਿਕਰਮਾ ਬਣਾਉਂਦਾ ਏ ਤਾਂ ਕੋਮਲ ਸੋਚ 'ਚ ਮੁਸਕਣ ਦੀ ਵਗਦੀ ਪੱਛੋਂ ਸੁਨਹਿਰੀ ਦਾਣਿਆਂ ਦਾ ਬੋਹਲ ਬਣਾਉਂਦੀ ਏ। ਬਾਪ ਦੇ ਚੋਂਦੇ ਮੁੜ੍ਹਕੇ ਦੇ ਨਾਵੇਂ ਜਦ ਜੁਆਕ ਕੱਚੀ ਲੱਸੀ ਦਾ ਜੱਗ ਕਰਦਾ ਏ ਤਾਂ ਬੱਚੇ ਦੇ ਮਸਤਕ 'ਚ ਮੁੜ੍ਹਕੇ 'ਚੋਂ ਮੋਤੀਆਂ ਦੀ ਫਸਲ ਉਗਾਉਣ ਦੀ ਜਾਚ ਜਨਮਦੀ ਏ। ਬਾਪ ਜਦ ਧੁੱਪ 'ਚ ਨੰਗੇ ਪੈਰੀਂ ਤੁਰੇ ਜਾਂਦੇ ਬੱਚੂ 'ਤੇ ਪਰਨੇ ਦੀ ਛਾਂ ਕਰਦਾ ਏ ਤਾਂ ਸਫਾਫ਼ ਮਨ 'ਚ ਛਾਵਾਂ ਵੰਡਣ ਦੀ ਬਿਰਤੀ ਉਗਮਦੀ ਏ।"

"ਹੁਣ ਉਸ ਦੀਆਂ ਅੱਖਾਂ ਨਮ ਹੋ ਜਾਂਦੀਆਂ ਨੇ ਜਦ ਅਸੀਂ ਪ੍ਰਦੇਸੋਂ ਫੋਨ ਕਰਦੇ ਹਾਂ ਜਾਂ ਵਤਨ ਜਾ ਕੇ ਵਾਪਸ ਪ੍ਰਦੇਸ ਮੁੜਨ ਲੱਗਦੇ ਹਾਂ। ਮਾਂ ਦੀ ਮੌਤ ਤੋਂ ਬਾਅਦ ਜਦ ਮੈਂ ਪਹਿਲੀ ਵਾਰ ਪਿੰਡ ਗਿਆ ਤਾਂ ਇਕ ਨਿੱਕੀ ਜਹੀ ਘਟਨਾ ਵੱਡੇ ਅਰਥਾਂ ਦਾ ਸੁਨੇਹਾ, ਮੇਰੀ ਤਲੀ 'ਤੇ ਧਰ, ਭਾਵੁਕ ਕਵਿਤਾ ਦੀ ਧਰਾਤਲ ਬਣ ਗਈ-ਮਾਂ ਦੀ ਮੌਤ ਤੋਂ ਬਾਅਦ ਪਹਿਲੀ ਵਾਰ ਪਿੰਡ ਆਇਆ ਹਾਂ। ਪੈਰਾਂ ਦੀ ਬਿੜਕ ਮੇਰੀ ਨਮ-ਚੁੱਪ ਨੂੰ ਤੋੜਦੀ ਹੈ। ਨੰਗੇ ਪੈਰੀਂ ਘਰ ਵੜਦਾ ਬਾਪ, ਬੋਝੇ 'ਚੋਂ ਅੰਬ ਕੱਢ ਕੇ ਮੈਨੂੰ ਦਿੰਦਿਆਂ ਕਹਿੰਦਾ ਹੈ, 'ਮੈਨੂੰ ਪਤਾ ਸੀ ਤੂੰ ਆਇਆ ਹੋਵੇਂਗਾ, ਤੈਨੂੰ ਖੂਹ ਵਾਲੇ ਬੂਟੇ ਦੇ ਅੰਬ ਬਹੁਤ ਪਸੰਦ ਹਨ, ਅੱਜ ਇਕ ਪੱਕਾ ਅੰਬ ਲੱਭਾ ਸੀ ਲੈ ਫੜ, ਚੂਪ ਲੈ।' ਤੇ ਮੈਂ ਬਾਪ ਦੇ ਝੁਰੜੀਆਂ ਭਰੇ ਕੰਬਦੇ ਹੱਥ 'ਚੋਂ ਅੰਬ ਲੈਂਦਿਆਂ ਸੋਚਦਾ ਹਾਂ, ਮਾਂ ਦੀ ਮੌਤ ਪਿੱਛੋਂ ਬਾਪ ਮਾਂ ਵੀ ਬਣ ਗਿਆ ਹੈ!"

ਪੁੱਤ ਦੇ ਹੰਝੂ ਡਲ੍ਹਕ ਪੈਂਦੇ ਹਨ। ਭੰਡਾਲ ਨੂੰ ਲਰਜ਼ਦਾ ਨੀਰ ਨਾ ਕਿਹਾ ਜਾਏ ਤਾਂ ਕੀ ਕਿਹਾ ਜਾਏ?

## ਗਰੀਨ ਕਾਰਡ

(ਪਿਛਲੇ ਸਫੇ ਦੀ ਬਾਕੀ)

ਰੱਖ। ਇਹ ਸੋਚ ਕਿ ਮੈਂ ਇੱਕ ਮਰਦ ਆਂ।"

"ਅੰਕਲ ਮੈਂ ਤਾਂ ਪਹਿਲਾਂ ਈਂ ਮਜ਼ਬੂਰ ਆਂ।" ਮੇਰੇ ਹੰਝੂ ਨਿਕਲ ਆਏ।

"ਮੈਂ ਵੀ ਤੈਨੂੰ ਇਹੀ ਸਮਝਾਉਣ ਆਇਆਂ ਕਿ ਤੇਰੇ ਕੋਲ ਰਹਿਣ ਦੀ ਥਾਂ ਨ੍ਹੀਂ। ਗਰੀਨ ਕਾਰਡ ਤੇਰੇ ਕੋਲ ਨ੍ਹੀਂ। ਬਿਨਾਂ ਗਰੀਨ ਕਾਰਡ ਦੇ ਤੂੰ ਨੌਕਰੀ ਨਹੀਂ ਕਰ ਸਕਦੀ। ਮੈਂ ਇੱਕ ਫੋਨ ਘੁੰਮਾ ਦਿਆਂ ਤਾਂ ਇਮੀਗਰੇਸ਼ਨ ਵਾਲਿਆਂ ਤੈਨੂੰ ਗ੍ਰਿਫਤਾਰ ਕਰ ਲੈਣੈ। ਸਮਝੀ ਕੁਛ?"

ਮੈਂ ਉਸ ਦਾ ਡਰਾਵਾ ਸਮਝ ਗਈ ਤੇ ਪਾਸੇ ਖੜ੍ਹੀ ਹੰਝੂ ਕੇਰਦੀ ਰਹੀ।

"ਕੋਈ ਜ਼ੋਰ ਜ਼ਬਰਦਸਤੀ ਨ੍ਹੀਂ। ਤੂੰ ਕੱਲ ਤੱਕ ਸੋਚ ਲੈ। ਪਰ ਹੋਊ ਉਹੀ ਜੋ ਮੈਂ ਚਾਹੂੰਗਾ।" ਕਹਿੰਦਾ ਉਹ ਕਮਰੇ 'ਚੋਂ ਨਿਕਲ ਗਿਆ। ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਅਗਲੇ ਦਿਨ ਸਵੇਰੇ ਮੈਂ ਮਿੱਕੀ ਨੂੰ ਕਾਲ ਕਰਕੇ ਬੁਲਾ ਲਿਆ। ਉਸ ਨੂੰ ਇਸ ਜਗਤਾਰ ਬੁੱਢੇ ਦੀ ਕਰਤੂਤ ਦੱਸੀ, ਮੇਰੀ ਗੱਲ ਸੁਣ ਕੇ ਮਿੱਕੀ ਨੂੰ ਨਾ ਗੁੱਸਾ ਚੜ੍ਹਿਆ ਤੇ ਨਾ ਹੀ ਹੈਰਾਨ ਹੋਇਆ। ਸਗੋਂ ਖੁਸ਼ ਹੁੰਦਾ ਬੋਲਿਆ, "ਹੋਰ ਤੈਨੂੰ ਕੀ ਚਾਹੀਦੈ?"

''ਮਤਲਬ?"

"ਮਤਲਬ ਇਹ ਕਿ 'ਗਰੀਨ ਕਾਰਡ' ਖੁਦ ਚੱਲ ਕੇ ਤੇਰੇ ਕੋਲ ਆ ਰਿਹੈ।"

"ਗਰੀਨ ਕਾਰਡ ਦਾ ਇਸ ਗੱਲ ਨਾਲ ਕੀ ਸਬੰਧ?"

"ਮਤਲਬ! ਤੂੰ ਉਸ ਨੂੰ ਕਹਿ ਕਿ ਪਹਿਲਾਂ ਉਹ ਤੇਰੇ ਨਾਲ ਵਿਆਹ ਕਰਵਾਏ, ਤੇਰਾ ਗਰੀਨ ਕਾਰਡ ਅਪਲਾਈ ਕਰੇ। ਤੇ ਫਿਰ...।"

ਮਿੱਕੀ ਦੀ ਗੱਲ ਸੁਣ ਕੇ ਮੇਰੀਆਂ ਅੱਖਾਂ ਧਰਤੀ 'ਚ ਗੱਡੀਆਂ ਗਈਆਂ।

"ਦੀਦੀ ਇਹੋ ਜਿਹਾ ਸੁਨਹਿਰੀ ਮੌਕਾ ਫਿਰ ਨ੍ਹੀਂ ਮਿਲਣਾ। ਅਗਾਂਹ ਤੇਰੀ ਮਰਜ਼ੀ।" ਇੰਨੀ ਗੱਲ ਆਖ ਮਿੱਕੀ ਤੁਰ ਗਿਆ।

ਮੈਂ ਸਾਰਾ ਦਿਨ ਸੋਚਦੀ ਰਹੀ। ਆਖਰ ਮੇਰੇ ਵੀ ਇਹ ਗੱਲ ਦਿਲ ਲੱਗ ਗਈ। ਮੈਂ ਆਪਣੀ ਸ਼ਰਤ ਅੰਕਲ ਨੂੰ ਦੱਸੀ। ਕੁਝ ਦੇਰ ਸੋਚਦਿਆਂ ਉਸ ਨੇ ਹਾਂ ਕਰ ਦਿੱਤੀ। ਅਗਲੇ ਦਿਨ ਕੋਰਟ ਜਾ ਕੇ ਉਸ ਨੇ ਕੋਰਟ ਮੈਰਿਜ ਕਰਕੇ ਮੇਰਾ ਗਰੀਨ ਕਾਰਡ ਅਪਲਾਈ ਕਰ ਦਿੱਤਾ। ਮੈਨੂੰ ਉਸ ਬੁੱਢੇ ਤੋਂ ਬੜੀ ਘਿਣ ਆਉਂਦੀ, ਪਰ ਚੁੱਪ ਰਹਿੰਦੀ ਕਿ ਇੱਕ ਵਾਰ ਗਰੀਨ ਕਾਰਡ ਮਿਲ ਜਾਵੇ ਬੱਸ। ਪੰਜ ਛੇ ਮਹੀਨੇ ਲੰਘੇ, ਮੈਨੂੰ ਵਰਕ ਪਰਮਿਟ ਮਿਲ ਗਿਆ। ਮੈਂ ਬਾਹਰ ਘੁੰਮਣ-ਫਿਰਨ ਲੱਗੀ। ਇਨ੍ਹੀਂ ਦਿਨੀਂ ਮੈਂ ਇੱਕ ਦਿਨ ਮਿੱਕੀ ਨੂੰ ਵੇਖਿਆ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਉਸ ਦੀ ਵੇਖਣੀ ਪਾਖਣੀ, ਉਸ ਦੀ ਤੋਰ ਅਤੇ ਉਸ ਦਾ ਗੱਲ ਕਰਨ ਦਾ ਤਰੀਕਾ ਬਦਲ ਗਿਆ ਸੀ। ਉਂਜ ਵੀ ਕਮਜ਼ੋਰ ਜਿਹਾ ਲੱਗਦਾ ਸੀ। ਮੈਨੂੰ ਸ਼ੱਕ ਪਿਆ, ਨਸ਼ੇ ਨਾ ਖਾਣ ਲੱਗ ਪਿਆ ਹੋਵੇ। ਫਿਰ ਮੈਂ ਉਸ ਦੇ ਨਾਲ ਫਿਰਦੇ ਐਂਡਰਿਊ ਨੂੰ ਪਛਾਣਿਆ। ਐਂਡਰਿਊ ਨੂੰ ਮੈਂ ਕਾਲਜ ਵੇਲੇ ਤੋਂ ਜਾਣਦੀ ਸੀ। ਸਭ ਨੂੰ ਪਤਾ ਸੀ ਕਿ ਉਹ ਗੇਅ (ਹਮਜਿਣਸੀ) ਐ। ਮੈਂ ਅਗਾਂਹ ਹੋ ਕੇ ਮਿੱਕੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਪਾਸਾ ਬਚਾ ਕੇ ਲੰਘ ਗਿਆ। ਉਸ ਪਿੱਛੋਂ ਮੈਂ ਬਹੁਤ ਉਦਾਸ ਰਹਿਣ ਲੱਗੀ। ਮਿੱਕੀ ਗੇਅਆਂ ਨਾਲ ਘੁੰਮ ਰਿਹਾ ਹੈ, ਖੁਦ ਵੀ ਸ਼ਾਇਦ ਗੇਅ ਹੈ ਅਤੇ ਨਾਲ ਹੀ ਨਸ਼ੇ ਕਰ ਰਿਹਾ ਹੈ। ਪਰ ਕੀ ਕਰਦੀ। ਫਿਰ ਇੱਕ ਦਿਨ ਉਸ ਦੀ ਕਾਲ ਆਈ, "ਦੀਦੀ ਮੈਂ ਐਂਡਰਿਊ ਨਾਲ ਮੈਰਿਜ ਕਰ ਲਈ ਐ।"

"ਵਾਅਟ?" ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ।

"ਹਾਂ ਦੀਦੀ। ਸਾਡੀ ਸਟੇਟ ਨੇ ਸੇਮ ਸੈਕਸ ਮੈਰਿਜ ਲੀਗਲ ਕਰ ਦਿੱਤੀ ਐ। ਮੈਂ ਤੇ ਐਂਡਰਿਊ ਨੇ ਬਾਕਾਇਦਾ ਕੋਰਟ ਮੈਰਿਜ ਕੀਤੀ ਐ। ਮੈਰਿਜ ਸਰਟੀਫਿਕੇਟ ਵੀ ਮਿਲ ਗਿਆ। ਅੱਜ ਸ਼ਾਮੀਂ ਵਕੀਲ ਦੇ ਜਾ ਰਹੇ ਆਂ।"

"ਵਕੀਲ ਦੇ ਕਾਹਦੇ ਲਈ?"

"ਮੇਰਾ ਗਰੀਨ ਕਾਰਡ ਅਪਲਾਈ ਕਰਨ। ਕਿਉਂਕਿ ਐਂਡਰਿਊ ਅਮਰੀਕਨ ਸਿਟੀਜ਼ਨ ਐ। ਉਹ ਮੇਰਾ ਗਰੀਨ ਕਾਰਡ ਐਜ਼ ਏ ਸਪਾਊਜ਼ ਅਪਲਾਈ ਕਰੂਗਾ।"

ਇੰਨਾ ਕਹਿੰਦਿਆਂ ਉਸ ਨੇ ਫੋਨ ਕੱਟ ਦਿੱਤਾ। ਮੈਂ ਸੁੰਨ ਹੋਈ ਸੋਚਦੀ ਰਹੀ। ਸਾਰੀ ਰਾਤ ਨੀਂਦ ਨਾ ਆਈ। ਸਵੇਰ ਹੁੰਦਿਆਂ ਹੀ ਫੋਨ 'ਤੇ ਜ਼ਿੰਦਗੀ ਦੀ ਸਭ ਤੋਂ ਮਨਹੂਸ ਖਬਰ ਸੁਣਨ ਨੂੰ ਮਿਲੀ ਕਿ ਰਾਤੀਂ ਮਿੱਕੀ ਨੇ ਨਸ਼ੇ ਦੀ ਓਵਰਡੋਜ਼ ਲੈ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਫੋਨ ਉਸ ਦੇ ਕਿਸੇ ਦੋਸਤ ਦਾ ਸੀ।

"ਹੁਣ ਕਿੱਥੇ ਐ ਉਹ?" ਮੈਂ ਪੁੱਛਿਆ।

"ਉਹ ਫੇਅਰਫੈਕਸ ਹਸਪਤਾਲ 'ਚ ਐ।"

ਮੈਂ ਟੈਕਸੀ ਲੈ ਕੇ ਹਸਪਤਾਲ ਭੱਜੀ। ਵੀਹ ਮਿੰਟ ਦਾ ਇਹ ਰਸਤਾ ਸਾਲਾਂ ਦਾ ਬਣ ਗਿਆ। ਡਰ ਸੀ ਕਿ ਉਸ ਦੀ ਹਾਲਤ ਪਤਾ ਨ੍ਹੀਂ ਕਿੰਨੀ ਕੁ ਨਾਜ਼ੁਕ ਹੈ। ਭਰਾ ਬਿਨਾ ਮੈਂ ਕਿਸ ਦੇ ਆਸਰੇ ਇੱਥੇ ਦਿਨ ਕੱਟੂੰ। ਸਾਰੇ ਰਾਹ ਭਿਆਨਕ ਖਿਆਲ ਆਉਂਦੇ ਰਹੇ। ਹਸਪਤਾਲ ਦੇ ਗੇਟ 'ਤੇ ਟੈਕਸੀ ਰੋਕ ਡਰਾਈਵਰ ਨੇ ਮੈਨੂੰ ਖਿਆਲਾਂ 'ਚੋਂ ਕੱਢਿਆ। ਪੈਸੇ ਦੇ ਕੇ ਮੈਂ ਅੰਦਰ ਭੱਜੀ। ਉਥੇ ਮੈਨੂੰ ਉਸ ਦਾ ਉਹੀ ਦੋਸਤ ਮਿਲ ਗਿਆ ਜਿਸ ਨੇ ਮੈਨੂੰ ਫੋਨ ਕੀਤਾ ਸੀ।

"ਕਿਵੇਂ ਐ ਹੁਣ ਮਿੱਕੀ?"

"ਖਤਰੇ ਤੋਂ ਬਾਹਰ ਐ। ਪਰ ਜੇ ਮੌਕੇ ਸਿਰ ਪਤਾ ਨਾ ਲੱਗਦਾ ਤਾਂ...।"

"ਪਰ ਇਹ ਹੋਇਆ ਕਿਵੇਂ?"

"ਇਹ ਤਾਂ ਤੈਨੂੰ ਪਤਾ ਈ ਹੋਣੈ ਕਿ ਮਿੱਕੀ ਨੇ ਐਂਡਰਿਊ ਨਾਲ ਮੈਰਿਜ ਕੀਤੀ ਐ। ਜਦੋਂ ਉਹ ਮਿੱਕੀ ਦਾ ਗਰੀਨ ਕਾਰਡ ਅਪਲਾਈ ਕਰਨ ਵਕੀਲ ਦੇ ਗਏ ਤਾਂ ਵਕੀਲ ਨੇ ਦੱਸਿਆ ਕਿ ਸੇਮ ਸੈਕਸ ਮੈਰਿਜ ਸਟੇਟ ਨੇ ਲੀਗਲ ਕੀਤੀ ਐ ਜਦੋਂ ਕਿ ਗਰੀਨ ਕਾਰਡ ਵਾਲਾ ਮਸਲਾ ਫੈਡਰਲ ਗੌਰਮਿੰਟ ਦਾ ਐ। ਮਿੱਕੀ ਨੂੰ ਗਰੀਨ ਕਾਰਡ ਨਹੀਂ ਮਿਲ ਸਕਦਾ। ਪ੍ਰੇਸ਼ਾਨ ਹੋਏ ਮਿੱਕੀ ਨੇ ਆਤਮ ਹੱਤਿਆ ਵਾਲਾ ਕਦਮ ਚੁੱਕ ਲਿਆ।"

ਮਿੱਕੀ ਦੇ ਕਮਰੇ 'ਚ ਪਹੁੰਚੀ। ਉਹ ਅੱਖਾਂ ਮੀਚੀ ਬੈਡ 'ਤੇ ਪਿਆ ਸੀ। ਮੈਂ ਉਸ ਦੇ ਵਾਲਾਂ 'ਚ ਹੱਥ ਫੇਰਨ ਲੱਗੀ। ਉਸ ਨੇ ਅੱਖਾਂ ਖੋਲ੍ਹੀਆਂ।

"ਮਿੱਕੀ ਤੂੰ ਜ਼ਰਾ ਵੀ ਨਾ ਸੋਚਿਆ ਕਿ ਮੇਰਾ ਇਕੱਲੀ ਦਾ ਪਰਦੇਸਾਂ 'ਚ ਕੀ ਬਣੂੰ?" ਮੇਰੇ ਹੰਝੂ ਵਹਿ ਤੁਰੇ।

"ਦੀਦੀ ਚੁੱਪ ਕਰ। ਮੈਨੂੰ ਅਹਿਸਾਸ ਹੋ ਚੁਕੈ ਕਿ ਮੈਂ ਇਹ ਕਦਮ ਚੁੱਕ ਕੇ ਬਹੁਤ ਵੱਡੀ ਗਲਤੀ ਕੀਤੀ ਐ। ਚਲੋ ਫਿਰ ਵੀ ਰੱਬ ਨੇ ਬਚਾ ਲਿਆ।" ਉਸ ਨੇ ਮੇਰੇ ਹੰਝੂ ਪੂੰਝੇ।

"ਪਰ ਮਿੱਕੀ ਉਹ ਨਸ਼ੇ ਅਤੇ ਐਂਡਰਿਊ ਨਾਲ ਮੈਰਿਜ ਵਗੈਰਾ...?"

"ਦੀਦੀ, ਉਹ ਸਭ ਕੁਛ ਤਾਂ ਗਰੀਨ ਕਾਰਡ ਲੈਣ ਲਈ ਇੱਕ ਡਰਾਮਾ ਸੀ।" ਉਸ ਦੀ ਗੱਲ ਸੁਣਦਿਆਂ ਮੇਰੇ ਮਨ ਤੋਂ ਮਣਾਂ ਮੂੰਹੀਂ ਭਾਰ ਲਹਿ ਗਿਆ ਕਿ ਮਿੱਕੀ ਅੰਦਰੋਂ ਗੇਅ ਨਹੀਂ ਹੈ।

"ਸੱਚ ਦੀਦੀ ਤੇਰੇ ਗਰੀਨ ਕਾਰਡ ਦਾ ਕੇਸ ਕਿੱਥੇ ਕੁ ਪਹੁੰਚਿਆ?"

"ਮੇਰਾ ਵਰਕ ਪਰਮਿਟ ਆ ਗਿਐ। ਹੁਣ ਗਰੀਨ ਕਾਰਡ ਦੀ ਉਡੀਕ ਐ।" ਮੈਂ ਮਨ 'ਚ ਸੋਚਿਆ ਕਿ ਕਦੋਂ ਮੇਰਾ ਗਰੀਨ ਕਾਰਡ ਆਵੇ ਤੇ ਕਦੋਂ ਉਸ ਨਰਕ 'ਚੋਂ ਬਾਹਰ ਨਿੱਕਲਾਂ। ਫਿਰ ਦੋ ਕੁ ਦਿਨਾਂ ਪਿੱਛੋਂ ਮਿੱਕੀ ਹਸਪਤਾਲ 'ਚੋਂ ਠੀਕ ਹੋ ਕੇ ਘਰ ਆ ਗਿਆ। ਮੈਂ ਸੋਚਿਆ ਕਿ ਪਰਮਾਤਮਾ ਨੇ ਹੱਥ ਦੇ ਕੇ ਰੱਖ ਲਏ, ਚਲੋ ਬੁਰਾ ਵਕਤ ਲੰਘ ਚੁਕੈ। ਥੋੜੇ ਦਿਨਾਂ ਬਾਅਦ ਹੀ ਜਗਤਾਰ ਅੰਕਲ ਹਾਰਟ ਅਟੈਕ ਨਾਲ ਚੜ੍ਹਾਈ ਕਰ ਗਿਆ। ਮੈਂ ਵਕੀਲ ਤੋਂ ਪਤਾ ਕਰਨ ਗਈ, ਸ਼ਾਇਦ ਮੇਰੇ ਗਰੀਨ ਕਾਰਡ ਲਈ ਕੋਈ ਰਾਹ ਬਚਿਆ ਹੋਵੇ। ਪਰ ਉਸ ਨੇ ਹੱਥ ਖੜ੍ਹੇ ਕਰ ਦਿੱਤੇ। ਕਹਿਣਾ ਲੱਗਾ, ਜੇ ਪਟੀਸ਼ਨਰ ਦੀ ਮੌਤ ਹੋ ਜਾਵੇ ਤਾਂ ਬੈਨੀਫਿਸ਼ਰੀ ਦਾ ਕੇਸ ਖਤਮ ਹੋ ਜਾਂਦਾ ਹੈ। ਇੱਕ ਸਲਾਹ ਉਸ ਨੇ ਜ਼ਰੂਰ ਦਿੱਤੀ, "ਵੈਸੇ ਇਸ ਵੇਲੇ ਤੈਨੂੰ ਪੈਸੇ ਵਲੋਂ ਫਾਇਦਾ ਹੋ ਸਕਦੈ!"

"ਉਹ ਕਿਵੇਂ?" ਮੈਂ ਹੈਰਾਨ ਹੋਈ ਵਕੀਲ ਦੇ ਮੂੰਹ ਵੱਲ ਵੇਖਣ ਲੱਗੀ।

"ਵੇਖ, ਤੂੰ ਉਸ ਦੀ ਕਾਨੂੰਨਨ ਪਤਨੀ ਐਂ। ਜੇ ਤੂੰ ਸਿਵਲ ਕੋਰਟ ਵਿਚ ਕੇਸ ਕਰ ਦੇਵੇਂ ਤਾਂ ਤੈਨੂੰ ਉਸ ਦੀ ਪ੍ਰਾਪਰਟੀ ਵਿਚੋਂ ਕੁਝ ਹਿੱਸਾ ਜ਼ਰੂਰ ਮਿਲ ਜਾਊ।"

"ਮੈਨੂੰ ਇਸ ਵੇਲੇ ਪੈਸੇ ਦੀ ਨ੍ਹੀਂ, ਗਰੀਨ ਕਾਰਡ ਦੀ ਲੋੜ ਐ।" ਕਹਿੰਦਿਆਂ ਮੈਂ ਵਕੀਲ ਦੇ ਦਫਤਰੋਂ ਨਿੱਕਲ ਆਈ। ਅਗਾਂਹ ਐਲੀਵੇਟਰ ਖਰਾਬ ਸੀ। ਮੈਂ ਪੌੜੀਆਂ ਵੱਲ ਨੂੰ ਹੋਈ। ਹੇਠਾਂ ਉਤਰਦੀਆਂ ਪੌੜੀਆਂ ਕਿਸੇ ਡੂੰਘੇ ਖੂਹ ਦੀ ਤਰ੍ਹਾਂ ਲੱਗੀਆਂ। ਬੋਝਲ ਕਦਮ ਪੁੱਟਦੀ ਮੈਂ ਪੌੜੀਆਂ ਉਤਰਨ ਲੱਗੀ।




# ਵਾਪਸੀ

## ਯਹੂਦੀਆਂ ਦੀ ਵਤਨ ਵਾਪਸੀ ਦੀ ਦੋ ਹਜ਼ਾਰ ਸਾਲ ਲੰਮੀ ਕਹਾਣੀ

***ਪ੍ਰੋ. ਹਰਪਾਲ ਸਿੰਘ ਪੰਨੂ ਨੇ ਇਸ ਲੰਮੇ ਲੇਖ 'ਵਾਪਸੀ' ਵਿਚ ਯਹੂਦੀਆਂ ਦੀ ਵਤਨ ਵਾਪਸੀ ਦੀ ਲੰਮੀ ਵਾਰਤਾ ਸੁਣਾਈ ਹੈ। ਯਹੂਦੀਆਂ ਨੂੰ ਦੋ ਹਜ਼ਾਰ ਸਾਲ ਬਾਅਦ ਆਪਣਾ ਨਗਰ ਯੋਰੋਸ਼ਲਮ ਅਤੇ ਮੁਲਕ ਇਜ਼ਰਾਈਲ ਮਿਲਿਆ। ਉਹ ਕਦਮ ਕਦਮ ਉਜੜੇ, ਭਟਕੇ, ਗੁਲਾਮ ਹੋਏ, ਉਨ੍ਹਾਂ ਦੀ ਨਸਲਘਾਤ ਹੋਈ, ਪਰ ਸਬਰ ਨਾਲ ਕਦਮ ਕਦਮ ਵਾਪਸੀ ਹੁੰਦੀ ਗਈ। ਉਜਾੜਾ, ਸਜ਼ਾ, ਪਛਤਾਵਾ, ਰਜ਼ਾ, ਖਿਮਾ ਤੇ ਸ਼ੁਕਰਾਨਾ ਯਹੂਦੀ ਜ਼ਿੰਦਗੀ ਦੇ ਅਹਿਮ ਪਹਿਲੂ ਰਹੇ। ਪਹਿਲਾਂ ਮਿਸਰ ਦੇ ਸੁਲਤਾਨ ਫਰਾਊਨ, ਫਿਰ ਈਸਾਈਆਂ ਅਤੇ ਫਿਰ ਮੁਸਲਮਾਨਾਂ ਤੋਂ ਉਨ੍ਹਾਂ ਨੂੰ ਨਿਰੰਤਰ ਦੁੱਖ ਮਿਲੇ। ਉਨ੍ਹਾਂ ਨੂੰ ਖੁਦ ਨਹੀਂ ਪਤਾ, ਇਸ ਹਨੇਰਗਰਦੀ ਵਿਚੋਂ ਬਚੇ ਕਿਵੇਂ ਰਹੇ। ਉਨ੍ਹਾਂ ਦੇ ਮਨ ਮੰਦਰ ਦੀ ਯਾਦ ਵਿਚ ਇਜ਼ਰਾਈਲ ਦਾ ਰੇਗਿਸਤਾਨ ਸਦਾ ਵਸਿਆ ਰਿਹਾ। -ਸੰਪਾਦਕ***

ਅਵ ਮਹੀਨੇ ਦੀ ਨੌਂ ਤਰੀਕ, ਯਹੂਦੀ ਵਡੇਰਿਆਂ ਨੂੰ ਪੰਜ ਸਰਾਪ ਮਿਲੇ: ਪਹਿਲਾ, ਤੁਸੀਂ ਆਪਣੀ ਪੁੰਨ ਭੂਮੀ ਵਿਚ ਦਾਖਲ ਨਹੀਂ ਹੋ ਸਕੋਗੇ। ਦੂਜਾ, ਤੁਹਾਡਾ ਯੋਰੋਸ਼ਲਮ ਮੰਦਰ ਦੋ ਵਾਰ ਤਬਾਹ ਹੋਏਗਾ। ਤੀਜਾ, ਬੇਤਰ ਨਗਰ ਘਿਰ ਜਾਏਗਾ। ਚੌਥਾ, ਯੋਰੋਸ਼ਲਮ ਉਪਰ ਹਲ ਫਿਰੇਗਾ। ਪੰਜਵਾਂ, ਹਰ ਸਾਲ ਅਵ ਦਾ ਮਹੀਨਾ ਉਦਾਸ ਗੁਜ਼ਰਿਆ ਕਰੇਗਾ।

ਪੰਜ ਵਾਕ ਯਹੂਦੀਆਂ ਦੇ ਉਜਾੜੇ ਦੀ ਬੁਨਿਆਦ ਹਨ ਜਿਥੋਂ ਉਨ੍ਹਾਂ ਦੀ ਸਿਆਸੀ ਤਾਕਤ ਖਤਮ ਹੋਈ ਤੇ ਗੁਲਾਮੀ ਦੀ ਨੀਂਹ ਟਿਕੀ। ਘਰ ਵਾਪਸੀ ਕਦੋਂ ਨਸੀਬ ਹੋਏਗੀ? ਕੋਈ ਤਰੀਕ ਨਹੀਂ। ਜਦੋਂ ਪਛਤਾਵਾ ਕਰਨਗੇ, ਬੰਦਗੀ ਕਰਨਗੇ, ਧਰਮੀ ਹੋ ਜਾਣਗੇ ਤਾਂ ਰੱਬ ਦੀ ਰਜ਼ਾ



**ਹਰਪਾਲ ਸਿੰਘ ਪੰਨੂ**
**ਫੋਨ: +91-94642-51454**

ਪਰਤੇਗੀ। ਆਦਮ ਅਤੇ ਈਵ ਨੂੰ ਸੁਰਗ ਵਿਚੋਂ ਕੱਢਿਆ ਗਿਆ ਸੀ, ਦੂਜੀ ਵਾਰੀ ਆਦਮ ਦੀ ਔਲਾਦ ਨੂੰ ਯੋਰੋਸ਼ਲਮ ਵਿਚੋਂ ਉਜੜਨ ਦੀ ਸਜ਼ਾ ਮਿਲੀ।

ਯਹੂਦੀ ਵਿਸ਼ਵਾਸ ਅਨੁਸਾਰ ਰੱਬ ਨੇ ਸਾਜੀ ਆਪਣੀ ਹਰ ਕੌਮ ਨੂੰ ਇਕ ਇਕ ਦੇਸ ਰਹਿਣ ਲਈ ਦਿੱਤਾ, ਹਰ ਕੌਮ ਇਕੱਠੀ ਰਹੇ, ਦੂਜੀ ਨੂੰ ਗੁਲਾਮ ਨਾ ਕਰੇ। ਗੁਲਾਮ ਕੌਮਾਂ ਆਜ਼ਾਦ ਹੋਣਗੀਆਂ, ਪਰ ਆਜ਼ਾਦੀ ਵਾਸਤੇ ਵਾਰ ਵਾਰ ਅਰਦਾਸ ਕਰਨ ਦੀ ਥਾਂ ਨੇਕੀ ਕਰਨ, ਕਾਹਲ ਹਰਗਿਜ਼ ਨਹੀਂ ਕਰਨੀ।

ਯਹੂਦੀਆਂ ਨੇ ਕਾਹਲ ਨਹੀਂ ਕੀਤੀ, ਇਸ ਕਰ ਕੇ ਦੋ ਹਜ਼ਾਰ ਸਾਲ ਬਾਅਦ ਉਨ੍ਹਾਂ ਨੂੰ ਯੋਰੋਸ਼ਲਮ ਨਗਰ ਮਿਲਿਆ, ਇਜ਼ਰਾਈਲ ਦੇਸ ਮਿਲਿਆ। ਕਦਮ ਕਦਮ ਉਜੜੇ, ਭਟਕੇ, ਗੁਲਾਮ ਹੋਏ, ਉਨ੍ਹਾਂ ਦੀ ਨਸਲਘਾਤ ਹੋਈ, ਕਦਮ ਕਦਮ ਵਾਪਸੀ ਹੁੰਦੀ ਗਈ, ਰਬੀ ਰਜ਼ਾ ਸਹਿਜੇ ਸਹਿਜੇ ਪਰਤੀ। ਉਜਾੜਾ, ਸਜ਼ਾ, ਪਛਤਾਵਾ, ਰਜ਼ਾ, ਖਿਮਾ ਤੇ ਸ਼ੁਕਰਾਨਾ ਯਹੂਦੀ ਜ਼ਿੰਦਗੀ ਦੇ ਅਹਿਮ ਪਹਿਲੂ ਹਨ। ਪਹਿਲੋਂ ਮਿਸਰ ਦੇ ਸੁਲਤਾਨ ਫਰਾਊਨ ਤੋਂ, ਫਿਰ ਈਸਾਈਆਂ ਤੋਂ, ਫਿਰ ਮੁਸਲਮਾਨਾਂ ਤੋਂ ਨਿਰੰਤਰ ਦੁਖ ਮਿਲੇ। ਉਨ੍ਹਾਂ ਨੂੰ ਖੁਦ ਪਤਾ ਨਹੀਂ, ਇਸ ਹਨੇਰਗਰਦੀ ਵਿਚੋਂ ਬਚੇ ਕਿਵੇਂ ਰਹੇ। ਉਨ੍ਹਾਂ ਦੇ ਮਨ ਮੰਦਰ ਦੀ ਯਾਦ ਵਿਚ ਇਜ਼ਰਾਈਲ ਦਾ ਰੇਗਿਸਤਾਨ ਇਸ ਕਦਰ ਵਸਿਆ ਰਿਹਾ ਕਿ ਜਦੋਂ ਉਨ੍ਹਾਂ ਦੇਸਾਂ ਵਿਚ ਜਾ ਵਸੇ ਜਿਥੇ ਅਕਸਰ ਹੜ੍ਹਾਂ ਕਾਰਨ ਤਬਾਹੀ ਹੁੰਦੀ, ਉਥੇ ਵੀ ਰੱਬ ਅੱਗੇ ਮੀਂਹ ਲਈ ਅਰਦਾਸਾਂ ਕਰੀ ਜਾਂਦੇ। ਇਸੇ ਦੋਸ਼ ਕਾਰਨ ਉਨ੍ਹਾਂ ਉਪਰ ਹਮਲਾ ਹੋ ਜਾਂਦਾ ਕਿ ਇਹ ਆਪਣੇ ਲਈ ਤੇ ਗੁਆਂਢੀਆਂ ਲਈ ਮੌਤ ਮੰਗਦੇ ਹਨ, ਪਰ ਉਹ ਬਿਪਤਾ ਝੱਲਦੇ ਹੋਏ ਕਹੀ ਜਾਂਦੇ, ਅਗਲੇ ਸਾਲ ਯੋਰੋਸ਼ਲਮ ਵਿਚ।

ਆਤੇ ਆਤੇ ਯੂੰਹੀਂ ਪਲ ਭਰ ਕੋ
ਰੁਕੀ ਹੋਗੀ ਬਹਾਰ,
ਜਾਤੇ ਜਾਤੇ ਯੂੰਹੀਂ ਪਲ ਭਰ ਕੋ
ਖਿਜ਼ਾਂ ਠਹਰੀ ਹੈ। -ਫੈਜ਼

---

ਯਹੂਦੀਆਂ ਅਨੁਸਾਰ ਮੁਕਤੀ ਮੌਤ ਤੋਂ ਬਾਅਦ ਨਹੀਂ, ਇਸੇ ਜਨਮ ਵਿਚ ਹੀ ਮਿਲੇਗੀ, ਮੁਕਤੀ ਮਾਇਨੇ ਯੋਰੋਸ਼ਲਮ ਪੁੱਜਣਾ। ਯੋਰੋਸ਼ਲਮ ਉਦੋਂ ਪੁੱਜਾਂਗੇ ਜਦੋਂ ਰੱਬ ਮਿਹਰਬਾਨ ਹੋਵੇਗਾ, ਰੱਬੀ ਮਿਹਰਬਾਨੀ ਦਾ ਨਾਮ ਮੁਕਤੀ ਹੈ। ਯੋਰੋਸ਼ਲਮ ਕਿਸੇ ਹੋਰ ਜਨਮ ਵਿਚ ਕਿਸੇ ਹੋਰ ਧਰਤੀ ਉਪਰ ਥੋੜ੍ਹਾ ਮਿਲੇਗਾ, ਇਥੇ ਹੀ ਮਿਲੇਗਾ।

ਇਜ਼ਰਾਈਲ ਨੂੰ ਉਹ ਇਕਰਾਰਾਂ ਦੀ ਧਰਤੀ ਆਖਦੇ ਹਨ। ਰੱਬ ਨੇ ਇਕਰਾਰ ਕੀਤਾ ਹੈ, ਇਹ ਧਰਤੀ ਤੁਹਾਨੂੰ ਦਿਆਂਗਾ; ਲੇਟ ਦੇ ਦਏ, ਦਏਗਾ ਜ਼ਰੂਰ। ਉਜਾੜਾ ਖਤਮ ਹੋਏਗਾ, ਮਿਲਾਪ ਹੋਵੇਗਾ, ਸਰਾਪ ਮੁੱਕੇਗਾ, ਗੁਲਾਮੀ ਖਤਮ ਹੋਏਗੀ। ਕੋਈ ਕ੍ਰਿਸ਼ਮਾ ਨਹੀਂ ਹੋਣ ਵਾਲਾ, ਸਾਡੀ ਧਰਤੀ ਸਾਨੂੰ ਮਿਲ ਜਾਵੇਗੀ ਬਸ। ਯਹੂਦੀਆਂ ਅਨੁਸਾਰ ਰੱਬ ਨੇ 70 ਦੇਸ ਮਨੁੱਖਾਂ ਦੇ ਵਸਣ ਲਈ ਬਣਾਏ, ਉਸ ਨੇ ਕਿਹਾ, ਕੇਵਲ ਇਜ਼ਰਾਈਲ ਮੇਰਾ ਹੈ, ਇਥੇ ਮੇਰਾ ਰਾਜ ਹੋਵੇਗਾ, ਮੈਂ ਇਹ ਚੁਣ ਲਿਆ ਹੈ, ਇਸ ਦੀ ਰਾਖੀ ਵਾਸਤੇ ਕਿਸੇ ਫਰਿਸ਼ਤੇ ਦੀ ਲੋੜ ਨਹੀਂ। ਬਾਕੀ ਬਸਤੀਆਂ ਵਾਸਤੇ ਫਰਿਸ਼ਤੇ ਹਨ। ਯਹੂਦੀ ਆਖਦੇ, ਇਹ ਰੱਬ ਦਾ ਘਰ ਹੈ, ਸੁਰਗ ਵੱਲ ਜਾਂਦੇ ਰਸਤੇ ਦਾ ਦਰਵਾਜ਼ਾ, ਇਕਰਾਰਾਂ ਇਤਬਾਰਾਂ ਦਾ ਰਸਤਾ।

ਇਜ਼ਰਾਈਲ ਯਹੂਦੀਆਂ ਤੋਂ ਪੂਰੀ ਤਰ੍ਹਾਂ ਸੱਖਣਾ ਕਦੀ ਨਹੀਂ ਹੋਇਆ। ਭਾਵੇਂ ਸ਼ਰਨਾਰਥੀਆਂ ਵਾਂਗ, ਮੰਗਤਿਆਂ ਵਾਂਗ, ਲਾਚਾਰਗੀ ਦਾ ਜੀਵਨ ਬਤੀਤ ਕਰਦੇ, ਥੋੜ੍ਹੇ ਬਹੁਤ ਰਹਿੰਦੇ ਜ਼ਰੂਰ ਰਹੇ। ਦੁਨੀਆਂ ਦੇ ਵੱਖ ਵੱਖ ਹਿੱਸਿਆਂ ਤੋਂ ਆਉਂਦੇ, ਜ਼ਿਆਰਤ ਕਰ ਕੇ ਪਰਤ ਜਾਂਦੇ। ਸਾਲ 1808 ਅਤੇ 1809 ਵਿਚ ਤਿੰਨ ਵੱਡੇ ਜਥੇ ਪੱਕੇ ਵਸੇਬੇ ਵਾਸਤੇ ਪੁੱਜੇ। ਜਲਦੀ ਉਨ੍ਹਾਂ ਨੇ ਆਪਣਾ ਨੇਤਾ ਇਹ ਕਹਿ ਕੇ ਵਾਪਸ ਘੱਲ ਦਿੱਤਾ, ਬਾਕੀਆਂ ਨੂੰ ਬੁਲਾ ਲਿਆਓ। ਦੱਸ ਦੇਣਾ ਮਾਰੂਥਲ ਹਨ, ਖੰਡਰ ਹਨ, ਤਬਾਹੀ ਦੀਆਂ ਵਿਆਪਕ ਨਿਸ਼ਾਨੀਆਂ ਹਨ, ਤਾਂ ਵੀ ਇਸ ਵਰਗਾ ਸੁਰਗ ਕਿਧਰੇ ਨਹੀਂ। ਉਨ੍ਹਾਂ ਦੀ ਪੁਕਾਰ ਉਪਰੰਤ ਲੋਕ ਆਉਣੇ ਸ਼ੁਰੂ ਹੋ ਗਏ, ਰਾਸ਼ਣ ਆਉਣਾ ਸ਼ੁਰੂ ਹੋ ਗਿਆ। ਸਫੀਦ ਵਿਚ ਪਹਿਲੀ ਵਸੋਂ 200 ਬੰਦਿਆਂ ਦੀ ਸੀ, ਸੱਤ ਸਾਲ ਵਿਚ ਗਿਣਤੀ ਛੇ ਸੌ ਹੋ ਗਈ। ਕਾਰ ਵਿਹਾਰ ਵਾਸਤੇ ਯਹੂਦੀ ਜਿਥੇ ਵਸਦੇ, ਉਸ ਦੇਸ ਦੀ ਬੋਲੀ ਸਿਖਦੇ, ਪਰ ਉਦਾਸ ਹੋ ਕੇ ਕਿਹਾ ਕਰਦੇ, ਬੇਗਾਨੀ ਬੋਲੀ ਇਜ਼ਰਾਈਲ ਤੋਂ ਹੋਰ ਪਰੇ, ਹੋਰ ਦੂਰ ਧੱਕੀ ਜਾਂਦੀ ਹੈ। ਇਜ਼ਰਾਈਲ ਵਿਚਲਾ ਭਵਿਖ ਕੀ ਹੋਵੇਗਾ? ਧਰਮ, ਸੰਸਕ੍ਰਿਤੀ, ਬੋਲੀ ਕਿਵੇਂ ਵਿਕਸਤ ਹੋਣਗੇ? ਇਹ ਮਸਲੇ ਨਹੀਂ ਵਿਚਾਰੇ ਗਏ। ਮਰਨਾ ਹੈ ਆਖਰ, ਇਜ਼ਰਾਈਲ ਦੀ ਧਰਤੀ ਉਪਰ ਮਰਾਂਗੇ।

ਪਰ ਇਹ ਕਿਵੇਂ ਸੰਭਵ ਹੋਵੇ? ਅਗਵਾਈ ਕਰਨ ਵਾਸਤੇ ਕੋਈ ਲੀਡਰ ਨਹੀਂ, ਕਾਰਵਾਂ ਦੀ ਸ਼ਕਲ ਵਿਚ ਉਠਣ-ਬਹਿ ਤੁਰ ਪਈਏ ਤਾਂ ਤੁਰਕੀ ਦਾ ਸੁਲਤਾਨ ਕਿਉਂ ਦਾਖਲ ਹੋਣ ਦਏਗਾ? ਦੁਨੀਆਂ ਭਰ ਦੇ ਬਾਦਸ਼ਾਹਾਂ ਅੱਗੇ ਅਰਜ਼ੋਈਆਂ ਕਰਨੀਆਂ ਪੈਣਗੀਆਂ ਕਿ ਸਾਡੇ ਉਜੜੇ ਭਰਾਵਾਂ ਨੂੰ ਵੱਸਣ ਦੀ ਆਗਿਆ ਦਿਉ। ਕੌਣ ਗਰੀਬਾਂ ਦੀ ਗੱਲ ਕਰੇਗਾ? ਇਹ ਠੀਕ ਹੈ, ਕੁਝ ਯਹੂਦੀ ਆਪਣੀ ਹਿੰਮਤ ਸਦਕਾ ਕਾਰੋਬਾਰਾਂ ਵਿਚ, ਸਿਆਸਤ ਵਿਚ, ਆਪਣੀ ਹੋਂਦ ਬਰਕਰਾਰ ਰੱਖਦੇ ਹੋਏ ਉਚੀਆਂ ਮੰਜ਼ਲਾਂ 'ਤੇ ਪੁੱਜ ਗਏ, ਪਰ ਉਹ ਵਿਸ਼ਵ ਯਹੂਦੀ ਭਾਈਚਾਰੇ ਦੇ ਸਿਆਸੀ ਲੀਡਰ ਥੋੜ੍ਹਾ ਹਨ! ਉਹ ਅਜਿਹੇ ਖਤਰੇ ਕਿਉਂ ਉਠਾਉਣਗੇ ਜਿਹੜੇ ਉਨ੍ਹਾਂ ਦੇ ਰੁਤਬੇ ਵਾਸਤੇ ਖਤਰਨਾਕ ਹੋਣ? ਲਾਵਾਰਸ ਕਬੀਲੇ ਦੀ ਬਾਂਹ ਕੌਣ ਫੜੇ ਫਿਰ? ਜੇ ਸਾਰੀ ਦੁਨੀਆਂ ਦੇ ਰਾਜੇ ਰੱਬ ਦੇ ਨਾਮ 'ਤੇ ਤੁਰਕੀ ਦੇ ਸੁਲਤਾਨ ਨੂੰ ਕਹਿਣ, ਇਨ੍ਹਾਂ ਨੂੰ ਫਲਸਤੀਨ ਵਿਚ ਵਸ ਜਾਣ ਦੇਹ, ਫਿਰ ਉਹ ਮੰਨ ਸਕਦੈ। ਇਹ ਸਾਰਾ ਕੁਝ ਹੋਵੇ ਕਿਸ ਤਰ੍ਹਾਂ?

ਮੁਸਲਮਾਨਾਂ ਦੀ ਓਟੋਮਾਨ ਸਲਤਨਤ ਅਧੀਨ ਯਹੂਦੀਆਂ ਉਪਰ ਹਰ ਕਿਸਮ ਦੀ ਜ਼ਿਆਦਤੀ ਹੋਈ। ਸਾਲ 1831 ਵਿਚ ਮਿਸਰੀ ਪ੍ਰਸ਼ਾਸਕ ਮੁਹੰਮਦ ਅਲੀ ਤੇ ਉਸ ਦੇ ਬੇਟੇ ਇਬਰਾਹੀਮ ਨੇ ਬਗਾਵਤ ਕਰ ਕੇ ਇਹ ਹਕੂਮਤ ਸੁੱਟ ਲਈ। ਇਨ੍ਹਾਂ ਪਿਉ ਪੁੱਤ ਦੇ ਦਸ ਸਾਲ ਦੇ ਰਾਜ ਦੌਰਾਨ ਗੈਰ-ਮੁਸਲਮਾਨਾਂ ਨੂੰ ਸਟੇਟ ਦੇ ਬਰਾਬਰ ਹੱਕਾਂ ਦੇ ਭਾਈਵਾਲ ਨਾਗਰਿਕ ਬਣਾਇਆ ਗਿਆ। ਬਾਅਦ ਵਿਚ 1842 ਵਿਚ ਮੁੜ ਓਟੋਮਾਨ ਹਕੂਮਤ ਦੀ ਵਾਪਸੀ ਤਾਂ ਹੋਈ, ਪਰ ਉਹ ਈਸਾਈਆਂ ਅਤੇ ਯਹੂਦੀਆਂ ਦੇ ਜਾਨ-ਮਾਲ 'ਤੇ ਡਾਕੇ ਮਾਰਨ ਜੋਗੇ ਨਾ ਰਹੇ। ਯਹੂਦੀਆਂ ਨੂੰ ਆਪਣੇ ਮੰਦਰਾਂ ਦੀ ਮੁਰੰਮਤ ਕਰਨ ਦੀ ਆਗਿਆ ਮਿਲ ਗਈ ਜੋ ਪਹਿਲਾਂ ਨਹੀਂ ਸੀ। ਯੋਰੋਸ਼ਲਮ ਦੀ ਕੰਧ ਲਾਗੇ ਖਲੋ ਕੇ ਅਰਦਾਸ ਕਰਨ ਦੀ ਮਨਾਹੀ ਚੁੱਕੀ ਗਈ। ਕਤਲਾਂ, ਖੋਹਾਂ, ਡਾਕਿਆਂ ਦੀਆਂ ਵਾਰਦਾਤਾਂ ਘਟੀਆਂ। ਇਸ ਨਾਲ ਬਾਹਰਲੇ ਦੇਸਾਂ ਤੋਂ ਤੀਰਥ ਯਾਤਰੀ ਯੋਰੋਸ਼ਲਮ ਆਉਣ ਲੱਗੇ। ਕੁਝ ਉਥੇ ਹੀ ਵਸ ਜਾਂਦੇ। ਰੂਸ ਵਿਚੋਂ ਯਹੂਦੀਆਂ ਦੇ ਆਉਣ ਦੀ ਗਿਣਤੀ ਵਧੀ। ਰੂਸ ਨੇ ਵੀ ਦੇਸੋਂ ਬਾਹਰ ਜਾ ਕੇ ਵਸਣ ਦੀ ਪ੍ਰਵਾਨਗੀ ਦੇਣੀ ਸ਼ੁਰੂ ਕਰ ਦਿੱਤੀ ਕਿ ਰੂਸ ਦਾ ਪ੍ਰਭਾਵ ਸਿਆਸੀ ਤੌਰ 'ਤੇ ਫਲਸਤੀਨ ਵਿਚ ਕਾਇਮ ਹੋਵੇ, ਪਰ ਬਾਹਰੋਂ ਫਲਸਤੀਨ ਵਿਚ ਗਏ ਸਾਰੇ ਦੇਸਾਂ ਦੇ ਯਹੂਦੀ ਇੰਗਲੈਂਡ ਦੀ ਸਰਕਾਰ ਤੋਂ ਇਲਾਵਾ ਕਿਸੇ ਉਪਰ ਇਤਬਾਰ ਨਾ ਕਰਦੇ। ਹਾਲਤ ਇਹ ਕਿ ਉਨ੍ਹਾਂ ਨੂੰ ਨਾ ਸਿਆਸਤ ਦੀ ਸਮਝ ਸੀ, ਨਾ ਦਿਲਚਸਪੀ। ਉਹ ਤਾਂ ਕੇਵਲ ਜਾਨ ਬਚਾ ਕੇ ਦਿਨ-ਕਟੀ ਕਰਨ ਦੇ ਇਛੁਕ ਸਨ। ਹੋਰ ਸਰਕਾਰਾਂ ਉਨ੍ਹਾਂ ਸਦਕਾ ਕੋਈ ਸਿਆਸਤ ਕਰਦੀਆਂ ਹਨ, ਕਰੀ ਜਾਣ।

ਇਹੀ ਕਾਰਨ ਹੈ ਕਿ ਓਟੋਮਾਨ ਹਕੂਮਤ ਈਸਾਈਆਂ ਤੋਂ ਚਿੰਤਤ ਸੀ, ਯਹੂਦੀਆਂ ਤੋਂ ਨਹੀਂ। ਈਸਾਈਆਂ ਦਾ ਸੰਤੁਲਨ ਠੀਕ ਰੱਖਣ ਲਈ ਮੁਸਲਮਾਨਾਂ ਨੇ ਪਹਿਲੀ ਵਾਰ ਯੋਰੋਸ਼ਲਮ ਮੰਦਰ ਵਿਚ ਯਹੂਦੀਆਂ ਦਾ ਸ਼੍ਰੋਮਣੀ ਪੁਜਾਰੀ ਥਾਪ ਦਿੱਤਾ। ਕੁਲ ਆਬਾਦੀ ਦਾ ਲਗਭਗ ਅੱਧਾ ਹਿੱਸਾ ਉਸ ਦਾਨ ਉਪਰ ਗੁਜ਼ਾਰਾ ਕਰਦਾ ਸੀ ਜੋ ਬਾਹਰਲੇ ਦੇਸਾਂ ਦੇ ਯਹੂਦੀ ਦਇਆ ਕਰ ਕੇ ਦਿੰਦੇ ਸਨ। ਇਨ੍ਹਾਂ ਮੰਗਤਿਆਂ ਦੀ ਕਾਹਦੀ ਇੱਜ਼ਤ ਆਬਰੂ? ਦਾਨ ਵੰਡਣ ਵਾਲੇ ਖੁਦ ਭ੍ਰਿਸ਼ਟ ਸਨ। ਉਹ ਪੱਖਪਾਤ ਕਰਦੇ, ਆਪਣਾ ਹਿੱਸਾ ਵੱਖ ਕੱਢਦੇ, ਆਪਣੇ ਚਾਟੜਿਆਂ, ਰਿਸ਼ਤੇਦਾਰਾਂ ਨੂੰ ਗੱਫਾ ਵਧੀਕ ਦਿੰਦੇ, ਡੰਡੀ ਮਾਰਦੇ। ਰਹਿਣ ਵਾਸਤੇ ਨਿੱਕੇ ਨਿੱਕੇ ਮਕਾਨ ਉਸਾਰੇ ਗਏ, ਪਰ ਸ਼ਹਿਰ ਦੀ ਮੁੱਖ ਦੀਵਾਰ ਤੋਂ ਬਾਹਰਲੇ ਪਾਸੇ, ਜਿਵੇਂ ਆਜ਼ਾਦ ਭਾਰਤ ਵਿਚ ਪਿੰਡਾਂ ਤੋਂ ਬਾਹਰ ਹਰੀਜਨਾਂ ਦੀਆਂ ਵੱਖ ਬਸਤੀਆਂ ਉਸਾਰੀਆਂ ਗਈਆਂ ਸਨ।

ਸਾਲ 132 ਤੋਂ 135 ਈਸਵੀ ਤੱਕ ਯਹੂਦੀਆਂ ਨੇ ਰੋਮਨਾਂ ਵਿਰੁਧ ਬਗਾਵਤ ਕੀਤੀ ਜਿਸ ਵਿਚ ਯਹੂਦੀਆਂ ਨੂੰ ਲੱਕ ਤੋੜਵੀਂ ਹਾਰ ਹੋਈ, ਮੁੜ ਨਾ ਸੰਭਲ ਸਕੇ। ਇਸ ਸਮੇਂ ਰੋਮਨ ਹਕੂਮਤ ਨੇ ਇਜ਼ਰਾਈਲ ਦੇਸ ਦਾ ਨਾਂ ਬਦਲ ਕੇ ਫਲਸਤੀਨ ਰੱਖ ਦਿੱਤਾ। ਯਹੂਦੀਆਂ ਨੇ ਕਦੀ ਇਹ ਨਾਂ ਨਹੀਂ ਲਿਆ, ਨਾ ਇਸ ਸ਼ਬਦ ਦੇ ਮਾਇਨੇ ਸਮਝ ਵਿਚ ਆਏ।

ਦਿਲਚਸਪ ਤੱਥ ਇਹ ਕਿ ਇਸਲਾਮੀ ਹਕੂਮਤਾਂ ਦੌਰਾਨ ਵੱਖ ਵੱਖ ਦੇਸਾਂ ਵਿਚ ਯਹੂਦੀਆਂ ਨੂੰ ਰਿਆਇਤਾਂ ਮਿਲ ਜਾਂਦੀਆਂ, ਈਸਾਈਆਂ ਤੋਂ ਕਦੀ ਨਹੀਂ। ਮੁਸਲਮਾਨਾਂ ਨੇ ਵੀ ਰਿਆਇਤਾਂ ਦਿੱਤੀਆਂ ਕੇਵਲ, ਹੱਕ ਨਹੀਂ। 132 ਈਸਵੀ ਤੋਂ ਲੈ ਕੇ 1939-45 ਈਸਵੀ ਹਿਟਲਰ ਦੇ ਸਮੇਂ ਤਕ ਉਨ੍ਹਾਂ ਦੀ ਨਸਲਕੁਸ਼ੀ ਹੁੰਦੀ ਰਹੀ।



*ਯੋਰੋਸ਼ਲਮ ਦੀ ਇਹ ਦੁਰਲੱਭ ਤਸਵੀਰ ਫੋਟੋਗ੍ਰਾਫਰ ਫਰਾਂਸਿਸ ਬੈੱਡਫੋਰਡ (1815-94) ਨੇ 2 ਅਪਰੈਲ 1862 ਨੂੰ ਖਿੱਚੀ ਸੀ।*

ਈਸਾਈ ਤੇ ਇਸਲਾਮੀ ਹਕੂਮਤਾਂ ਵਕਤ ਅਜਿਹੀਆਂ ਪਾਬੰਦੀਆਂ ਉਨ੍ਹਾਂ ਉਪਰ ਆਮ ਸਨ; ਜਿਹਾ ਕਿ ਯਹੂਦੀ ਦੀ ਕਬਰ ਪੱਕੀ ਨਹੀਂ ਬਣੇਗੀ, ਘਰ ਉਪਰ ਪੱਕੀ ਮਾਲਕੀ ਨਹੀਂ, ਮਨਮਰਜ਼ੀ ਦਾ ਕਿੱਤਾ ਚੁਣਨ ਦਾ ਹੱਕ ਨਹੀਂ, ਮਨਚਾਹੀ ਥਾਂ 'ਤੇ ਪੂਜਾ ਪ੍ਰਾਰਥਨਾ ਕਰਨ ਦਾ, ਇਨਸਾਫ ਲੈਣ ਦਾ ਹੱਕ ਨਹੀਂ, ਜਾਇਦਾਦ ਖਰੀਦਣ ਦਾ ਹੱਕ ਨਹੀਂ, ਧਾਰਮਿਕ ਲਿਬਾਸ ਪਹਿਨਣ, ਹਥਿਆਰ ਰੱਖਣ ਦਾ ਹੱਕ ਨਹੀਂ, ਕੁਝ ਦੇਸਾਂ ਵਿਚ ਵਿਆਹ ਕਰਵਾਉਣ ਅਤੇ ਸੰਤਾਨ ਉਤਪਤੀ ਦਾ ਹੱਕ ਵੀ ਨਹੀਂ ਸੀ।

ਇਨ੍ਹਾਂ ਦੁਸ਼ਵਾਰੀਆਂ ਸਦਕਾ ਉਹ ਸੰਕਟ ਵਿਚੋਂ ਨਿਕਲਣ ਲਈ ਉਜੜ ਕੇ ਦੂਜੇ ਦੇਸ ਚਲੇ ਜਾਂਦੇ ਜਿਥੇ ਨਵੇਂ ਸੰਕਟ ਆਪਣਾ ਫਨ ਉਚਾ ਚੁੱਕੀ ਪਹਿਲੋਂ ਖੜ੍ਹੇ ਹੁੰਦੇ। ਕਈ ਵਾਰੀ ਆਪਣੀ ਸ਼ਨਾਖਤ ਛੁਪਾਉਣ ਵਾਸਤੇ ਨਵੇਂ ਸਮਾਜ, ਨਵੇਂ ਦੇਸ ਵਿਚ ਜਾ ਕੇ ਖਾਨਦਾਨੀ ਨਾਮ ਬਦਲ ਕੇ ਈਸਾਈ ਪ੍ਰਭਾਵ ਵਾਲਾ ਨਾਮ ਰੱਖ ਲੈਂਦੇ। ਪਤਾ ਲੱਗਣ 'ਤੇ ਦੂਹਰੀ ਨਫਰਤ ਦਾ ਸ਼ਿਕਾਰ ਹੁੰਦੇ। ਯਹੂਦੀ ਨਾਟ-ਨਿਰਦੇਸ਼ਕ ਹਮੇਸ਼ਾ ਸਾਵਧਾਨ ਰਹਿੰਦੇ ਕਿ ਕੋਈ ਅਜਿਹਾ ਨਾਟਕ ਨਾ ਦਿਖਾਇਆ ਜਾਵੇ ਜਿਸ ਵਿਚ ਕਿਸੇ ਤਰ੍ਹਾਂ ਯਹੂਦੀ ਕਲਚਰ ਚੰਗਾ ਪ੍ਰਭਾਵ ਪੈਦਾ ਕਰਦਾ ਹੋਵੇ। ਸ਼ਾਇਦ ਬਹੁ-ਗਿਣਤੀ ਵਿਚ ਘੁਲ ਜਾਈਏ, ਪਿੰਡਾਂ ਵਲੋਂ ਸ਼ਹਿਰਾਂ ਵਿਚ ਵਸਣ ਦਾ ਰੁਖ ਕਰਦੇ, ਤਾਂ ਵੀ ਜਨਮ ਦਰ ਘਟਦੀ ਰਹੀ। ਸਾਲ 1933 ਵਿਚ ਯੂਰਪ ਵਿਚ ਅਜਿਹੀ ਨੌਬਤ ਵੀ ਆਈ ਜਦੋਂ ਬੱਚਿਆਂ ਦੀ ਮਰਨ ਦਰ, ਜਨਮ ਦਰ ਤੋਂ ਵਧ ਗਈ, 45 ਫੀਸਦੀ ਯਹੂਦੀ ਉਹ ਸਨ ਜਿਹੜੇ 45 ਸਾਲ ਦੀ ਉਮਰੋਂ ਵਧ ਸਨ।

ਜਿਸ ਇਲਾਕੇ ਵਿਚ ਯਹੂਦੀ ਵਸ ਰਿਹਾ ਹੈ, ਉਥੇ ਉਹ ਅਮਨ-ਸ਼ਾਂਤੀ, ਇਕਸੁਰਤਾ ਅਤੇ ਦੋਸਤਾਨਾ ਮਾਹੌਲ ਵਿਚ ਰਹਿ ਰਿਹਾ ਹੈ ਕਿ ਨਹੀਂ। ਇੰਨਾ ਕਾਫੀ ਨਹੀਂ, ਦੇਖਣਾ ਇਹ ਵੀ ਹੈ ਕਿ ਉਸ ਦਾ ਆਲਾ-ਦੁਆਲਾ ਵੀ ਉਸ ਕਰ ਕੇ ਅਮਨ-ਸ਼ਾਂਤੀ ਨਾਲ ਰਹਿ ਰਿਹਾ ਹੈ ਕਿ ਨਹੀਂ। ਵੀਹਵੀਂ ਸਦੀ ਦੇ ਪਹਿਲੇ ਅੱਧ ਦਾ ਯਹੂਦੀ ਪਰਿਵਾਰਕ ਅੰਕੜਾ ਗ੍ਰਾਫ ਤਿਆਰ ਕੀਤਾ ਗਿਆ। ਸੌ ਯਹੂਦੀ ਕੁੜੀਆਂ ਵਿਚੋਂ ਦੋ ਈਸਾਈ ਹੋ ਗਈਆਂ, 22 ਛੜੀਆਂ ਜਾਂ ਸੰਤਾਨਹੀਣ ਰਹੀਆਂ, ਤਿੰਨ ਦੇ ਨਾਜਾਇਜ਼ ਔਲਾਦ ਹੋਈ, 18 ਨੇ ਗ਼ੈਰ-ਯਹੂਦੀਆਂ ਨਾਲ ਵਿਆਹ ਕਰਵਾਏ ਤੇ 55 ਨੇ 118 ਬੱਚਿਆਂ ਨੂੰ ਔਸਤਨ ਜਨਮ ਦਿੱਤਾ। ਇਸ ਗ੍ਰਾਫ ਤੋਂ ਉਨ੍ਹਾਂ ਦੀ ਗਿਣਤੀ ਦੀ ਘਟ ਰਹੀ ਅਨੁਪਾਤ ਦਾ ਪਤਾ ਲਗਦਾ ਹੈ।

ਈਵਾਨ ਚੌਥੇ (ਰੂਸ ਵਿਚ ਉਹਨੂੰ ਦਰਿੰਦਾ ਈਵਾਨ ਕਿਹਾ ਗਿਆ) ਨੇ ਪੋਲੈਂਡ ਦੇ ਬਾਦਸ਼ਾਹ ਨੂੰ ਇਤਲਾਹ ਦਿੱਤੀ ਕਿ ਇਥੇ ਵੱਸਦੇ ਯਹੂਦੀ, ਈਸਾਈਆਂ ਵਾਸਤੇ ਖਤਰਾ ਹਨ, ਉਨ੍ਹਾਂ ਕੋਲ ਅਜੀਬੋ-ਗਰੀਬ ਮਾਰੂ ਜੜੀ-ਬੂਟੀਆਂ ਹਨ। ਆਗਿਆ ਹੋਵੇ ਤਾਂ ਇਨ੍ਹਾਂ ਦਾ ਇਲਾਜ ਕਰ ਦਈਏ? ਉਸ ਨੇ 1563 ਵਿਚ ਮੁਹਿੰਮ ਦਾ ਆਗਾਜ਼ ਕਰ ਦਿੱਤਾ, ਈਸਾਈ ਧਰਮ ਵਿਚ ਆ ਜਾਉ। ਜਿਹੜੇ ਨਹੀਂ ਮੰਨੇ, ਦਵੀਨਾ ਦਰਿਆ ਵਿਚ ਡੋਬ ਦਿੱਤੇ। ਰੂਸ ਵਿਚ ਜਿਥੇ ਜੀ ਕਰੇ, ਯਹੂਦੀ ਨਹੀਂ ਵੱਸ ਸਕਦੇ। ਉਨ੍ਹਾਂ ਲਈ ਖੇਤਰ ਨਿਸ਼ਚਿਤ ਸੀ ਜਿਸ ਨੂੰ ਪੇਲ ਏਰੀਆ ਕਿਹਾ ਜਾਂਦਾ। ਉਥੇ ਵੀ ਉਹ ਖਾਸ ਗਿਣਤੀ ਤੋਂ ਵਧੀਕ ਬਸਤੀ ਨਹੀਂ ਵਸਾ ਸਕਦੇ। ਯੂਰਪ ਵਿਚ 1800 ਤੋਂ 1950 ਈਸਵੀ ਤੱਕ ਯਹੂਦੀਆਂ ਦਾ ਅਨੁਪਾਤ 1.5 ਫੀਸਦੀ ਰਿਹਾ ਤੇ ਆਖਰ ਤੱਕ 2 ਫੀਸਦੀ ਤੋਂ ਕਦੀ ਵਧੀਕ ਨਾ ਹੋਇਆ।

ਹਿੰਦੁਸਤਾਨ ਵਿਚ ਬਹੁਤ ਸਾਰੇ, ਪਰ ਪੰਜਾਬ ਵਿਚ ਵੀ ਥੋੜ੍ਹੇ ਕੁ ਟੱਪਰੀਵਾਸ ਕਬੀਲੇ ਅਜਿਹੇ ਹਨ ਜਿਹੜੇ ਜੇ ਇਕ ਥਾਂ ਪੱਕੇ ਵੱਸਣ ਦਾ ਫੈਸਲਾ ਕਰ ਵੀ ਲੈਣ, ਤਾਂ ਵੀ ਵੱਖਰੀਆਂ ਬਸਤੀਆਂ ਵਿਚ ਇਕੱਠੇ ਵਸਦੇ ਹਨ। ਬਾਕੀ ਦੀ ਆਮ ਵੱਸੋਂ ਵਿਚ ਘੁਲਦੇ-ਮਿਲਦੇ ਨਹੀਂ, ਜਿਵੇਂ ਬਾਜ਼ੀਗਰ, ਢਹੇ, ਸਾਂਸੀ, ਸਿਕਲੀਗਰ, ਢਾਕੇ ਬੰਗਾਲੇ ਆਦਿ। ਇਨ੍ਹਾਂ ਦੀ ਬੋਲੀ, ਤਿਉਹਾਰ, ਰਸਮਾਂ ਸਭ ਆਪੋ-ਆਪਣੀਆਂ ਹਨ। ਇਵੇਂ ਹੀ ਯਹੂਦੀ ਵੱਖਰੀਆਂ ਬਸਤੀਆਂ ਵਿਚ ਰਹਿੰਦੇ ਤੇ ਸੁੰਨਤ ਤੋਂ ਲੈ ਕੇ ਦਫਨ ਕਰਨ ਤਕ ਸਭ ਪੁਰਾਣੀਆਂ ਰਸਮਾਂ ਕਾਇਮ ਰੱਖਦੇ। ਹਲਾਲ ਗੋਸ਼ਤ ਖਾਣਗੇ, ਨਹੀਂ ਤਾਂ ਸਾਕਾਹਾਰੀ ਭੋਜਨ ਕਰਨਗੇ। ਆਪਣੀਆਂ ਆਬਾਦੀਆਂ ਜਿਨ੍ਹਾਂ ਨੂੰ ਗੇਟੋ (ਸ਼ਹਿਰ ਅੰਦਰ ਵੱਖਰੀ ਬਸਤੀ) ਕਹਿੰਦੇ ਸਨ, ਵਿਚ ਵਿਧਵਾਵਾਂ, ਯਤੀਮਾਂ ਦਾ ਪਾਲਣ-ਪੋਸ਼ਣ, ਪਰੰਪਰਕ ਵਿਦਿਆ, ਗਰੀਬਾਂ ਦਾ ਆਹਾਰ, ਆਪਸੀ ਝਗੜੇ, ਸਥਾਨਕ ਵਸੋਂ ਨਾਲ ਝਗੜੇ ਆਦਿ ਦਾ ਨਿਬੇੜਾ ਜਿਵੇਂ ਸੰਭਵ ਹੋਵੇ, ਕਰਦੇ। ਵਿਹਾਰ ਲਈ ਸਥਾਨਕ ਅਤੇ ਆਪਸ ਵਿਚ ਯਿਦਿਸ਼ ਬੋਲੀ ਬੋਲਦੇ। ਪੱਛਮੀ ਯੂਰਪ ਵਿਚ ਆਬਾਦ ਯਹੂਦੀਆਂ ਨਾਲੋਂ ਪੂਰਬੀ ਹਿੱਸੇ ਦੀ ਵਸੋਂ ਵਧੀਕ ਪਛੜੀ ਹੋਈ ਸੀ। ਲਗਦੀ ਵਾਹ, ਪੂਰਬੀਏ ਪੱਛਮ ਵਿਚ ਪਰਵਾਸ ਕਰਦੇ ਰਹੇ। ਪੁਨਰਜਾਗਰਣ ਵਰਗੀਆਂ ਲਹਿਰਾਂ ਸਦਕਾ ਪੱਛਮ ਵਿਚ ਜੀਵਨ, ਪੂਰਬ ਦੇ ਮੁਕਾਬਲੇ ਸਨਮਾਨਜਨਕ ਮਿਲਦਾ,

*(ਬਾਕੀ ਅਗਲੇ ਸਫੇ 'ਤੇ)*

ਭਾਵੇਂ ਸਥਾਨਕ ਨਾਗਰਿਕਾਂ ਦੀ ਬਰਾਬਰੀ ਦੇ ਹੱਕਦਾਰ ਕਿਤੇ ਵੀ ਨਹੀਂ ਰਹੇ। ਪੱਛਮ ਦੇ ਯਹੂਦੀ ਕਈ ਵਾਰ ਵਪਾਰ ਵਿਚ ਸਫਲ ਹੋ ਜਾਂਦੇ, ਲਿਆਕਤ ਸਦਕਾ ਹੁਕਮਰਾਨਾਂ ਦੇ ਸਲਾਹਕਾਰ ਲੱਗ ਜਾਂਦੇ, ਤਦ ਉਹ ਆਪਣੇ ਪਾਦਰੀਆਂ ਰਾਹੀਂ ਲੋੜਵੰਦ ਗਰੀਬ ਯਹੂਦੀ ਬਸਤੀਆਂ ਦੀ ਮਾਇਕ ਅਤੇ ਵਿਦਿਅਕ ਮਦਦ ਕਰਦੇ। ਦਲਿਤ ਬਸਤੀਆਂ ਵਿਚ ਆਪਸੀ ਭਾਈਚਾਰਕ ਮਿਲਾਪ ਦੀਆਂ ਕੜੀਆਂ ਮਜ਼ਬੂਤ ਹੁੰਦੀਆਂ, ਕਿਉਂਕਿ ਇਹੋ ਉਨ੍ਹਾਂ ਦੀ ਹੋਂਦ ਬਚਾਉਣ ਦਾ ਸਾਧਨ ਸੀ।

ਫੌਜਾਂ ਵਿਚ ਭਰਤੀ ਦੇ ਤਰੀਕੇ, ਵਿਧੀ-ਵਿਧਾਨ ਵੀ ਅਜੀਬ ਹੁੰਦਾ। ਰੂਸ ਦੀ ਉਦਾਹਰਣ ਲੈਂਦੇ ਹਾਂ। ਜ਼ਾਰ ਦਾ ਹੁਕਮ ਸੀ ਕਿ ਇਕ ਹਜ਼ਾਰ ਯਹੂਦੀ ਆਬਾਦੀ ਪਿਛੇ ਦਸ ਜੁਆਨ ਭਰਤੀ ਕੀਤੇ ਜਾਣਗੇ। ਬਾਕੀ ਆਬਾਦੀ ਲਈ ਇਹ ਗਿਣਤੀ ਸੱਤ ਪ੍ਰਤੀ ਹਜ਼ਾਰ ਸੀ। ਬਾਕੀ ਆਬਾਦੀ ਲਈ ਭਰਤੀ ਦੀ ਉਮਰ 18 ਸਾਲ ਹੋਵੇਗੀ, ਪਰ ਯਹੂਦੀ ਲਈ ਉਮਰ 12 ਸਾਲ। ਇੰਨੀ ਛੋਟੀ ਉਮਰ ਦੇ ਬੱਚਿਆਂ ਨੂੰ ਮੁਢਲੀ ਪੜ੍ਹਾਈ ਅਤੇ ਟ੍ਰੇਨਿੰਗ ਦੇਣ ਦੇ ਨਾਮ ਹੇਠ ਈਸਾਈ ਮੱਤ ਦੀ ਸਿਖਿਆ ਦੇ ਕੇ ਧਰਮ ਬਦਲੀ ਵਾਸਤੇ ਪ੍ਰੇਰਿਆ ਜਾਂਦਾ। ਲਾਲਚ ਅਤੇ ਡਰ ਦੋਵੇਂ ਤਰੀਕੇ ਵਰਤੇ ਜਾਂਦੇ। ਯਹੂਦੀ ਰਵਾਇਤਾਂ ਦੀ ਨਿੱਤ ਖਿੱਲੀ ਉਡਾ ਕੇ ਦੱਸਿਆ ਜਾਂਦਾ, ਉਹ ਕਿੰਡੇ ਜਾਹਲ ਹਨ। ਪੱਚੀ ਸਾਲ ਦੀ ਜਬਰਨ ਫੌਜੀ ਸਰਵਿਸ ਵਿਚ 12 ਤੋਂ 18 ਸਾਲ ਦੀ ਉਮਰ ਵਾਲੇ 6 ਸਾਲ ਨਾ ਗਿਣੇ ਜਾਂਦੇ। ਟਾਲਸਟਾਇ ਅਨੁਸਾਰ ਉਨ੍ਹਾਂ ਦਿਨਾਂ ਦੀ ਭਰਤੀ ਮੌਤ ਦੀ ਸਜ਼ਾ ਵਰਗੀ ਹੁੰਦੀ। ਸਿਪਾਹੀ ਰੁੱਖ ਨਾਲੋਂ ਟੁੱਟੀ ਟਾਹਣੀ ਵਾਂਗ ਹੁੰਦਾ। ਘਰ ਪਰਿਵਾਰ ਬਾਰੇ ਸੋਚ ਕੇ ਕਾਹਨੂੰ ਦੁਖੀ ਹੋਣਾ ਹੋਇਆ।

ਭਰਤੀ ਦਾ ਇਹ ਨਿਸ਼ਚਿਤ ਕੋਟਾ ਪੂਰਾ ਕਰਨ ਲਈ ਕਬੀਲੇ ਦਾ ਮੁਖੀ ਖੁਦ ਜ਼ਿੰਮੇਵਾਰ ਹੁੰਦਾ। ਜਿਵੇਂ ਟੈਕਸ ਇੱਕਠਾ ਕਰ ਕੇ ਸਟੇਟ ਨੂੰ ਦੇਣਾ, ਉਵੇਂ ਭਰਤੀ ਵਾਸਤੇ ਸਿਪਾਹੀ। ਦਸ ਦਸ ਸਾਲ ਦੇ ਬੱਚੇ ਜਬਰਨ ਫੜ ਕੇ ਫੌਜ ਨੂੰ ਸੌਂਪੇ ਜਾਂਦੇ। ਅਲੈਗਜ਼ਾਂਦਰ ਹਰਜ਼ਲ ਨੇ ਇਸੇ ਤਰ੍ਹਾਂ ਦਾ ਫੌਜੀ ਕਾਰਵਾਂ ਜਾਂਦਾ ਦੇਖ ਕੇ ਕਿਹਾ ਸੀ,

ਬਰਫਾਨੀ ਹਵਾ ਵਿਚ ਜਿਸਮ ਦੁਆਲੇ
ਲੀਰਾਂ ਲਪੇਟੀ ਫੌਜੀ ਬੱਚੇ ਤੁਰਦੇ,
ਮਾਰਚ ਕਰਦੇ ਜਾਂਦੇ ਦੇਖੇ,
ਕਬਰਿਸਤਾਨ ਵੱਲ ਜਾਂਦਾ
ਰਸਤਾ ਤੈਅ ਕਰਦੇ।

ਸਟੇਟ ਨੇ ਕਬੀਲਾ ਮੋਹਰੀਆਂ ਰਾਹੀਂ ਖੁਦਕੁਸ਼ੀ ਦਾ ਇਹ ਦਰਵਾਜ਼ਾ ਖੋਲ੍ਹਿਆ ਹੋਇਆ ਸੀ। ਆਗੂ ਨੂੰ ਇਹ ਸਹੂਲਤ ਸੀ ਕਿ ਉਸ ਦੇ ਬੱਚੇ ਭਰਤੀ ਨਹੀਂ ਕੀਤੇ ਜਾਣਗੇ। ਸਰਕਾਰ ਦੇ ਪਾਲੇ ਹੋਏ ਅਜਿਹੇ ਗ੍ਰੋਹ ਮੌਜੂਦ ਸਨ ਜਿਹੜੇ ਭਰਤੀ ਤੋਂ ਬਚੇ ਭਗੌੜਿਆਂ ਨੂੰ ਫੜ ਕੇ ਕਪਤਾਨ ਅੱਗੇ ਪੇਸ਼ ਕਰਦੇ। ਇਹੋ ਜਿਹੇ ਬਦਮਾਸ਼ਾਂ ਤੋਂ ਬਚਣ ਵਾਸਤੇ ਮਾਪੇ ਬਚਿਆ-ਖੁਚਿਆ ਪੈਸਾ ਵੀ ਕਿਸੇ ਖੂੰਜੇ ਵਿਚ ਦੱਬ ਕੇ ਰਖਦੇ। ਭਰਤੀ ਵਾਸਤੇ ਨਰ ਬੱਚਿਆਂ ਦੀ ਗਿਣਤੀ ਕਿਸੇ ਵਜ੍ਹਾ ਕਾਰਨ ਕੋਟੇ ਤੋਂ ਘਟ ਰਹਿ ਜਾਂਦੀ। ਭਰਤੀ ਦੀ ਉਮਰ ਬਾਰਾਂ ਤੋਂ ਦਸ ਜਾਂ ਅੱਠ ਸਾਲ ਤੱਕ ਵੀ ਹੇਠਾਂ ਵਲ ਸਰਕ ਜਾਂਦੀ। ਇਹ ਬੱਚੇ ਉਨ੍ਹਾਂ ਮਾਪਿਆਂ ਦੇ ਹੁੰਦੇ ਜਿਨ੍ਹਾਂ ਕੋਲ ਰਿਸ਼ਵਤ ਦੇਣ ਵਾਸਤੇ ਧੇਲਾ ਨਾ ਹੁੰਦਾ,

ਗਲੀਆਂ ਵਿਚ ਸਿਸਕਦੇ
ਮਾਪਿਆਂ ਬੱਚਿਆਂ ਦੇ ਹੰਝੂ।
ਪਾਣੀ ਨਾਲ ਕਿਉਂ,
ਬੱਚਿਆਂ ਦੇ ਖੂਨ ਵਿਚ ਨਹਾਉ।
ਮਾਂਵਾਂ ਦੀਆਂ ਬਾਹਵਾਂ ਵਿਚੋਂ
ਨਿੱਕੇ ਬਚੇ ਧੂਏ ਜਾਂਦੇ
ਫੌਜੀ ਵਰਦੀਆਂ ਪਹਿਨਾਈਆਂ ਜਾਂਦੀਆਂ
ਕਬੀਲਾ ਮੁਖੀ ਦੇ ਸੱਤ ਜੁਆਨ ਬੇਟੇ,
ਕੋਈ ਭਰਤੀ ਨਹੀਂ ਹੋਏਗਾ
ਵਿਧਵਾ ਮਾਂ ਦਾ ਇਕਲੌਤਾ ਬੱਚਾ ਖੋਹ ਲਿਆ
ਭੁਗਤਣ ਵਡੇਰਿਆਂ ਵਲੋਂ
ਕੀਤੇ ਗੁਨਾਹਾਂ ਦੀ ਸਜ਼ਾ।

ਇਸ ਮਾਹੌਲ ਵਿਚ ਉਠੀਆਂ ਬਗਾਵਤਾਂ ਦਬਾ ਦਿੱਤੀਆਂ ਜਾਂਦੀਆਂ। ਖਬਰਾਂ ਫੈਲਣ ਤੋਂ ਰੋਕੀਆਂ ਜਾਂਦੀਆਂ। ਕਬੀਲੇ ਦਾ ਮੋਢੀ ਜੇ ਆਪਣੇ ਗ੍ਰੋਹ ਦੇ ਬੱਚਿਆਂ ਦਾ ਹਮਦਰਦ ਹੋਏਗਾ, ਤਾਂ ਫਿਰ ਖੁਦ ਦੀ ਕੁਰਬਾਨੀ ਲਈ ਤਿਆਰ ਰਹੇ। ਕਬੀਲਾ ਮੁਖੀ ਕੋਟਾ ਪੂਰਾ ਨਹੀਂ ਕਰ ਸਕਿਆ ਤਾਂ ਉਸ ਦਾ ਸਜ਼ਾ ਵਜੋਂ ਕੋਟਾ ਦੁੱਗਣਾ ਕਰ ਦਿੱਤਾ ਜਾਂਦਾ। ਜੇਲ੍ਹ ਭੇਜ ਦਿੱਤਾ ਜਾਂਦਾ। ਇਸ ਪਾਲਿਸੀ ਦੇ ਕਈ ਲਾਭ ਸਨ-ਯਹੂਦੀਆਂ ਦੀ ਆਬਾਦੀ ਕਾਬੂ ਵਿਚ ਰਹਿੰਦੀ, ਈਸਾਈ ਧਰਮ ਵੱਲ ਜਾਣ ਦਾ ਰੁਝਾਨ ਬਣਦਾ, ਪਰਜਾ ਸਾਊ ਬਣੀ ਰਹਿੰਦੀ। ਇਸ ਨਾਲ ਲਾਭਦਾਇਕ ਅਤੇ ਹਾਨੀਕਾਰਕ ਯਹੂਦੀਆਂ ਦਾ ਪਤਾ ਲਗਦਾ ਰਹਿੰਦਾ। ਰੂਸੀ ਯਹੂਦੀ ਬਸਤੀਆਂ ਲਈ ਰਾਖਵੇਂ ਇਲਾਕੇ ਪੇਲ ਵਿਚ ਹਿਬਰੂ ਤੇ ਯਿਦਿਸ਼ ਬੋਲੀ ਬੋਲਣ ਦੀ ਮਨਾਹੀ ਸੀ ਅਤੇ ਯਹੂਦੀਆਂ ਦਾ ਨਿਸ਼ਚਿਤ ਢੰਗ ਦਾ ਲਿਬਾਸ ਸੀ।


1841 ਵਿਚ ਸਿੱਖਿਆ ਮੰਤਰੀ ਉਵਾਰੋਵ ਨੇ ਦੇਖਿਆ ਕਿ ਯਹੂਦੀਆਂ ਦੇ ਪਛੜੇਵੇਂ ਦਾ ਕਾਰਨ ਉਨ੍ਹਾਂ ਦੇ ਧਰਮ ਗ੍ਰੰਥ ਹਨ। ਸੋ ਬੱਚਿਆਂ ਨੂੰ ਈਸਾਈਆਂ ਦੇ ਧਰਮ ਗ੍ਰੰਥ ਪੜ੍ਹਾਉਣ ਦੇ ਹੁਕਮ ਹੋਏ। ਉਨ੍ਹਾਂ ਦਿਨਾਂ ਵਿਚ ਤਾਂ ਆਮ ਬੱਚੇ ਬੜੀ ਘੱਟ-ਗਿਣਤੀ ਵਿਚ ਸਕੂਲ ਜਾਂਦੇ, ਯਹੂਦੀਆਂ ਨੇ ਕੀ ਜਾਣਾ ਸੀ! ਇਹ ਵਿਦਿਆ ਉਸੇ ਤਰਜ਼ ਦੀ ਹੈ, ਅਠਾਹਰਵੀਂ ਸਦੀ ਵਿਚ ਮੁਗਲ ਸਟੇਟ ਹੁਕਮ ਦਿੰਦੀ ਕਿ ਜਿਸ ਨੇ ਸਹੀ ਵਿਦਿਆ ਪ੍ਰਾਪਤ ਕਰਨੀ ਹੈ, ਮਸਜਿਦ ਵਿਚ ਮੌਲਵੀ ਪਾਸ ਜਾਏ ਤੇ ਪੜ੍ਹੇ; ਇਸ ਨਾਲ ਕਿੰਨੀ ਕੁ ਗੈਰ-ਮੁਸਲਿਮ ਗਿਣਤੀ ਵਿਦਿਆ ਦੀ ਸ਼ੁਕੀਨ ਰਹੇਗੀ? ਇਸ ਆਧੁਨਿਕ ਵਿਦਿਆ ਵਾਸਤੇ ਯਹੂਦੀ ਜਿਵੇਂ ਅੰਨ੍ਹੇ ਬੋਲੇ ਜਿਹੇ ਹੋ ਗਏ। ਉਨ੍ਹਾਂ ਨੂੰ ਲਗਦਾ, ਜੇ ਆਪਣੇ ਪੁਰਾਣੇ ਧਰਮ ਗ੍ਰੰਥ, ਬੋਲੀ, ਕਲਚਰ ਨੂੰ ਭੁਲ ਗਏ; ਫਿਰ ਤਾਂ ਇਉਂ ਹੋਵੇਗਾ ਜਿਵੇਂ ਕਿਸੇ ਦੀ ਯਾਦਦਾਸ਼ਤ ਗੁੰਮ ਗਈ ਹੋਵੇ। ਅਸੀਂ ਬਾਕੀ ਕੌਮਾਂ, ਧਰਮਾਂ, ਰਵਾਇਤਾਂ, ਆਦਤਾਂ ਤੋਂ ਵੱਖਰੇ ਹਾਂ; ਕੀ ਹੋਇਆ ਸਾਡੇ ਕੋਲ ਧਰਤੀ ਦਾ ਕੋਈ ਟੁਕੜਾ ਨਹੀਂ, ਜਿਥੇ ਸਾਡੀ ਮਾਲਕੀ ਹੋਵੇ। ਅਸੀਂ ਕੌਮ ਤਾਂ ਹਾਂ, ਖਿੰਡੀ-ਪੁੰਡੀ ਕੌਮ, ਰੂਹਾਨੀ ਤੌਰ 'ਤੇ ਅਮੀਰ ਕੌਮ। ਅਸੀਂ ਪੈਗੰਬਰਾਂ ਦੀ ਔਲਾਦ ਹਾਂ। ਤੌਰੇਤ ਗ੍ਰੰਥ ਅਤੇ ਹਿਬਰੂ ਜ਼ਬਾਨ ਸਾਡਾ ਦੇਸ ਹੈ। ਇਸ ਦੇਸ ਵਿਚ ਸਾਨੂੰ ਟਿਕੇ ਰਹਿਣ ਦਿਉ। ਅਸੀਂ ਵਰਤਮਾਨ ਵੱਲ ਗਹੁ ਨਾਲ ਦੇਖਦਿਆਂ ਭਵਿਖ ਵੱਲ ਤੁਰ ਰਹੇ ਹਾਂ, ਪਰ ਸਾਡੇ ਸਟਰਾਂਗ ਰੂਮ ਵਿਚਲੇ ਡੱਬਿਆਂ ਵਿਚ ਸਾਡਾ ਕੀਮਤੀ ਭੂਤਕਾਲ ਸਾਂਭਿਆ ਹੋਇਆ ਹੈ। ਯਹੂਦੀਆਂ ਨੂੰ ਲਗਦਾ ਕਿ ਭੂਤਕਾਲ ਦਾ ਜੋ ਭਾਰ ਅਸੀਂ ਚੁੱਕੀ ਤੁਰੇ ਜਾ ਰਹੇ ਹਾਂ, ਸਾਨੂੰ ਸੁਖਦਾਈ ਲਗਦਾ ਹੈ। ਸਾਨੂੰ ਦੇਖਣ ਵਾਲੇ ਕਿਉਂ ਪਸੀਨੋ-ਪਸੀਨਾ ਹੋ ਰਹੇ ਹਨ? ਯਹੂਦਾ ਗੋਰਦਨ (1830-92) ਨੇ 'ਮੇਰੇ ਲੋਕ ਮੇਰਾ ਦੇਸ' ਨਜ਼ਮ ਲਿਖੀ,

ਮੇਰੇ ਅਦਨ ਦੇਸ ਦਾ ਦਰ
ਤੁਹਾਡੇ ਲਈ ਖੁੱਲ੍ਹਿਆ
ਇਸ ਦੇਸ ਦੇ ਬਾਸ਼ਿੰਦੇ
ਤੁਹਾਨੂੰ ਭਰਾ ਆਖਦੇ
ਤੁਸੀਂ ਉਨ੍ਹਾਂ ਦੀਆਂ ਬਾਹਵਾਂ ਤੋਂ ਦੂਰ ਕਿਉਂ?

ਜੋ ਘਟਨਾਵਾਂ ਅਕਸਰ ਵਾਪਰਦੀਆਂ, ਉਨ੍ਹਾਂ ਵਿਚੋਂ ਅਪਰੈਲ 1882 ਬਲਟਾ ਨਗਰ ਵਿਚ ਵਾਪਰੀ ਹਿੰਸਾ ਨਮੂਨੇ ਵਜੋਂ ਹੈ,

ਬਾਅਦ ਦੁਪਹਿਰ 10 ਅਪਰੈਲ ਸ਼ਾਮੀ ਤਿੰਨ ਵਜੇ ਯਹੂਦੀ ਬਸਤੀ ਉਪਰ ਦੰਗਈਆਂ ਨੇ ਹੱਲਾ ਬੋਲਿਆ। ਯਹੂਦੀ ਮੁਕਾਬਲਾ ਕਰਨ ਲਈ ਤਿਆਰ ਸਨ, ਪਰ ਪੁਲਿਸ ਨੇ ਬੰਦੂਕਾਂ ਦੇ ਬੱਟ ਮਾਰ ਮਾਰ ਖਦੇੜ ਦਿੱਤੇ। ਅਗਲੀ ਸਵੇਰ 11 ਅਪਰੈਲ ਅੱਠ ਵਜੇ 600 ਕਿਸਾਨ ਆਢ-ਗੁਆਂਢ ਵਿਚੋਂ ਇੱਕਠੇ ਹੋ ਕੇ ਆ ਗਏ, ਤੇ ਬੇਰੋਕ ਹੱਲਾ ਬੋਲਿਆ। ਲੁੱਟ-ਮਾਰ, ਅਗਜ਼ਨੀ, ਤੋੜ-ਭੰਨ ਤੇ ਬਲਾਤਕਾਰ। ਰੌਂਗਟੇ ਖੜ੍ਹੇ ਕਰਨ ਵਾਲੇ ਕਾਰੇ ਸਨ। 211 ਜ਼ਖਮੀ ਹੋਏ, 39 ਗੰਭੀਰ ਤੇ 9 ਮੌਤਾਂ; 976 ਘਰ ਤੇ 253 ਦੁਕਾਨਾਂ ਸਾੜ ਕੇ ਸੁਆਹ ਕਰ ਦਿੱਤੀਆਂ। ਬਚੇ ਭੁੱਖ ਨਾਲ ਮਰਨ ਲੱਗੇ। ਡਾਕਖਾਨੇ ਦੇ ਮੁਲਾਜ਼ਮਾਂ ਨੇ ਅਧਿਕਾਰੀਆਂ ਨੂੰ ਤਾਰਾਂ ਭੇਜਣ ਤੋਂ ਨਾਂਹ ਕਰ ਦਿੱਤੀ। ਆਖਰ ਗਵਰਨਰ ਆਇਆ, 200 ਦੰਗਾਕਾਰੀ ਗ੍ਰਿਫਤਾਰ ਕੀਤੇ। ਮੁਕੱਦਮਾ ਚਲਾ ਕੇ 7 ਦਿਨ ਤੋਂ ਲੈ ਕੇ ਤਿੰਨ ਮਹੀਨਿਆਂ ਤੱਕ ਦੀਆਂ ਸਜ਼ਾਵਾਂ ਹੋਈਆਂ।

ਇਨ੍ਹਾਂ ਹਿੰਸਕ ਘਟਨਾਵਾਂ ਦੇ ਤੱਥ ਹਰ ਦੇਸ ਵਿਚ ਮਿਲਦੇ-ਜੁਲਦੇ ਹੁੰਦੇ। ਮਸਲਨ, ਸਰਕਾਰੀ ਸੈਂਸਰਸ਼ਿਪ ਦੇ ਬਾਵਜੂਦ ਅਖਬਾਰ ਯਹੂਦੀਆਂ ਵਿਰੁਧ ਭੜਕਾਊ ਮਸਾਲਾ ਛਾਪਦੇ, ਭਵਿਖਵਾਣੀਆਂ ਲਿਖੀਆਂ ਹੁੰਦੀਆਂ, "ਬੁਰੇ ਸਮੇਂ ਆ ਰਹੇ ਹਨ, ਯਹੂਦੀ ਸਾਜ਼ਿਸ਼ਾਂ ਰਚ ਰਹੇ ਹਨ, ਭੜਕਾਊ ਲਿਖਤਾਂ ਵੰਡ ਰਹੇ ਹਨ, ਜ਼ਾਰ ਬਾਦਸ਼ਾਹ ਦਾ ਕਤਲ ਤੱਕ ਹੋ ਸਕਦਾ ਹੈ।" ਯਹੂਦੀਆਂ ਵਿਰੁਧ ਪੋਸਟਰ ਲਾਏ ਜਾਂਦੇ, ਪੈਂਫਲਿਟ ਵੰਡੇ ਜਾਂਦੇ। ਪੈਂਫਲਿਟ ਹੱਥ-ਲਿਖਤ ਵੀ ਹੁੰਦੇ, ਸਾਈਕਲੋਸਟਾਈਲ ਵੀ। ਸਾਫ ਹੈ, ਹਮਲੇ ਜਥੇਬੰਦਕ ਹੁੰਦੇ। ਜੇ ਇਹ ਨਾ ਵੀ ਮੰਨੋ ਕਿ ਸਰਕਾਰ ਅਜਿਹਾ ਕਰਵਾਉਂਦੀ ਸੀ, ਤਾਂ ਵੀ ਸਰਕਾਰ ਖਾਮੋਸ਼ ਦਰਸ਼ਕ ਤਾਂ ਸੀ। ਜ਼ਾਰ ਅਲੈਗਜ਼ਾਂਦਰ ਦੂਜੇ ਦੇ ਕਤਲ ਪਿਛੋਂ ਯਹੂਦੀਆਂ 'ਤੇ ਨਿਸ਼ਾਨੇ ਸਾਧਣੇ ਸੌਖਾ ਕੰਮ ਹੋ ਗਿਆ। ਮਕਤੂਲਾਂ ਨਾਲ ਨਹੀਂ, ਹਮਲਾਵਰਾਂ ਨਾਲ ਹਮਦਰਦੀ ਹੁੰਦੀ। ਖੂਨੀ ਦੰਗਿਆਂ ਪਿਛੋਂ ਇਹੋ ਜਿਹੇ ਇਸ਼ਤਿਹਾਰ ਛਪਦੇ: ਯੂਕਰੇਨ ਦੀ ਜਨਤਾ ਯਹੂਦੀਆਂ ਹੱਥੋਂ ਪੀੜਤ ਹੈ। ਧਰਤੀ, ਜੰਗਲ ਅਤੇ ਸਰਕਾਰੀ ਇਮਾਰਤਾਂ ਉਪਰ ਕਿਸ ਦਾ ਕਬਜ਼ਾ ਹੈ? ਯਹੂਦੀਆਂ ਦਾ। ਆਪਣੀ ਜੱਦੀ ਜ਼ਮੀਨ ਦੀ ਮਾਲਕੀ ਲੈਣੀ ਹੋਵੇ ਤਾਂ ਫਰਿਆਦ ਕਿਸ ਕੋਲ ਕਰੀਏ? ਯਹੂਦੀ ਜੱਜ, ਯਹੂਦੀ ਅਫਸਰ ਕੋਲ। ਯਹੂਦੀ ਬੇਇੱਜ਼ਤੀ ਕਰਦਾ ਹੈ, ਧੋਖਾ ਦਿੰਦਾ ਹੈ, ਖੂਨ ਪੀਂਦਾ ਹੈ। ਪਿੰਡਾਂ ਦੀ ਜ਼ਿੰਦਗੀ ਨਰਕ ਹੋ ਗਈ ਹੈ।



**ਦੁਸ਼ਵਾਰੀਆਂ ਸਦਕਾ ਉਹ ਸੰਕਟ ਵਿਚੋਂ ਨਿਕਲਣ ਲਈ ਉੱਜੜ ਕੇ ਦੂਜੇ ਦੇਸ ਚਲੇ ਜਾਂਦੇ ਜਿਥੇ ਨਵੇਂ ਸੰਕਟ ਆਪਣਾ ਫਣ ਉਚਾ ਚੁੱਕੀ ਪਹਿਲੋਂ ਖੜ੍ਹੇ ਹੁੰਦੇ। ਕਈ ਵਾਰੀ ਆਪਣੀ ਸ਼ਨਾਖਤ ਛੁਪਾਉਣ ਵਾਸਤੇ ਨਵੇਂ ਸਮਾਜ, ਨਵੇਂ ਦੇਸ ਵਿਚ ਜਾ ਕੇ ਯਹੂਦੀ ਆਪਣਾ ਖਾਨਦਾਨੀ ਨਾਮ ਬਦਲ ਕੇ ਈਸਾਈ ਪ੍ਰਭਾਵ ਵਾਲਾ ਨਾਮ ਰੱਖ ਲੈਂਦੇ। ਪਤਾ ਲੱਗਣ 'ਤੇ ਦੂਹਰੀ ਨਫਰਤ ਦਾ ਸ਼ਿਕਾਰ ਹੁੰਦੇ। ਯਹੂਦੀ ਨਾਟ-ਨਿਰਦੇਸ਼ਕ ਹਮੇਸ਼ਾ ਸਾਵਧਾਨ ਰਹਿੰਦੇ ਕਿ ਕੋਈ ਅਜਿਹਾ ਨਾਟਕ ਨਾ ਦਿਖਾਇਆ ਜਾਵੇ ਜਿਸ ਵਿਚ ਕਿਸੇ ਤਰ੍ਹਾਂ ਯਹੂਦੀ ਕਲਚਰ ਚੰਗਾ ਪ੍ਰਭਾਵ ਪੈਦਾ ਕਰਦਾ ਹੋਵੇ। ਸ਼ਾਇਦ ਬਹੁ-ਗਿਣਤੀ ਵਿਚ ਘੁਲ ਜਾਈਏ, ਪਿੰਡਾਂ ਵਲੋਂ ਸ਼ਹਿਰਾਂ ਵਿਚ ਵਸਣ ਦਾ ਰੁਖ ਕਰਦੇ, ਤਾਂ ਵੀ ਜਨਮ ਦਰ ਘਟਦੀ ਰਹੀ। ਸਾਲ 1933 ਵਿਚ ਯੂਰਪ ਵਿਚ ਅਜਿਹੀ ਨੌਬਤ ਵੀ ਆਈ ਜਦੋਂ ਬੱਚਿਆਂ ਦੀ ਮਰਨ ਦਰ, ਜਨਮ ਦਰ ਤੋਂ ਵਧ ਗਈ, 45 ਫੀਸਦੀ ਯਹੂਦੀ ਉਹ ਸਨ ਜਿਹੜੇ 45 ਸਾਲ ਦੀ ਉਮਰੋਂ ਵਧ ਸਨ।**

ਸਰਕਾਰੀ ਨੀਤੀ ਕੁਝ ਇਸ ਤਰ੍ਹਾਂ ਹੁੰਦੀ, ਯਹੂਦੀ ਅਤੇ ਗ਼ੈਰ-ਯਹੂਦੀ ਟੱਕਰ ਕਿਵੇਂ ਰੋਕੀ ਜਾਵੇ? ਯਹੂਦੀਆਂ ਨੂੰ ਜੇ ਈਸਾਈਆਂ ਦੀ ਮੁੱਖ ਧਾਰਾ ਵਿਚ ਲਿਆਂਦਾ ਜਾਵੇ, ਤਾਂ ਇਹ ਨੁਕਸਾਨ ਕਰਨ ਤੋਂ ਹਟ ਜਾਣਗੇ। ਯਹੂਦੀਆਂ ਤੋਂ ਗ਼ੈਰ-ਯਹੂਦੀਆਂ ਨੂੰ ਬਚਾ ਕੇ ਰੱਖਣਾ ਨਿਹਾਇਤ ਜ਼ਰੂਰੀ ਹੈ। ਗਵਰਨਰਾਂ ਨੂੰ ਕਿਹਾ ਜਾਂਦਾ, ਸਾਵਧਾਨ ਰਹੋ, ਯਹੂਦੀਆਂ ਵਿਰੁਧ ਬਣਾਏ ਕਾਨੂੰਨ ਠੀਕ ਤਰ੍ਹਾਂ ਲਾਗੂ ਹੋ ਵੀ ਰਹੇ ਹਨ? ਕਾਨੂੰਨ ਵਿਚ ਹੋਰ ਸੋਧ ਕਰ ਕੇ ਹੁਕਮ ਹੋਇਆ ਕਿ ਯਹੂਦੀ ਲੀਜ਼ 'ਤੇ ਜ਼ਮੀਨ ਨਹੀਂ ਲੈ ਸਕਣਗੇ, ਜ਼ਮੀਨ ਖਰੀਦ ਨਹੀਂ ਸਕਣਗੇ, ਉਨ੍ਹਾਂ ਵਾਸਤੇ ਪੇਲ ਏਰੀਆ ਰਹਿਣ ਲਈ ਨਿਸ਼ਚਿਤ ਹੈ। ਇਸ ਤੋਂ ਇਲਾਵਾ ਇਧਰ-ਉਧਰ ਨਹੀਂ ਵੱਸਣਗੇ। ਗਰੀਬ ਜਨਤਾ ਸ਼ਰਾਬ ਪੀਣ ਦੀ ਸ਼ੁਕੀਨ ਸੀ। ਸ਼ਰਾਬ ਦੇ ਠੇਕੇ ਕੇਵਲ ਯਹੂਦੀਆਂ ਨੂੰ ਮਿਲਦੇ ਸਨ, ਇਹ ਧੰਦਾ ਵੀ ਖੋਹ ਲਿਆ। ਤਿੰਨ ਲੱਖ ਪਰਿਵਾਰ, ਯਾਨਿ ਕਰੀਬ ਦਸ ਲੱਖ ਯਹੂਦੀ ਭੁੱਖਮਰੀ ਦੀ ਨੌਬਤ ਤੱਕ ਪੁੱਜ ਗਏ। ਪੁਲਿਸ ਨੂੰ ਵੱਢੀ ਦੇ ਕੇ ਦੋ ਨੰਬਰ ਦੇ ਕੰਮ ਕਰਦੇ। ਸਾਲ 1882 ਵਿਚ ਕਾਨੂੰਨ ਪਾਸ ਹੋਇਆ ਕਿ ਸਰਕਾਰੀ ਨੌਕਰੀਆਂ ਤੋਂ ਇਨ੍ਹਾਂ ਨੂੰ ਪਰੇ ਰੱਖੋ, ਨੇਵੀ ਦੀ ਭਰਤੀ 'ਤੇ ਪਾਬੰਦੀ ਤੋਂ ਸ਼ੁਰੂਆਤ ਹੋਈ।

ਰੂਸ ਵਿਚੋਂ ਉਜੜ ਕੇ ਪੱਛਮੀ ਯੂਰਪ ਜਾਂ ਅਮਰੀਕਾ ਵਿਚ ਜਾਣਾ ਸੋਚਦੇ, ਪਰ ਲੋਕ ਮੁਹਾਵਰੇ ਯਾਦ ਆਉਂਦੇ, ਜ਼ਰੂਰੀ ਨਹੀਂ ਪਰਬਤੋਂ ਪਾਰਲੇ ਮੈਦਾਨ ਵਧੀਕ ਹਰਿਆਲੇ ਹੋਣ। ਜਿਸ ਸ਼ੈਤਾਨ ਨੂੰ ਜਾਣਦੇ ਹਾਂ, ਉਹ ਉਸ ਨਾਲੋਂ ਠੀਕ ਹੈ ਜਿਸ ਨੂੰ ਬਿਲਕੁਲ ਨਹੀਂ ਜਾਣਦੇ। ਆਖਰ ਸਾਹ ਘੁਟਣ ਲੱਗਾ ਤਾਂ ਕਾਫਲੇ ਗਲੀਸ਼ਿਅਨ ਸਰਹੱਦ ਪਾਰ ਕਰ ਕੇ ਉਧਰ ਜਾਣ ਲੱਗੇ। ਬਰੋਦੀ ਨਾਕੇ ਦਾ ਮੁਲਾਜ਼ਮ ਚਾਰਲਸ ਨੇਟਰ ਨੇ ਸਰਕਾਰ ਨੂੰ ਇਤਲਾਹ ਦਿੱਤੀ, ਉਜੜ ਕੇ ਜਾਂਦੇ ਲੋਕਾਂ ਵਿਚ ਅਮੀਰ ਗਰੀਬ ਰਲੇ ਮਿਲੇ ਹਨ। ਅਮੀਰ ਮੈਂ ਉਨ੍ਹਾਂ ਨੂੰ ਕਹਿਨਾਂ ਜਿਨ੍ਹਾਂ ਕੋਲ ਖਰੀਦ ਕੇ ਰੋਟੀ ਖਾਣ ਲਈ ਪੈਸੇ ਹਨ। ਬਹੁਤਿਆਂ ਕੋਲ ਤਨ ਢਕਣ ਲਈ ਲੋੜੀਂਦੇ ਕੱਪੜੇ ਨਹੀਂ। ਵਿਆਹੇ, ਕੁਆਰੇ, ਵਪਾਰੀ, ਵਿਦਿਆਰਥੀ, ਕਾਮੇ; ਸਭ ਤਰ੍ਹਾਂ ਦੇ ਲੋਕ ਹਨ। ਢਿੱਲੇ-ਢਲਕੇ ਚੋਲੇ ਪਹਿਨਦੇ ਹਨ। ਸੁਹਣੇ, ਸਾਫ, ਲੰਮੇ, ਅਕਲਵੰਦ ਲੋਕ ਹਨ। ਔਰਤਾਂ ਤਾਂ ਬਹੁਤੀਆਂ ਹੀ ਸੁਹਣੀਆਂ ਹਨ। ਕੱਲ੍ਹ ਮੈਂ ਇਕ ਔਰਤ ਕਮਾਲ ਦੀ ਫਰਾਂਸੀਸੀ ਬੋਲਦੀ ਦੇਖੀ। ਬਹੁਤੇ ਲੋਕ ਰੂਸੀ ਬੋਲਦੇ ਨੇ। ਜਦੋਂ ਜਰਮਨ ਬੋਲਣ, ਉਦੋਂ ਉਸ ਵਿਚ ਰੂਸੀ ਰੰਗ ਹੁੰਦੇ। ਯਿਦਿਸ਼ ਵੀ ਬੋਲਦੇ ਹਨ। ਜੁਆਨਾਂ ਵਿਚੋਂ ਲਗਭਗ ਅੱਧੇ ਉਹ ਹਨ ਜਿਨ੍ਹਾਂ ਨੂੰ ਕਾਲਜਾਂ ਨੇ ਇਹ ਕਹਿ ਕੇ ਕੱਢ ਦਿੱਤਾ ਕਿ ਸੀਟਾਂ ਘੱਟ ਹਨ। ਕਾਰੀਗਰ ਹਨ, ਜਿਨ੍ਹਾਂ ਨੂੰ ਮਾਲਕਾਂ ਨੇ ਕੱਢ ਦਿੱਤਾ। ਉਨ੍ਹਾਂ ਯਹੂਦੀ ਮਾਲਕਾਂ ਨੇ ਵੀ ਕੰਮ ਤੋਂ ਜਵਾਬ ਦੇ ਦਿੱਤਾ, ਜਿਨ੍ਹਾਂ ਦਾ ਆਪਣਾ ਕਾਰੋਬਾਰ ਚੌਪਟ ਹੋ ਗਿਆ। ਕੁਝ ਕੁਲੀ ਆਏ ਜਿਨ੍ਹਾਂ ਨੂੰ ਓਡੇਸਾ ਦੇ ਯੂਨਾਨੀ ਕੁਲੀਆਂ ਨੇ ਕੁੱਟ-ਮਾਰ ਕੇ ਭਜਾ ਦਿੱਤਾ। ਅਜਿਹੇ ਰਿਫਿਊਜੀ ਯੋਧੇ ਦੇਖੇ ਜਿਨ੍ਹਾਂ ਕੋਲ ਬਹਾਦਰੀ ਦੇ ਸ਼ਾਨਦਾਰ ਤਮਗੇ ਸਨ। ਇਕੀ ਇਕੀ ਸਾਲ ਦੀ ਸਰਵਿਸ ਬਾਅਦ ਕੀਵ ਤੋਂ ਨੌਕਰੀਓਂ ਕੱਢ ਦਿੱਤੇ, ਕਿਉਂਕਿ ਮਾਪਦੰਡ 'ਤੇ ਪੂਰੇ ਨਹੀਂ ਉਤਰੇ, ਯਾਨਿ ਈਸਾਈ ਨਹੀਂ ਬਣੇ।

1881 ਵਿਚ ਬਰੋਦੀ ਵਿਚੋਂ ਕਈ ਹਜ਼ਾਰ ਰਿਫਿਊਜੀ ਯੂਰਪ ਵਲ ਲੰਘੇ। ਯੂਰਪ ਦੇ ਦਾਨੀ ਉਨ੍ਹਾਂ ਨੂੰ ਵਸਾਉਣ ਦੇ ਯਤਨ ਕਰਨ ਲੱਗੇ ਤਾਂ ਰੂਸੀ ਯਹੂਦੀਆਂ ਦੇ ਹੌਸਲੇ ਵਧ ਗਏ। ਅਗਲੇ ਸਾਲ ਉਨ੍ਹਾਂ ਦੀ ਗਿਣਤੀ ਦਸ ਹਜ਼ਾਰ ਹੋ ਗਈ, ਉਸ ਤੋਂ ਅਗਲੇ ਸਾਲ ਬਾਰਾਂ ਹਜ਼ਾਰ। ਦਾਨੀ ਹਮਦਰਦ ਬੇਚੈਨ ਹੋ ਗਏ, ਇੰਨੀ ਭਾਰੀ ਗਿਣਤੀ ਖਪਾਉਣ ਵਾਸਤੇ ਨਾ ਇੰਨੇ ਸਾਧਨ ਨਾ ਇੱਛਾ, ਪਰ ਕਿਵੇਂ ਰੋਕੀਏ? ਕਿਥੇ ਵਸਾਈਏ? ਇਹ ਵੱਡੀ ਮੁਸ਼ਕਲ ਸੀ। ਸਭ ਤੋਂ ਵੱਡਾ ਧਨੀ ਤੇ ਦਾਨੀ ਬਾਰੋਂ ਸੋਚਣ ਲੱਗਾ, ਜੇ ਇਕ ਲੱਖ ਰਿਫਿਊਜੀ ਆ ਜਾਣ ਤਾਂ ਕੀ ਕਰਾਂਗੇ? ਉਸ ਨੂੰ ਕੀ ਪਤਾ ਸੀ, ਗਿਣਤੀ ਕਿਤੇ ਵਧੀਕ ਹੋ ਸਕਦੀ ਹੈ, ਅਮਰੀਕਾ ਵੀ ਜਜ਼ਬ ਨਹੀਂ ਕਰ ਸਕੇਗਾ। ਸੋਚਿਆ ਗਿਆ ਕਿ ਅਮਰੀਕਾ ਵਸਾਉਣ ਵਾਸਤੇ ਦੂਰ ਦੇ ਸਫਰ ਲਈ ਪਰਿਵਾਰ ਦੇ ਕੇਵਲ ਜੁਆਨ, ਤਕੜੇ ਮੈਂਬਰ ਭੇਜੇ ਜਾਣ, ਪਰ ਪਰਿਵਾਰਾਂ ਤੋਂ ਵਿਛੜਣ ਲਈ ਕੋਈ ਤਿਆਰ ਨਹੀਂ ਸੀ। ਅਜਿਹੇ ਅਭਾਗੇ ਵੀ ਸਨ ਜਿਨ੍ਹਾਂ ਦੇ ਪੈਸੇ ਟਿਕਟ ਵੇਚਣ ਦੇ ਨਾਮ 'ਤੇ ਠੱਗਾਂ ਨੇ ਹਥਿਆ ਲਏ ਸਨ। ਇਨ੍ਹਾਂ ਲੋਕਾਂ ਦੇ ਦਿਮਾਗ ਵਿਚ ਯੂਰਪ ਜਾਂ ਅਮਰੀਕਾ ਵਿਚ ਪਰਵਾਸ ਕਰਨਾ ਬੈਠਿਆ ਹੋਇਆ ਸੀ, ਇਜ਼ਰਾਈਲ ਬਾਰੇ ਚਿੱਤ-ਚੇਤਾ ਨਹੀਂ ਸੀ।

(ਚਲਦਾ)

# 'ਕੱਢਦੀ ਰੁਮਾਲ ਉਤੇ ਬੂਟੀਆਂ' ਵਾਲਾ ਗਾਇਕ ਨਜ਼ੀਰ ਮੁਹੰਮਦ

ਸ਼ਮਸ਼ੇਰ ਸਿੰਘ ਸੋਹੀ
ਫੋਨ: 91-98764-74671

ਪੰਜਾਬੀ ਲੋਕ ਗਾਇਕੀ ਵਿਚ ਪ੍ਰਸਿੱਧ ਗਾਇਕਾਂ ਦਾ ਜ਼ਿਕਰ ਕਰੀਏ ਤਾਂ ਨਜ਼ੀਰ ਮੁਹੰਮਦ ਦਾ ਨਾਂ ਜ਼ਰੂਰ ਆਵੇਗਾ। 90ਵਿਆਂ ਦੇ ਦਹਾਕੇ ਵਿਚ ਨਜ਼ੀਰ ਮੁਹੰਮਦ ਨੇ ਬਹੁਤ ਲੋਕਪ੍ਰਿਯ ਗੀਤ ਸਰੋਤਿਆਂ ਦੀ ਝੋਲੀ ਪਾਏ।

ਨਜ਼ੀਰ ਮੁਹੰਮਦ ਦਾ ਜਨਮ ਪਿੰਡ ਕੁੱਪ ਕਲਾਂ ਜ਼ਿਲ੍ਹਾ ਸੰਗਰੂਰ 'ਚ 5 ਨਵੰਬਰ 1957 ਨੂੰ ਪਿਤਾ ਨੇਕ ਮੁਹੰਮਦ ਤੇ ਮਾਤਾ ਭਾਗ ਭਰੀ ਦੇ ਘਰ ਹੋਇਆ। ਉਸ ਨੂੰ ਗਾਇਕੀ ਵਿਰਸੇ ਵਿਚ ਮਿਲੀ, ਕਿਉਂਕਿ ਉਸ ਦੇ ਦਾਦਾ ਸੂਵੀਆ ਜੀ ਵਧੀਆ ਗਵੱਈਏ ਸਨ। ਸੰਗੀਤ ਦੀ ਸਿੱਖਿਆ ਨਜ਼ੀਰ ਨੇ ਆਪਣੇ ਦਾਦਾ ਜੀ ਤੋਂ ਹੀ ਲਈ ਤੇ ਉਨ੍ਹਾਂ ਨੂੰ ਹੀ ਉਸਤਾਦ ਧਾਰਿਆ। ਨਾਮਵਾਰ ਲੋਕ ਗਾਇਕ ਮੁਹੰਮਦ ਸਦੀਕ ਦੇ ਭਤੀਜੇ ਲੱਗਦੇ ਤੇ ਕੁਲਦੀਪ ਮਾਣਕ ਦੇ ਰਿਸ਼ਤੇਦਾਰ ਨਜ਼ੀਰ ਦਾ ਧਿਆਨ ਬਚਪਨ ਤੋਂ ਹੀ ਗਾਉਣ ਵੱਲ ਸੀ। ਕੁਝ ਸਮਾਂ ਨਜ਼ੀਰ ਨੇ ਨਹਿਰ ਮਹਿਕਮੇ ਵਿਚ ਨੌਕਰੀ ਵੀ ਕੀਤੀ ਤੇ ਫਿਰ ਜਦੋਂ 1980 'ਚ ਲੁਧਿਆਣੇ ਆ ਗਿਆ ਤਾਂ ਸਾਰਾ ਧਿਆਨ ਗਾਇਕੀ ਵੱਲ ਲਾ ਦਿੱਤਾ। ਰੇਡੀਓ 'ਤੇ ਵੀ ਨਜ਼ੀਰ ਨੇ ਬਹੁਤ ਰੂਹ ਨਾਲ ਗਾਇਆ।

ਸਰੋਤਿਆਂ ਨੂੰ ਨਜ਼ੀਰ ਮੁਹੰਮਦ ਦੀ ਆਵਾਜ਼ ਪਹਿਲੀ ਵਾਰ ਉਦੋਂ ਸੁਣਨ ਨੂੰ ਮਿਲੀ ਜਦੋਂ 1980 ਵਿਚ ਇਨਰੈਕੋ ਕੰਪਨੀ ਵਿਚ ਨਜ਼ੀਰ ਨੇ ਗਾਇਕਾ ਅਨੀਤਾ ਸਮਾਣਾ ਨਾਲ ਗਾਇਆ। ਨਜ਼ੀਰ ਦਾ ਪਹਿਲਾ ਦੋਗਾਣਾ 'ਸੱਪ ਬਣ ਕੇ ਤੇਰਾ ਪਰਛਾਵਾਂ' ਬਹੁਤ ਹਿੱਟ ਹੋਇਆ। 1981 ਵਿਚ ਆਇਆ ਦੂਜਾ ਈ.ਪੀ. ਰਿਕਾਰਡ 'ਆ ਗਈ ਤੇਰੀ ਜੰਞ ਲੱਡੀਏ' ਨਾਲ ਨਜ਼ੀਰ ਦਾ ਨਾਂ ਹਰੇਕ ਪੰਜਾਬੀ ਦੀ ਜ਼ਬਾਨ 'ਤੇ ਚੜ੍ਹ ਗਿਆ।

ਜਦੋਂ ਨਜ਼ੀਰ ਦੀ ਜੋੜੀ ਗਾਇਕਾ ਸੁਰਿੰਦਰ ਸੋਨੀਆ ਨਾਲ ਬਣੀ ਤਾਂ ਇਸ ਜੋੜੀ ਦੇ ਗੀਤਾਂ ਨੂੰ ਭਰਵਾਂ ਹੁੰਗਾਰਾ ਮਿਲਿਆ। 1983-84 ਵਿਚ ਐਚ.ਐਮ.ਵੀ. ਦੇ ਈ.ਪੀ. ਰਿਕਾਰਡ 'ਦਿਓਰ ਨਾਲ ਮੱਸਿਆ ਗਈ' ਅਤੇ ਐਲ.ਪੀ. ਰਿਕਾਰਡ 'ਬਾਬਾ ਗਾਉਣ ਵਾਲੀ ਨੂੰ ਕਰਦਾ ਇਸ਼ਾਰੇ' ਬਹੁਤ ਹੀ ਪ੍ਰਸਿੱਧ ਹੋਏ। ਕੇ.ਆਰ.ਸੀ. ਵਿਚ ਵੀ ਇਕ ਐਲ.ਪੀ. ਰਿਕਾਰਡ ਵਿਚ ਨਜ਼ੀਰ ਨੇ ਸੋਨੀਆ ਨਾਲ ਦੋ ਗੀਤ ਗਾਏ। 1985 ਵਿਚ ਅਨੀਤਾ ਸਮਾਣਾ ਨਾਲ ਸੋਨੋਟੋਨ ਕੰਪਨੀ ਦਾ ਐਲ.ਪੀ. ਰਿਕਾਰਡ 'ਪਿਆਰ ਵਾਲੀ ਗਲਵੱਕੜੀ' ਵੀ ਬਹੁਤ ਹਿੱਟ ਹੋਇਆ। ਪੰਜਾਬ ਵਿਚ ਅਤਿਵਾਦ ਦੇ ਕਾਲੇ ਦਿਨਾਂ ਦੌਰਾਨ ਨਜ਼ੀਰ ਨੇ ਗਾਇਕੀ ਤੋਂ ਪਾਸਾ ਮੋੜ ਲਿਆ। ਸੰਨ 2000 ਵਿਚ ਬਲਵਿੰਦਰ ਬਾਵਾ ਦੇ ਸੰਗ ਨਾਲ ਨਵੇਂ ਗੀਤਾਂ ਨਾਲ ਫਿਰ ਹਾਜ਼ਰੀ ਭਰੀ।


ਨਜ਼ੀਰ ਮੁਹੰਮਦ


ਨਜ਼ੀਰ ਨੇ ਜਿਆਦਾ ਗੀਤ ਗੁਰਮੁੱਖ ਸਿੰਘ ਗਿੱਲ ਜੱਬੋਮਾਜਰਾ ਵਾਲੇ ਦੇ ਲਿਖੇ ਗਾਏ ਹਨ। ਸਫੀ ਜਲਵੇੜਾ ਵਾਲਾ, ਪਾਲ ਕਲਾਰਾਂ ਵਾਲਾ, ਪੰਮਾ ਸਿੱਧੂਪੁਰੀਆ, ਤੇਜਾ ਭੁੱਟੇ ਵਾਲਾ, ਹਰਬੰਸ ਮੱਲੀਆਂ ਮਾਂਗਟ, ਦਰਸ਼ਨ ਸਿੰਘ ਬੇਦੀ, ਸੁਰਜੀਤ ਸਿੰਘ ਢਿੱਲੋਂ ਅਤੇ ਪ੍ਰੇਮੀ ਰੇਸ਼ਮ ਦੇ ਲਿਖੇ ਗੀਤ ਵੀ ਨਜ਼ੀਰ ਨੇ ਗਾਏ। ਪੰਜਾਬ ਦੀਆਂ ਪ੍ਰਸਿੱਧ ਗਾਇਕਾਵਾਂ ਗੁਲਸ਼ਨ ਕੋਮਲ, ਸੁਰਿੰਦਰ ਸੋਨੀਆ, ਅਨੀਤਾ ਸਮਾਣਾ, ਸੁਖਵੰਤ ਸੁੱਖੀ ਤੇ ਨਵਦੀਪ ਕੌਰ ਨਾਲ ਉਸ ਨੇ ਦੋਗਾਣੇ ਗਾਏ। ਕੁਝ ਸਮਾਂ ਪਹਿਲਾਂ ਰਿਲੀਜ਼ ਹੋਏ ਦੋਗਾਣੇ ਵਿਚ ਵੀ ਨਜ਼ੀਰ ਨੇ ਗਾਇਕਾ ਖੁਸ਼ੀ ਬਰਨਾਲਾ ਨਾਲ 'ਹਾਂ ਜੀ ਹਾਂ ਜੀ ਆਖਦੇ' ਗੀਤ ਨਾਲ ਹਾਜ਼ਰੀ ਭਰੀ ਹੈ। ਨਜ਼ੀਰ ਦੇ ਦੋਗਾਣੇ 'ਬਾਬਾ ਗਾਉਣ ਵਾਲੀ ਨੂੰ ਇਸ਼ਾਰੇ ਕਰਦਾ', 'ਕੱਢਦੀ ਰੁਮਾਲ ਉਤੇ ਬੂਟੀਆਂ', 'ਪੱਟ ਚੁਟਕੀ ਵਜਾਉਂਦਾ ਲੰਘ ਨੀ ਗਿਆ', 'ਦੁਨੀਆਂ ਦੀ ਨਜ਼ਰ ਬੁਰੀ', 'ਦਿਓਰ ਨਾਲ ਮੱਸਿਆ ਗਈ', 'ਮੈਂ ਨਾ ਤੇਰਾ ਹੱਕ ਰੱਖਦੀ, ਦਿਓਰਾ ਸਿੱਖ ਲੈ ਜੁਆਕ ਖਿਡਾਉਣੇ', 'ਵੇ ਗਰਮੀ ਨੇ ਜਿੰਦ ਕੱਢ ਲਈ, ਤੇਰਾ ਲਾਡਲਾ ਦਿਓਰ ਪੱਖੀ ਝੱਲੇ', 'ਜਦੋਂ ਤੈਨੂੰ ਮਤਲਬ ਸੀ ਕਰਦਾ ਸੈਂ ਭਾਬੀ ਭਾਬੀ', 'ਤੜਕੇ ਦੇ ਤੁਰੇ ਹੋਇਆ ਸਿਖਰ ਦੁਪਹਿਰਾ, ਪਿੰਡ ਤੇਰਾ ਵੇ ਨਜ਼ਰ ਨਾ ਆਵੇ', 'ਪਾ ਲੈ ਤੂੰ ਪਿਆਰ ਵਾਲੀ ਗਲਵੱਕੜੀ', 'ਸਈਓ ਨੀ ਮੈਨੂੰ ਲੈਣ ਆ ਗਿਆ, ਲੈਣ ਆ ਗਿਆ ਸੰਧੂਰੀ ਪੱਗ ਵਾਲਾ' ਬਹੁਤ ਮਕਬੂਲ ਹੋਏ। ਮਿਲਾਪੜੇ ਸੁਭਾਅ ਵਾਲਾ ਨਜ਼ੀਰ ਮੁਹੰਮਦ ਅੱਜ ਕੱਲ੍ਹ ਲੁਧਿਆਣੇ ਰਹਿੰਦਾ ਹੈ ਤੇ ਗਾਇਕੀ 'ਚ ਹਾਲੇ ਵੀ ਸਰਗਰਮ ਹੈ।


ਮਹੀਰਾ ਖਾਨ

# ਫਿਕਰ ਮੁਹੱਬਤਾਂ

ਗੁਰਬਖਸ਼ ਸੋਢੀ

ਫਿਰਕੂ ਆਧਾਰ ਉਤੇ ਆਪਣੀ ਸਿਆਸਤ ਚਲਾਉਣ ਵਾਲੀ ਸ਼ਿਵ ਸੈਨਾ ਇਕ ਵਾਰ ਫਿਰ ਨਫਰਤ ਨਾਲ ਭਰੀ ਸਿਆਸਤ ਲੈ ਕੇ ਆਪਣੀ ਖੁੱਡ ਵਿਚੋਂ ਬਾਹਰ ਆ ਗਈ ਹੈ। ਇਸ ਨੇ ਐਲਾਨ ਕਰ ਦਿੱਤਾ ਹੈ ਕਿ ਦੋ ਪਾਕਿਸਤਾਨੀ ਫਿਲਮ ਕਲਾਕਾਰਾਂ- ਫਵਾਦ ਖਾਨ ਅਤੇ ਮਹੀਰਾ ਖਾਨ ਦੀਆਂ ਫਿਲਮਾਂ ਮਹਾਂਰਾਸ਼ਟਰ ਵਿਚ ਚੱਲਣ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਇਨ੍ਹਾਂ ਅਦਾਕਾਰਾਂ ਨੂੰ ਸੂਬੇ ਵਿਚ ਫਿਲਮਾਂ ਦਾ ਪ੍ਰਚਾਰ ਕਰਨ ਦੇਣਗੇ। ਫਵਾਦ ਖਾਨ ਦੀਆਂ ਦੋ ਫਿਲਮਾਂ- 'ਕਪੂਰ ਐਂਡ ਸੰਨਜ਼' ਅਤੇ 'ਐ ਦਿਲ ਹੈ ਮੁਸ਼ਕਿਲ' ਆਉਣ ਵਾਲੇ ਸਮੇਂ ਵਿਚ ਰਿਲੀਜ਼ ਹੋਣ ਵਾਲੀਆਂ ਹਨ। ਉਸ ਦੀ ਹਿੰਦੀ 'ਖੂਬਸੂਰਤ' ਪਹਿਲਾਂ ਰਿਲੀਜ਼ ਹੋ ਚੁੱਕੀ ਹੈ ਜਿਸ ਵਿਚ ਉਸ ਨੇ ਸੋਨਮ ਕਪੂਰ ਨਾਲ ਕੰਮ ਕੀਤਾ ਸੀ। ਇਸੇ ਤਰ੍ਹਾਂ ਮਹੀਰਾ ਖਾਨ ਦੀ ਫਿਲਮ 'ਰਈਸ' ਰਿਲੀਜ਼ ਹੋਣੀ ਹੈ। ਇਸ ਫਿਲਮ ਵਿਚ ਮਹੀਰਾ, ਸ਼ਾਹਰੁਖ ਖਾਨ ਨਾਲ ਕੰਮ ਕਰ ਰਹੀ ਹੈ। ਇਨ੍ਹਾਂ ਤੋਂ ਇਲਾਵਾ ਫਿਲਮ ਵਿਚ ਨਵਾਜ਼ੂਦੀਨ ਸਿੱਦੀਕੀ, ਜ਼ੀਨਤ ਅਮਾਨ ਵਰਗੇ ਕਲਾਕਾਰ ਵੀ ਹਨ। ਰਾਹੁਲ ਢੋਲਕੀਆ ਵੱਲੋਂ ਡਾਇਰੈਕਟ ਕੀਤੀ ਇਹ ਫਿਲਮ ਅਗਲੇ ਸਾਲ ਜੁਲਾਈ ਵਿਚ ਰਿਲੀਜ਼ ਹੋਣੀ ਹੈ। ਇਹ ਮਹੀਰਾ ਖਾਨ ਦੀ ਪਹਿਲੀ ਹਿੰਦੀ ਫਿਲਮ ਹੈ। ਯਾਦ ਰਹੇ ਕਿ ਸ਼ਿਵ ਸੈਨਾ ਅੱਜ ਕੱਲ੍ਹ ਮਹਾਂਰਾਸ਼ਟਰ ਵਿਚ ਭਾਰਤੀ ਜਨਤਾ ਪਾਰਟੀ ਦੀ ਸੱਤਾ-ਭਾਈਵਾਲ ਹੈ, ਪਰ ਮਹਾਂਰਾਸ਼ਟਰ, ਖਾਸਕਰ ਮੁੰਬਈ ਵਿਚ ਆਪਣੀ ਪਹਿਲਾਂ ਵਾਲੀ ਭਾਰੂ ਹਸਤੀ ਹਾਸਲ ਕਰਨ ਲਈ ਇਹ ਭਾਰਤੀ ਜਨਤਾ ਪਾਰਟੀ ਨਾਲ ਲਗਾਤਾਰ ਪੇਚੇ ਪਾ ਰਹੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਸ਼ਿਵ ਸੈਨਾ ਨੂੰ ਪਛਾੜ ਕੇ ਸੂਬੇ ਵਿਚ ਸਭ ਤੋਂ ਵੱਧ ਸੀਟਾਂ ਉਤੇ ਜਿੱਤ ਹਾਸਲ ਕਰ ਲਈ ਸੀ। ਹੁਣ ਇਹ ਪਾਰਟੀ ਭਾਰਤੀ ਜਨਤਾ ਪਾਰਟੀ ਤੋਂ ਅਗਾਂਹ ਲੰਘਣ ਲਈ ਆਪਣੀ ਪੁਰਾਣੀ, ਨਫਰਤ ਅਤੇ ਭੰਨ-ਤੋੜ ਦੀ ਰਣਨੀਤੀ ਉਤੇ ਉਤਰ ਆਈ ਹੈ। ਪਿਛਲੇ ਦਿਨੀਂ ਇਸ ਪਾਰਟੀ ਦੇ ਬੁਰਛਾਗਰਦਾਂ ਨੇ ਪਾਕਿਸਤਾਨੀ ਗਜ਼ਲ ਗਾਇਕ ਗੁਲਾਮ ਅਲੀ ਦਾ ਸ਼ੋਅ ਰੱਦ ਕਰਵਾ ਦਿੱਤਾ ਸੀ। ਉਸ ਨੇ ਆਪਣੇ ਗੂੜ੍ਹੇ ਮਿੱਤਰ ਜਗਜੀਤ ਸਿੰਘ ਦੀ ਬਰਸੀ ਮੌਕੇ ਕਰਵਾਏ ਜਾ ਰਹੇ ਸਮਾਗਮ ਵਿਚ ਆਪਣਾ ਪ੍ਰੋਗਰਾਮ ਪੇਸ਼ ਕਰਨਾ ਸੀ। ਇਸੇ ਤਰ੍ਹਾਂ ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਮਹਿਮੂਦ ਕਸੂਰੀ ਦੀ ਕਿਤਾਬ ਵਾਲੇ ਸਮਾਗਮ ਤੋਂ ਐਨ ਪਹਿਲਾਂ, ਸਮਾਗਮ ਦੇ ਪ੍ਰਬੰਧਕ ਤੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਸੁਧੀਂਧਰ ਕੁਲਕਰਨੀ ਉਤੇ ਕਾਲਾ ਰੰਗ ਸੁੱਟ ਦਿੱਤਾ ਗਿਆ। ਹਿੰਦੀ ਫਿਲਮਾਂ ਦੀਆਂ ਕਈ ਹਸਤੀਆਂ ਨੇ ਸ਼ਿਵ ਸੈਨਾ ਦੀ ਨਵੀਂ ਧਮਕੀ ਦੀ ਆਲੋਚਨਾ ਕੀਤੀ ਹੈ। ਮਹੇਸ਼ ਭੱਟ ਅਤੇ ਸ਼ਬਾਨਾ ਆਜ਼ਮੀ ਨੇ ਤਾਂ ਸ਼ਿਵ ਸੈਨਾ ਦੀ ਇਸ ਨੀਤੀ ਖਿਲਾਫ ਡਟ ਕੇ ਪੈਂਤੜਾ ਮੱਲਿਆ ਹੈ। ਉਨ੍ਹਾਂ ਕਿਹਾ ਹੈ ਕਿ ਜਿਸ ਤਰ੍ਹਾਂ ਪਾਕਿਸਤਾਨੀ ਗਾਇਕ ਅਦਨਾਨ ਸਾਮੀ ਨੂੰ ਭਾਰਤ ਸਰਕਾਰ ਨੇ ਮੁਲਕ ਦੀ ਨਾਗਰਿਕਤਾ ਦੇ ਕੇ ਮਾਣ ਬਖਸ਼ਿਆ ਹੈ, ਹੋਰ ਪਾਕਿਸਤਾਨੀ ਕਲਾਕਾਰਾਂ ਨੂੰ ਵੀ ਅਜਿਹਾ ਮਾਣ-ਸਨਮਾਨ ਸਾਨੂੰ ਦੇਣਾ ਚਾਹੀਦਾ ਹੈ ਕਿਉਂਕਿ ਕਲਾ ਨੂੰ ਸਰਹੱਦਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ ਹੈ। ਉਂਜ ਵੀ ਇਸ ਸੰਸਾਰ ਨੂੰ ਨਫਰਤ ਨਹੀਂ, ਮੁਹੱਬਤਾਂ ਦੀ ਲੋੜ ਹੈ।


ਫਵਾਦ ਖਾਨ


ਅਦਨਾਨ ਸਾਮੀ

# ਪ੍ਰਕਾਸ਼ ਝਾਅ ਦਾ ਸਿਨੇਮਾ ਤੇ ਬਿਹਾਰ

**ਆਵਾਜ਼ ਦੇ ਕਹਾਂ ਹੈ... -24-**



ਕੁਲਦੀਪ ਕੌਰ
ਫੋਨ: +91-98554-04330

ਫਿਲਮਸਾਜ਼ ਪ੍ਰਕਾਸ਼ ਝਾਅ ਫਿਲਮ 'ਹਿੱਪ ਹਿੱਪ ਹੁੱਰੇ' ਨਾਲ ਚਰਚਾ ਵਿਚ ਆਏ । ਇਹ ਫਿਲਮ ਗੁਲਜ਼ਾਰ ਨੇ ਲਿਖੀ ਸੀ ਤੇ ਮੁੱਖ ਭੂਮਿਕਾਵਾਂ ਦੀਪਤੀ ਨਵਲ ਅਤੇ ਰਾਜ ਕਿਰਨ ਦੀਆਂ ਸਨ। ਫਿਲਮ ਵਿਦਿਆਰਥੀ ਸਿਆਸਤ ਨਾਲ ਸਬੰਧਿਤ ਸੀ। 'ਜ਼ਿੰਦਗੀ ਵੀ ਖੇਡ ਦਾ ਮੈਦਾਨ ਹੈ ਜਿਸ ਵਿਚ ਜਿੱਤਦਾ ਉਹੀ ਹੈ ਜੋ ਖੇਡ ਭਾਵਨਾ ਨਾਲ ਖੇਡਦਾ ਹੈ' ਦਾ ਸੁਨੇਹਾ ਦਿੰਦੀ ਇਹ ਫਿਲਮ ਆਪਣੇ ਗੁੰਦੇ ਹੋਏ ਕਥਾਨਿਕ ਅਤੇ ਗੀਤਾਂ ਦੇ ਬੋਲਾਂ ਕਾਰਨ ਸੁਰਖੀਆਂ ਬਣੀ ਸੀ।

ਇਸ ਤੋਂ ਬਾਅਦ ਪ੍ਰਕਾਸ਼ ਨੇ ਬਣਾਈ 'ਦਾਮੁਲ'। 1985 ਵਿਚ ਰਿਲੀਜ਼ ਹੋਈ ਇਹ ਫਿਲਮ ਬੰਧੂਆ ਮਜ਼ਦੂਰੀ ਦੇ ਜਾਤ ਅਤੇ ਜ਼ਮੀਨ ਨਾਲ ਸਬੰਧਾਂ ਬਾਰੇ ਹੈ। ਫਿਲਮ ਬਿਹਾਰ ਦੇ ਕਹਾਣੀਕਾਰ ਸਾਹੀਵਾਲ ਦੀ ਕਹਾਣੀ 'ਕਾਲਸੂਤਰਾ' ਉਤੇ ਆਧਾਰਿਤ ਸੀ। ਇਸ ਵਿਚ ਅਦਾਕਾਰੀ ਅਨੂ ਕਪੂਰ, ਸ਼ੀਲਾ ਮਜੂਮਦਾਰ, ਮਨੋਹਰ ਸਿੰਘ ਅਤੇ ਦੀਪਤੀ ਨਵਲ ਦੀ ਸੀ। ਫਿਲਮ ਦਾ ਮੁੱਖ ਕਿਰਦਾਰ ਆਪਣੇ ਮਾਲਿਕ ਦੀ ਮਰਜ਼ੀ ਦਾ ਗੁਲਾਮ ਹੈ ਜਿਸ ਨੂੰ ਮਾਲਿਕ ਜੁਰਮਾਂ ਦੀ ਦੁਨੀਆਂ ਵਿਚ ਧੱਕ ਦਿੰਦਾ ਹੈ। ਫਿਲਮ ਵਿਚ ਪਹਿਲੀ ਵਾਰ ਉਨ੍ਹਾਂ ਤਰਾਸਦਿਕ ਹਾਲਾਤ ਦੀ ਪੇਸ਼ਕਾਰੀ ਹੋਈ ਜਿਸ ਕਾਰਨ ਬਿਹਾਰੀ ਮਜ਼ਦੂਰਾਂ ਨੂੰ ਬੇਵੱਸ ਹੋ ਕੇ ਅਤੇ ਆਪਣੇ ਘਰ-ਬਾਰ ਛੱਡ ਕੇ ਪੰਜਾਬ ਵਰਗੇ ਸੂਬਿਆਂ ਦਾ ਰੁਖ ਕਰਨਾ ਪੈਂਦਾ ਹੈ। ਫਿਲਮ ਇੱਕ ਪਾਸੇ ਪਿਛੜੇਪਣ ਦੀ ਸਿਆਸਤ 'ਤੇ ਨਜ਼ਰਸ਼ਾਨੀ ਕਰਦੀ ਹੈ, ਉਥੇ ਇਸ ਦੇ ਸਭ ਤੋਂ ਮਾੜੇ ਸ਼ਿਕਾਰਾਂ ਦੇ ਧਰਮ ਤੇ ਜਾਤ ਦੇ ਨਾਮ ਉਤੇ ਹੁੰਦੇ ਸ਼ੋਸ਼ਣ ਨੂੰ ਵੀ ਸੰਬੋਧਤ ਹੈ।

'ਦਾਮੁਲ' ਲਈ ਕੌਮੀ ਪੁਰਸਕਾਰ ਜਿੱਤਣ ਤੋਂ ਬਾਅਦ ਪ੍ਰਕਾਸ਼ ਝਾਅ ਦੀ ਅਗਲੀ ਫਿਲਮ 'ਪਰਿਨੀਤੀ' ਰਾਜਸਥਾਨ ਦੀ ਲੋਕ-ਗਾਥਾ 'ਤੇ ਆਧਾਰਿਤ ਸੀ। ਦਿਲਚਸਪ ਤੱਥ ਇਹ ਹੈ ਕਿ ਇਸ ਫਿਲਮ ਵਿਚ ਪ੍ਰਕਾਸ਼ ਝਾਅ ਜ਼ਿੰਦਗੀ ਦੀ ਵੱਖਰੀ ਹੀ ਧਾਰਨਾ ਦਰਸ਼ਕਾਂ ਅੱਗੇ ਰੱਖਦਾ ਹੈ। ਪਰਿਨੀਤੀ ਦਾ ਅਰਥ ਹੈ ਜੋ ਵਾਪਰਨਾ ਤੈਅ ਹੈ ਅਤੇ ਕਿਸੇ ਵੀ ਕੀਮਤ 'ਤੇ ਬਦਲਿਆ ਨਹੀਂ ਜਾ ਸਕਦਾ। ਫਿਲਮ ਦੀ ਪਟਕਥਾ ਅਨੁਸਾਰ ਗਣੇਸ਼ ਅਤੇ ਉਸ ਦੀ ਪਤਨੀ ਕੁੰਜਣ ਜੋ ਘੁਮਿਆਰ ਹਨ, ਆਪਣੇ ਇਕਲੌਤੇ ਮੁੰਡੇ ਨਾਲ ਸੁਖੀ ਵਸਦੇ ਹਨ। ਹੋਣੀ ਉਨ੍ਹਾਂ ਅੱਗੇ ਜਾਲ ਵਿਛਾਉਂਦੀ ਹੈ। ਗਣੇਸ਼ ਅਤੇ ਉਸ ਦੇ ਪਰਿਵਾਰ ਨੂੰ ਇੱਕ ਧਨੀ ਸੇਠ ਜੰਗਲ ਵਿਚ ਖਾਲੀ ਪਈ ਆਪਣੀ ਧਰਮਸ਼ਾਲਾ ਸੰਭਾਲਣ ਦਾ ਕੰਮ ਦੇ ਦਿੰਦਾ ਹੈ ਜਿਥੇ ਉਸ ਦੀ ਮੁਲਾਕਾਤ ਇੱਕ ਅਮੀਰ ਪਤੀ-ਪਤਨੀ ਨਾਲ ਹੁੰਦੀ ਹੈ। ਉਹ ਵਰਗਲਾ ਕੇ ਉਨ੍ਹਾਂ ਦੇ ਮੁੰਡੇ ਨੂੰ ਆਪਣੇ ਨਾਲ ਕਿਸੇ ਦੂਰ ਸ਼ਹਿਰ ਲੈ ਜਾਂਦੇ ਹਨ। ਮੁੰਡੇ ਦੇ ਵਿਯੋਗ ਵਿਚ ਤੜਫਦੇ ਪਤੀ-ਪਤਨੀ ਨੂੰ ਜਾਪਦਾ ਹੈ ਕਿ ਜੇ ਉਹ ਅਮੀਰ ਹੁੰਦੇ ਤਾਂ ਉਨ੍ਹਾਂ ਦਾ ਮੁੰਡਾ ਉਨ੍ਹਾਂ ਤੋਂ ਕਦੇ ਅੱਡ ਨਹੀਂ ਸੀ ਹੋਣਾ। ਉਨ੍ਹਾਂ ਉਤੇ ਅਮੀਰ ਹੋਣ ਦੀ ਅਜਿਹੀ ਵਹਿਸ਼ਤ ਸਵਾਰ ਹੁੰਦੀ ਹੈ ਕਿ ਉਹ ਧਰਮਸ਼ਾਲਾ ਵਿਚ ਰਾਤ ਕੱਟਣ ਆਏ ਯਾਤਰੀਆਂ ਨੂੰ ਮਾਰਨਾ ਸ਼ੁਰੂ ਕਰ ਦਿੰਦੇ ਹਨ ਤਾਂ ਕਿ ਉਨ੍ਹਾਂ ਦਾ ਮਾਲ ਹੜੱਪ ਸਕਣ। ਇਉਂ ਪ੍ਰਕਾਸ਼ ਝਾਅ ਲਾਲਚ ਰੂਪੀ ਅਜਿਹੀ ਤਰਾਸਦੀ ਨੂੰ ਪਰਦੇ ਤੇ ਸਾਕਾਰ ਕਰਦਾ ਹੈ ਜੋ ਇਨਸਾਨ ਦੇ ਤਰਕ ਅਤੇ ਵਿਵੇਕ ਨੂੰ ਨਿਗਲ ਜਾਂਦੀ ਹੈ।

ਆਪਣੇ ਲੰਮੇ ਨਿਰਦੇਸ਼ਨ ਕੈਰੀਅਰ ਦੌਰਾਨ ਫੀਚਰ ਫਿਲਮਾਂ ਤੋਂ ਇਲਾਵਾ ਪ੍ਰਕਾਸ਼ ਝਾਅ ਨੇ ਕਈ ਦਸਤਾਵੇਜ਼ੀ ਫਿਲਮਾਂ ਵੀ ਬਣਾਈਆਂ। ਉਨ੍ਹਾਂ ਦੀ ਨਿਰਦੇਸ਼ਿਤ ਕੀਤੀ ਦਸਤਾਵੇਜ਼ੀ ਫਿਲਮ 'ਲੋਕ ਨਾਇਕ' ਜੋ ਸਮਾਜਵਾਦੀ ਨੇਤਾ ਜੈ ਪ੍ਰਕਾਸ਼ ਨਰਾਇਣ ਦੀ ਸਿਆਸਤ 'ਤੇ ਆਧਾਰਿਤ ਸੀ, ਬਿਹਾਰ ਦੀ ਰਾਜਨੀਤੀ ਦਾ ਮਹਤੱਵਪੂਰਨ ਦਸਤਾਵੇਜ਼ ਹੈ। 2010 ਵਿਚ ਉਨ੍ਹਾਂ ਦੀ ਫਿਲਮ 'ਰਾਜਨੀਤੀ' ਨੇ ਬਾਕਸ ਆਫਿਸ 'ਤੇ ਚੰਗੀ ਕਮਾਈ ਕੀਤੀ। ਇਸ ਦੀ ਪਟਕਥਾ ਮਹਾਭਾਰਤ ਵਰਗੇ ਇਤਿਹਾਸਕ ਮਹਾਂ-ਕਾਵਿ 'ਤੇ ਆਧਾਰਿਤ ਹੋਣ ਕਾਰਨ ਇਹ ਗੁੰਝਲਦਾਰ ਤਾਂ ਸੀ ਹੀ, ਨਾਲ ਹੀ ਮੌਜੂਦਾ ਸਿਆਸਤ ਦੇ ਮੁਹਾਂਦਰੇ ਨੂੰ ਵੀ ਉਭਾਰਦੀ ਹੈ। ਸਿਆਸੀ ਪੈਂਤੜੇਬਾਜ਼ੀ, ਸਿਆਸੀ ਪਰਿਵਾਰਾਂ ਦੇ ਰਿਸ਼ਤਿਆਂ ਵਿਚਲੀ ਸਿਆਸਤ ਅਤੇ ਉਸ ਵਿਚੋਂ ਨਿਕਲਦੀ ਹਿੰਸਾ ਨੂੰ ਉਹ ਆਪਣੇ ਕੈਮਰੇ ਰਾਹੀਂ ਕੈਦ ਕਰਦਾ ਹੈ। ਮਹਾਂਭਾਰਤ ਹਰ ਯੁੱਗ ਵਿਚ ਜਾਰੀ ਹੈ- ਨਾ ਇਸ ਦਾ ਕੋਈ ਆਦਿ ਹੈ, ਨਾ ਅੰਤ। 'ਸੱਤਿਆਗ੍ਰਹਿ' ਦੀ ਕਹਾਣੀ ਅਤੇ ਇਸ ਨਾਲ ਜੁੜੇ ਵਿਵਾਦ ਵੀ ਘੱਟ ਦਿਲਚਸਪ ਨਹੀਂ। ਫਿਲਮ ਉਸ ਸਮੇਂ ਆਈ ਜਦੋਂ ਅੰਨਾ ਹਜ਼ਾਰੇ ਲੋਕਪਾਲ ਬਿੱਲ ਪਾਸ ਕਰਾਉਣ ਲਈ 'ਸੱਤਿਆਗ੍ਰਹਿ' ਕਰ ਰਹੇ ਸਨ। ਮੁਲਕ ਵਿਚ ਭ੍ਰਿਸ਼ਟਾਚਾਰੀਆਂ ਵਿਰੁੱਧ ਤਿੱਖਾ ਰੋਸ ਸਿਰ ਚੁੱਕ ਰਿਹਾ ਸੀ। ਫਿਲਮ ਵਿਚ ਵਿਚਾਰ ਦੇ ਪੱਧਰ 'ਤੇ ਕੁਝ ਵੀ ਇੱਦਾਂ ਦਾ ਨਹੀਂ ਸੀ ਜੋ ਸਮੇਂ ਦੀ ਨਬਜ਼ ਪਕੜ ਸਕਦਾ।



*ਫਿਲਮ 'ਗੰਗਾਜਲ' ਨੂੰ ਆਲੋਚਕਾਂ ਨੇ 'ਅਰਧ ਸੱਤਿਆ' ਦੀ ਨਵੀਂ ਵਿਆਖਿਆ ਅਤੇ ਪਟਕਥਾ ਦਾ ਅਗਲਾ ਸਫਾ ਕਿਹਾ। ਫਿਲਮ ਵਿਚ ਭਾਵੇਂ ਪ੍ਰਕਾਸ਼ ਝਾਅ ਬਿਹਾਰ ਵਿਚ ਪੁਲਿਸ, ਗੁੰਡਿਆਂ ਤੇ ਸਿਆਸੀ ਲਾਣੇ ਦੇ ਗਠਜੋੜ ਨੂੰ ਦਿਖਾਉਣ ਵਿਚ ਸਫਲ ਰਿਹਾ, ਪਰ ਉਸ ਦੁਆਰਾ ਇਸੇ ਗਠਜੋੜ ਤੋਂ ਸਮੱਸਿਆ ਦੇ ਹੱਲ ਦੀ ਉਮੀਦ ਰੱਖਣੀ ਦਰਸ਼ਕਾਂ ਦੇ ਗਲੇ ਨਹੀਂ ਉੱਤਰੀ। ਜਾਪਿਆ ਜਿਵੇਂ 'ਦਾਮੁਲ' ਦਾ ਨਿਰਦੇਸ਼ਕ ਵੀ ਫਿਲਮ ਵਿਚਲੇ ਮੁਜਰਮਾਂ ਵਾਂਗ 'ਗੰਗਾਜਲ' ਨਾਲ ਅੰਨ੍ਹਾ ਹੋ ਗਿਆ ਹੋਵੇ।*

# Imperial Truck Driving School

3506 Nielsen Ave., Fresno, CA 93706

## ਖੁਸ਼ਖਬਰੀ ! ਖੁਸ਼ਖਬਰੀ ! !

ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ




ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ

ਰਹਿਣ ਵਾਸਤੇ ਖਾਸ ਪ੍ਰਬੰਧ

**Deep Sidhu 559-217-5986**
**Mahinder Singh 559-515-9022**
mailto:Deep@jfsinc.us

# H K TRANSPORT INC

*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ

**Call Toll Free:**
**1-800-RAJ-SYAN**
*(with 17 years Experienced)*

**Call:734-261-0936**
**734-890-1767**
e-mail: raj@syanvideo.com
visit at: www.syanvideo.com

# Dhillon Truck Stop
# Dhillon Road Service

Interstate 40, exit 356, San Jon, NM

*ਗਿੱਲ ਮੰਜ ਗੁਰਦਾਸਪੁਰ ਵਾਲੇ*




ਡੀਜ਼ਲ ਅਤੇ ਰੋਡ ਸਰਵਿਸ

**New & Used Tires**
**Oil Change**

**ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ**

Ph:575-576-4111, 575-815-8536


BIGGEST SALE EVER ON PUNJABI TV
10 PUNJABI CHANNELS
Punjabi Mega Pack
Garbani from Sri Harmandir Sahib Amritsar
WORLD's NO.1 PUNJABI TELEVISION NETWORK
JALWE JAGGI DE
Ajj da Mudda
HELLO GLOBAL PUNJAB
Feedback@GlobalPunjabTV.com
GET DISH FOR THE BEST PUNJABI TV ENTERTAINMENT
Punjabi Mega Pack
$14 99/mo
FOR 12 MONTHS
$24 99/MO
REGULAR PRICE
PTC PUNJABI
GLOBAL PUNJAB
jus punjabi
and more
Requires credit qualification and subscription to qualifying American programming. Early Termination Fee applies. Cannot be combined with other International offers.
dish
ORDER NOW
1-888-622-8456
Use Offer Code: SAVEBIG
International programming requires additional $10/mo International Basic package or any America's Top package.
Important Terms and Conditions: $10/mo. Credit for 12 Months. Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months. Promotional Offers: All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during the first 24 months, early termination fee of $20 for each month remaining applies. Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers. Activation Fee may apply. Offers subject to terms of applicable Promotional and Residential Customer agreements. Taxes or reimbursement charges for state gross earnings taxes may apply. State reimbursement charges may apply. Additional restrictions and taxes may apply. Offers end 1/31/16.
© 2015 DISH Network L.L.C. All rights reserved.